Space for Available for Advertising

WWW.PREETNEWS.COM
WWW.PREETNAMA.COM

preetnamausa@gmail.com

ਨਿਊਯਾਰਕ
# ਪ੍ਰੀਤਨਾਮਾ

ਮੁੱਖ ਸੰਪਾਦਕ : ਪ੍ਰਿਤਪਾਲ ਕੌਰ ਪ੍ਰੀਤ ਖਰਾ ਸੱਚ

Online and Print Media +1 201-312-4180 +1 917-328-8436


ਇਸ ਦੁਨੀਆ ਵਿਚ ਜੇਕਰ ਕਿਸੇ ਦਾ ਵਿਸ਼ਵਾਸ ਕਰਨਾ ਹੈ ਤਾਂ ਆਪਣੇ ਮਾਂ ਬਾਪ ਦਾ ਕਰੋ, ਜੋ ਤੁਹਾਨੂੰ ਕਦੇ ਵੀ ਧੋਖਾ ਨਹੀਂ ਦਿੰਦੇ

ਪ੍ਰਿਤਪਾਲ ਕੌਰ ਪ੍ਰੀਤ
Preetnamausa@gmail.com


ਸਾਲ 4, ਅੰਕ 361, 10 ਜੁਲਾਈ ਤੋਂ 16 ਜੁਲਾਈ, 2026 ਵੈਬਸਾਈਟ : www.preetnama.com, www.preetnews.com ਈਮੇਲ preetnamausa@gmail.com


# ਪੰਜਾਬ ਦੇ ਪਿੰਡਾਂ ’ਚ ਵੱਡੀਆਂ ਸਕਰੀਨਾਂ ’ਤੇ ਦਿਖਾਈ ਜਾ ਰਹੀ ਫ਼ਿਲਮ ‘ਸਤਲੁਜ’, ਭਾਵੁਕ ਹੋਏ ਲੋਕ ਕੀ ਬੋਲ ਰਹੇ

1989 ਵਿੱਚ ਮੇਰੇ ਪਤੀ ਚਲੇ ਗਏ ਸੀ, ਅੱਜ ਤੱਕ ਉਨ੍ਹਾਂ ਬਾਰੇ ਕੁਝ ਪਤਾ ਨਹੀਂ ਚੱਲਿਆ, ਆਪਣੀ ਜ਼ਿੰਦਗੀ ਦੇ ਪੁਰਾਣੇ ਦੌਰ ਨੂੰ ਦੇਖਣ ਆਈ ਸੀ ਕਿ ਸ਼ਾਇਦ ਇਸ ਫਿਲਮ ਵਿੱਚੋਂ ਮੇਰੇ ਬਾਰੇ ਵੀ ਕੁਝ ਨਿਕਲ ਆਵੇ। ਭਾਵੁਕ ਹੁੰਦਿਆਂ ਇਹ ਸ਼ਬਦ ਬਲਵਿੰਦਰ ਕੌਰ ਨੇ ਆਖੇ, ਜੋ ਮੋਗਾ ਦੇ ਇੱਕ ਗੁਰਦੁਆਰਾ ਵਿੱਚ ਜਸਵੰਤ ਸਿੰਘ ਖਾਲੜਾ ਦੇ ਜੀਵਨ ’ਤੇ ਬਣੀ ਫਿਲਮ ‘ਸਤਲੁਜ’ ਦੇਖਣ ਲਈ ਆਏ ਸਨ। ਦਿਲਜੀਤ ਦੋਸਾਂਝ ਦੇ ਮੁੱਖ ਕਿਰਦਾਰ ਵਾਲੀ ਫਿਲਮ ਸਤਲੁਜ 3 ਜੁਲਾਈ 2026 ਨੂੰ ਓਟੀਟੀ ਪਲੇਟਫਾਰਮ ਜ਼ੀ-5 ’ਤੇ ਰਿਲੀਜ਼ ਹੋਈ ਸੀ, ਪਰ 48 ਘੰਟਿਆਂ ਮਗਰੋਂ ਇਸ ਫਿਲਮ ਨੂੰ ਭਾਰਤ ਵਿੱਚ ਰੋਕ ਦਿੱਤਾ ਗਿਆ। ਇਸ ਤੋਂ ਬਾਅਦ ਪੰਜਾਬ ਦੇ ਵੱਖ-ਵੱਖ ਪਿੰਡਾਂ ਅਤੇ ਸ਼ਹਿਰਾਂ ਵਿਚ ਲੋਕ ਆਪਣੇ ਪੱਧਰ ’ਤੇ ਫਿਲਮ ਨੂੰ ਡਾਊਨਲੋਡ ਕਰਕੇ ਵੱਡੀਆਂ ਐੱਲਈਡੀ ਸਕਰੀਨਾਂ ਲਗਾ ਕੇ ਦੇਖ ਰਹੇ ਹਨ। ਪੰਜਾਬ ਦੇ ਕਈ ਪਿੰਡਾਂ ਵਿੱਚ ਲੋਕ ਆਪਣੇ ਪੱਧਰ ’ਤੇ ਵੱਡੀਆਂ ਐਲਈਡੀ ਸਕਰੀਨਾਂ ਕਿਰਾਏ ’ਤੇ ਲੈ ਕੇ ਗੁਰਦੁਆਰਿਆਂ, ਖੁੱਲ੍ਹੀਆਂ ਥਾਵਾਂ ਉੱਤੇ ਇਕੱਠੇ ਬੈਠ ਕੇ ਇਸ ਫਿਲਮ ਨੂੰ ਵੇਖ ਰਹੇ ਹਨ। ਪਿਛਲੇ ਕੁਝ ਦਿਨਾਂ ਵਿਚ ਗੁਰਦਾਸਪੁਰ, ਸੰਗਰੂਰ, ਜਲੰਧਰ, ਰੋਪੜ, ਬਠਿੰਡਾ, ਫਿਰੋਜ਼ਪੁਰ, ਮੋਗਾ, ਪਟਿਆਲਾ ਆਦਿ ਜ਼ਿਲ੍ਹਿਆਂ ਦੇ ਵੱਖ-ਵੱਖ ਪਿੰਡਾਂ ਤੋਂ ਸਤਲੁਜ ਫਿਲਮ ਦਿਖਾਏ ਜਾਣ ਦੀਆਂ ਤਸਵੀਰਾਂ ਅਤੇ ਵੀਡੀਓ ਸੋਸ਼ਲ ਮੀਡੀਆ ’ਤੇ ਵਾਇਰਲ ਹੋਈਆਂ।






ਇਸ ਤਰ੍ਹਾਂ ਦੀਆਂ ਫਿਲਮ ਦੀਆਂ ਸਕ੍ਰੀਨਿੰਗ ਦੀਆਂ ਤਸਵੀਰਾਂ ਰਾਜਸਥਾਨ ਦੇ ਸ੍ਰੀ ਗੰਗਾਨਗਰ ਇਲਾਕੇ ਤੋਂ ਵੀ ਵਾਇਰਲ ਹੋਈਆਂ ਹਨ, ਜਿਨ੍ਹਾਂ ਨੂੰ ਦਿਲਜੀਤ ਨੇ ਆਪਣੇ ਇੰਸਟਾਗ੍ਰਾਮ ਪੇਜ ’ਤੇ ਵੀ ਸਾਂਝਾ ਕੀਤਾ ਸੀ।

**ਆਪਣੇ ਪਤੀ ਨੂੰ ਫ਼ਿਲਮ ਵਿੱਚੋਂ ਲੱਭਣ ਆਈ ਹਾਂ’**

ਮੰਗਲਵਾਰ ਨੂੰ ਮੋਗਾ ਦੇ ਗੁਰਦੁਆਰਾ ਬੀਬੀ ਕਾਹਨ ਕੌਰ ਜੀ ਵਿੱਚ ਫਿਲਮ ਦੀ ਜਨਤਕ ਸਕਰੀਨਿੰਗ ਦੇਖਣ ਗਏ ਬੀਬੀਸੀ ਪੱਤਰਕਾਰ ਹਰਮਨਦੀਪ ਸਿੰਘ ਨਾਲ ਗੱਲ ਕਰਦਿਆਂ ਬਲਵਿੰਦਰ ਕੌਰ ਬੇਹੱਦ ਭਾਵੁਕ ਹੋਏ। ਬਲਵਿੰਦਰ ਕੌਰ ਫਿਲਮ ਦੇਖਣ ਮਗਰੋਂ ਰੋਂਦੇ ਹੋਏ ਦੱਸਦੇ ਹਨ, ÷ਸ਼ਾਇਦ ਮੇਰਾ ਇਸ ਵਿੱਚੋਂ ਕੁਝ ਨਿਕਲ ਆਵੇ, ਮੈਂ ਇਹ ਦੌਰ ਆਪਣੇ ਪਿੰਡੇ ’ਤੇ ਹੰਢਾਇਆ। ਇਹ ਫਿਲਮ ਮੈਨੂੰ ਲੱਗਿਆ ਮੇਰੇ ’ਤੇ ਹੀ ਬਣੀ ਹੋਈ ਹੈ। ਇਹ ਦੌਰ ਰੱਬ ਕਰੇ ਕਦੇ ਮੁੜ ਕੇ ਨਾ ਆਵੇ। ਬਲਵਿੰਦਰ ਕੌਰ ਦੇ ਪਹਿਲੇ ਪਤੀ ਸੰਨ 1989 ਵਿੱਚ ਲਾਪਤਾ ਹੋ ਗਏ ਸਨ ਜੋ ਮੁੜ ਕਦੇ ਘਰ ਵਾਪਸ ਨਹੀਂ ਪਰਤੇ। ਬਲਵਿੰਦਰ ਕੌਰ ਦੱਸਦੇ ਹਨ ਕਿ ਉਨ੍ਹਾਂ ਦਾ ਦੂਸਰਾ ਵਿਆਹ ਮੋਗਾ ਵਿੱਚ ਹੋਇਆ। ਉਹ ਕਹਿੰਦੇ ਹਨ, 1989 ਵਿੱਚ ਮੈਂ ਆਪਣੇ ਪੇਕੇ ਘਰ ਤਰਨ ਤਾਰਨ ਵਿੱਚ ਸੀ। ਮੇਰੇ ਪਤੀ ਦਰਜੀ ਦਾ ਕੰਮ ਕਰਦੇ ਸਨ। ਮੈਂ ਚੋਹਲਾ ਸਾਹਿਬ ਵਿਆਹੀ ਹੋਈ ਸੀ। ਉਨ੍ਹਾਂ ਦਾ ਨਾਮ ਰਵਿੰਦਰਪਾਲ ਸਿੰਘ ਸੀ। ਪੁਲਿਸ ਉਨ੍ਹਾਂ ਨੂੰ ਸਵੇਰੇ ਸਵੇਰੇ ਚੁੱਕ ਕੇ ਲੈ ਗਈ ਸੀ। ਮੈਨੂੰ ਕਦੇ ਉਨ੍ਹਾਂ ਦੀ ਮ੍ਰਿਤਕ ਦੇਹ ਨਹੀਂ ਮਿਲੀ ਸੀ। ਬਲਵਿੰਦਰ ਕਹਿੰਦੇ ਹਨ, ÷ਜਿਵੇਂ ਫਿਲਮ ਵਿੱਚ ਦਿਖਾਇਆ ਗਿਆ ਹੈ ਕਿ ਉਸ ਵੇਲੇ ਕੋਈ ਕਿਸੇ ਦੀ ਸੁਣਦਾ ਨਹੀਂ ਸੀ ਓਵੇਂ ਹੀ ਸਾਡੇ ਨਾਲ ਹੋਇਆ। ਅਸੀਂ ਬਹੁਤ ਕੋਸ਼ਿਸ਼ ਕੀਤੀ ਪਰ ਉਹ ਅੱਜ ਤੱਕ ਨਹੀਂ ਮਿਲੇ। ਮੋਗਾ ਵਿੱਚ ਡਾ. ਸਰਬਜੀਤ ਕੌਰ ਆਪਣਾ ਕਲੀਨਕ ਬੰਦ ਕਰਕੇ ਖਾਸ ਫਿਲਮ ਦੇਖਣ ਆਏ ਸਨ। ਉਹ ਕਹਿੰਦੇ ਹਨ, ÷ਇਹ ਕੋਈ ਮਨਘੜ੍ਹਤ ਕਹਾਣੀ ਨਹੀਂ, ਇਹ ਸੱਚਾਈ ਹੈ ਜੋ ਸਾਡੇ ਨਾਲ ਬੀਤੀ ਹੈ। ਪਹਿਲਾਂ ਜਿਵੇਂ ਜਸਵੰਤ ਸਿੰਘ ਖਾਲੜਾ ਦੀ ਆਵਾਜ਼ ਰੋਕਣ ਦੀ ਕੋਸ਼ਿਸ਼ ਕੀਤੀ ਗਈ ਓਵੇਂ ਹੀ ਅੱਜ ਉਨ੍ਹਾਂ ਦੀ ਫਿਲਮ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਸਾਨੂੰ ਅੱਜ ਵੀ ਇਹ ਮਹਿਸੂਸ ਹੁੰਦਾ ਕਿ ਜਿਵੇਂ ਜਸਵੰਤ ਸਿੰਘ ਖਾਲੜਾ ਸਾਡੇ ਵਿੱਚ ਮੌਜੂਦ ਹੋਣ। ਅਸੀਂ ਛੋਟੇ ਹੁੰਦੇ ਇਸ ਤਰ੍ਹਾਂ ਇਕੱਠੇ ਟੀਵੀ ’ਤੇ ਫ਼ਿਲਮ ਦੇਖਦੇ ਸੀ ਅੱਜ ਪਹਿਲੀ ਵਾਰ ਮੈਂ ਕੋਈ ਫਿਲਮ ਇਸ ਤਰ੍ਹਾਂ ਲੋਕਾਂ ਦੇ ਇਕੱਠ ਵਿੱਚ ਗੁਰਦੁਆਰਾ ਵਿੱਚ ਦੇਖੀ ਹੈ। ਅਸੀਂ ਆਪਣੇ ਇਲਾਕੇ ਵਿੱਚੋਂ ਵੱਡੀ ਗਿਣਤੀ ਵਿੱਚ ਲੋਕ ਇਕੱਠੇ ਹੋ ਕੇ ਫਿਲਮ ਦੇਖਣ ਆਏ ਹਾਂ।

**ਦਿਲਜੀਤ ਨੇ ਪਿੰਡਾਂ ਵਿੱਚ ਫਿਲਮ ਦਿਖਾਉਣ ਦੀ ਕੀਤੀ ਹਮਾਇਤ**

ਫਿਲਮ ਅਦਾਕਾਰ ਅਤੇ ਗਾਇਕ ਦਿਲਜੀਤ ਦੋਸਾਂਝ ਨੇ ਆਪਣੇ ਇੰਸਟਾਗ੍ਰਾਮ ਲਾਈਵ ਵੀ ਵੱਖ-ਵੱਖ ਥਾਵਾਂ ’ਤੇ ਫਿਲਮ ਦੀ ਪਬਲਿਕ ਸਕਰੀਨਿੰਗ ਕਰਨ ਦੀ ਹਮਾਇਤ ਕੀਤੀ। ਉਨ੍ਹਾਂ ਨੇ ਇੰਸਟਾਗ੍ਰਾਮ ’ਤੇ ਲਾਈਵ ਜੁੜੇ ਹੋਏ ਵੱਡੀ ਗਿਣਤੀ ਉਪਭੋਗਤਾਵਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਹੁਣ ਇਹ ਫਿਲਮ ਨਹੀਂ ਰੁਕਣੀ। ਇਹ ਫਿਲਮ ਲੋਕਾਂ ਤੱਕ ਪਹੁੰਚ ਚੁੱਕੀ ਹੈ। ਇਸਦੇ ਨਾਲ ਹੀ ਦਿਲਜੀਤ ਦੋਸਾਂਝ ਦੇ ਇੰਸਟਾਗ੍ਰਾਮ ਖਾਤੇ ’ਤੇ ਲਗਭਗ ਹਰ ਰੋਜ਼ ਹੀ ਸਟੋਰੀਆਂ ਜਿਹੀ ਸਾਂਝੀ ਕੀਤੀ ਗਈ ਹੁੰਦੀ ਹੈ ਜਿਸ ਵਿੱਚ ਬੈਨ ਹੋਣ ਮਗਰੋਂ ਵੀ ਭਾਰਤ ਵਿੱਚ ਵੱਖ-ਵੱਖ ਥਾਵਾਂ ’ਤੇ ਫਿਲਮ ਨੂੰ ਲੋਕ ਆਪਣੇ ਆਪ ਦੇਖ ਰਹੇ ਹਨ। ਜਦਕਿ ਫਿਲਮ ਦੇ ਨਿਰਦੇਸ਼ਕ ਹਨੀ ਤ੍ਰੇਹਨ ਨੇ ਆਪਣੇ ਇੰਸਟਾਗ੍ਰਾਮ ਖਾਤੇ ’ਤੇ ਇਕ ਸਟੋਰੀ ਸਾਂਝੀ ਕਰਦਿਆਂ ਅਪੀਲ ਕੀਤੀ ਸੀ ਕਿ ਅਜਿਹਾ ਨਾ ਕੀਤਾ ਜਾਵੇ। ਫਿਲਮ ਨੂੰ ਡਾਊਨਲੋਡ ਕਰਕੇ ਨਾ ਦੇਖਿਆ ਜਾਵੇ। ਉਨ੍ਹਾਂ ਨੇ ਕਿਹਾ ਸੀ ਕਿ ਲੋਕ ਸਬਰ ਰੱਖਣ, ਫਿਲਮ ਮੁੜ ਉਨ੍ਹਾਂ ਕੋਲ ਆਵੇਗੀ।

**ਮਨਜ਼ੂਰੀ ਤੋਂ ਬਿਨ੍ਹਾ ਫਿਲਮ ਦੀ ਜਨਤਕ ਸਕਰੀਨਿੰਗ ਬਾਰੇ ਕੀ ਕਹਿੰਦਾ ਹੈ ਕਾਨੂੰਨ**

ਸਿਨੇਮਾ ਵਿੱਚ ਰਿਲੀਜ਼ ਹੋਣ ਵਾਲ਼ੀਆਂ ਫ਼ਿਲਮਾਂ ਦੀ ਤਰ੍ਹਾਂ ਜ਼ੀਫਾਈਵ ਵਰਗੇ ਓਟੀਟੀ ਪਲੇਟਫਾਰਮਾਂ ’ਤੇ ਸਿੱਧੇ ਰਿਲੀਜ਼ ਹੋਣ ਵਾਲੀਆਂ ਫਿਲਮਾਂ ਨੂੰ ਸੀਬੀਐੱਫਸੀ ਸਰਟੀਫਿਕੇਟ ਦੀ ਲੋੜ ਨਹੀਂ ਹੁੰਦੀ। ਪਰ ਇਹ ਓਟੀਟੀ ਪਲੇਟਫਾਰਮਾਂ ਭਾਰਤ ਸਰਕਾਰ ਦੇ ਸੂਚਨਾ ਤਕਨਾਲੋਜੀ ਐਕਟ, 2000, ਅਤੇ ਸੂਚਨਾ ਤਕਨਾਲੋਜੀ ਨਿਯਮਾਂ, 2021 ਦੇ ਅਧੀਨ ਜ਼ਰੂਰ ਆਉਂਦੇ ਹਨ। ਭਾਰਤ ਸਰਕਾਰ ਨੇ ਸਤਲੁਜ ਫਿਲਮ ਨੂੰ ਭਾਰਤ ਤੋਂ ਹਟਾਉਣ ਦਾ ਆਦੇਸ਼ ਦੇਣ ਲਈ ਆਈਟੀ ਐਕਟ ਦੀ ਧਾਰਾ 691 ਦੀ ਵਰਤੋਂ ਕੀਤੀ ਹੈ। ਇਹ ਧਾਰਾ ਸਰਕਾਰ ਨੂੰ ਔਨਲਾਈਨ ਸਮੱਗਰੀ ਨੂੰ ਬਲੌਕ ਕਰਨ ਜਾਂ ਹਟਾਉਣ ਦਾ ਅਧਿਕਾਰ ਦਿੰਦੀ ਹੈ। ਜਿਸਦੇ ਤਹਿਤ ਕੋਈ ਵੀ ਫਿਲਮ ਨੂੰ ਭਾਰਤ ਵਿੱਚ ਜਨਤਕ ਤੌਰ ’ਤੇ ਨਹੀਂ ਦਿਖਾਇਆ ਜਾ ਸਕਦਾ। ਇਸ ਕਾਨੂੰਨ ਦੀ ਉਲੰਘਣਾ ਕਰਨ ’ਤੇ ਸੱਤ ਸਾਲ ਦੀ ਸਜ਼ਾ ਅਤੇ ਜੁਰਮਾਨਾ ਲੱਗ ਸਕਦਾ ਹੈ।

**ਰਾਜਨੀਤਿਕ ਪਾਰਟੀਆਂ ਕਰਵਾ ਰਹੀਆਂ ਫਿਲਮ ਦੀ ਸਕਰੀਨਿੰਗ**

ਸ਼ਰੋਮਣੀ ਅਕਾਲੀ ਦਲ (ਬਾਦਲ) ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਬੁੱਧਵਾਰ ਨੂੰ ਇੱਕ ਬਿਆਨ ਜਾਰੀ ਕਰਕੇ ਕਿਹਾ, ÷ਸ਼੍ਰੋਮਣੀ ਅਕਾਲੀ ਦਲ ਫ਼ ?ਲਮ ’ਸਤਲੁਜ’ ਨੂੰ ਪੰਜਾਬ ਦੇ ਪਿੰਡ-ਪਿੰਡ ਵਿੱਚ ਤੇ ਕੋਨੇ-ਕੋਨੇ ਵਿੱਚ ਦਿਖਾਵੇਗਾ ਤਾਂ ਕਿ ਸਾਡੇ ਬੱਚਿਆਂ ਅਤੇ ਆਉਣ ਵਾਲੀਆਂ ਪੀੜ੍ਹੀਆਂ ਨੂੰ ਕੌਮ ਉੱਤੇ ਢਾਏ ਗਏ ਜ਼ੁਲਮ ਤੋਂ ਚੰਗੀ ਤਰਾਂ ਜਾਣੂ ਕਰਵਾਇਆ ਜਾਏ। ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਵੀ ਐਲਾਨ ਕੀਤਾ ਹੈ ਕਿ ਉਹ ਦਿੱਲੀ ਵਿੱਚ ਫਿਲਮ ਦੀ ਜਨਤਕ ਸਕ੍ਰੀਨਿੰਗ ਕਰਵਾਉਣਗੇ ਅਤੇ ਜਸਵੰਤ ਸਿੰਘ ਖਾਲੜਾ ਦੇ ਜੀਵਨ ਬਾਰੇ ਲੋਕਾਂ ਨੂੰ ਜਾਗਰੂਕ ਕਰਨਗੇ।

## ਕਾਨੂੰਨੀ ਕਾਰਵਾਈ ਲਈ ਵੀ ਤਿਆਰ ਹਾਂ : ਪ੍ਰਬੰਧਕ

ਹਾਲਾਂਕਿ ਸਤਲੁਜ ਫਿਲਮ ਦੇ ਨਿਰਦੇਸ਼ਕ ਹਨੀ ਤ੍ਰੇਹਨ ਅਤੇ ਜ਼ੀ ਫਾਈਵ ਵੱਲੋਂ ਦਰਸ਼ਕਾਂ ਨੂੰ ਅਪੀਲ ਕੀਤੀ ਗਈ ਕਿ ਫਿਲਮ ਦੇ ਮੁੜ ਰਿਲੀਜ਼ ਹੋਣ ਦਾ ਇੰਤਜ਼ਾਰ ਕੀਤਾ ਜਾਵੇ। ਨਿਰਦੇਸ਼ਕ ਹਨੀ ਤ੍ਰੇਹਨ ਨੇ ਗੈਰ-ਕਾਨੂੰਨੀ ਢੰਗ ਨਾਲ ਆਪ ਡਾਊਨਲੋਡ ਕਰਕੇ ਫਿਲਮ ਦਿਖਾਉਣ ਵਾਲੇ ਲੋਕਾਂ ਨੂੰ ਅਪੀਲ ਵੀ ਕੀਤੀ ਹੈ ਕਿ ਅਜਿਹਾ ਨਾ ਕੀਤਾ ਜਾਵੇ। ਪਰ ਇਸਦੇ ਬਾਵਜੂਦ ਵੱਡੀ ਗਿਣਤੀ ਵਿੱਚ ਲੋਕ, ਜਥੇਬੰਦੀਆਂ ਅਤੇ ਨੌਜਵਾਨ ਆਪਣੇ ਪੱਧਰ ’ਤੇ ਫਿਲਮ ਦੀ ਸਕਰੀਨਿੰਗ ਵੱਖ-ਵੱਖ ਪਿੰਡਾਂ ਵਿੱਚ ਕਰਵਾ ਰਹੇ ਹਨ। ਮੋਗਾ ਦੇ ਗੁਰਦੁਆਰਾ ਸਾਹਿਬ ਵਿੱਚ ਫਿਲਮ ਦੀ ਸਕਰੀਨਿੰਗ ਕਰਵਾਉਣ ਵਾਲੇ ਪ੍ਰਬੰਧਕ ਰਾਜਵੰਤ ਸਿੰਘ ਮੱਲ ਕਹਿੰਦੇ ਹਨ, ÷ਸਾਡੀ ਦੇਸ਼ ਦੀ ਸਰਕਾਰ ਨੇ ਜਸਵੰਤ ਸਿੰਘ ਖਾਲੜਾ ਦੀ ਫਿਲਮ ਰਿਲੀਜ਼ ਨਹੀਂ ਹੋਣ ਦਿੱਤੀ। ਸਾਡੇ ਮਨਾਂ ਵਿੱਚ ਉਤਸੁਕਤਾ ਸੀ ਕਿ ਸਾਡੇ ਨਾਇਕ ਜਿਸਨੇ ਸਾਡੇ ਲਈ ਲੜਾਈ ਲੜ੍ਹੀ ਹੈ, ਉਸਦੀ ਫਿਲਮ ਸਾਨੂੰ ਨਹੀਂ ਦੇਖਣ ਦਿੱਤੀ ਜਾ ਰਹੀ। ਇਸ ਕਰਕੇ ਅਸੀਂ ਗੁਰਦੁਆਰਾ ਕਮੇਟੀ ਨਾਲ ਮਿਲ ਕੇ ਗੁਰਦੁਆਰਾ ਸਾਹਿਬ ਵਿੱਚ ਇਹ ਫਿਲਮ ਦਿਖਾਈ। ਉਹ ਕਹਿੰਦੇ ਹਨ ਕਿ ÷ਜੇਕਰ ਫਿਲਮ ਨੂੰ ਇਸ ਤਰ੍ਹਾਂ ਗੈਰ ਕਾਨੂੰਨੀ ਤਰੀਕੇ ਨਾਲ ਦਿਖਾਉਣ ’ਤੇ ਸਾਡੇ ਖਿਲਾਫ ਕੋਈ ਕਾਰਵਾਈ ਹੁੰਦੀ ਹੈ ਤਾਂ ਅਸੀਂ ਉਸ ਲਈ ਤਿਆਰ ਹਾਂ। ਸਭ ਤੋਂ ਵੱਡਾ ਅਪਰਾਧ ਹੈ ਕਿ ਮਨੁੱਖੀ ਅਧਿਕਾਰਾਂ ਦੀ ਗੱਲ ਕਰਨ ਵਾਲੇ ਵਿਅਕਤੀ ਦੀ ਫਿਲਮ ਨੂੰ ਲੋਕਾਂ ਨੂੰ ਨਹੀਂ ਦੇਖਣ ਦਿੱਤਾ ਜਾ ਰਿਹਾ। ਲੋਕਾਂ ਨੇ ਸਾਡੀ ਉਮੀਦ ਨਾਲੋਂ ਵੱਧ ਸਾਨੂੰ ਸਹਿਯੋਗ ਦਿੱਤਾ ਹੈ।

## ਫਿਲਮ ਦੇਖ ਕੇ ਪਰਿਵਾਰਾਂ ਦੀ ਉਡੀਕ ਮੁੱਕ ਗਈ

ਪਿੰਡ ਮਾਨਚੋਪੜਾ ਵਿੱਚ ਜਨਤਕ ਤੌਰ ’ਤੇ ਫਿਲਮ ਦੇਖਣ ਆਏ ਲੋਕਾਂ ਨੇ ਸਤਲੁਜ ਫਿਲਮ ਦੀ ਰੋਕ ’ਤੇ ਸਵਾਲ ਚੁੱਕੇ ਅਤੇ ਆਪਣੇ ਪੱਧਰ ’ਤੇ ਫਿਲਮ ਦੇਖਣ ਦੀ ਪੱਖ ਪੂਰਿਆ। ਫਿਲਮ ਦੇਖਣ ਅਤੇ ਇਕ ਨੌਜਵਾਨ ਨੇ ਕਿਹਾ, ÷ਸਾਡਾ ਇਹ ਫਿਲਮ ਦਿਖਾਉਣ ਦਾ ਮਕਸਦ ਹੈ ਕਿ ਲੋਕਾਂ ਨੂੰ ਪਤਾ ਲੱਗੇ ਕਿ ਕਿਵੇਂ ਪੰਜਾਬ ਦੇ ਨਿਰਦੋਸ਼ ਨੌਜਵਾਨਾਂ ਨੂੰ ਘਰਾਂ ਤੋਂ ਚੁੱਕ ਕੇ ਮਾਰਿਆ ਗਿਆ ਅਤੇ ਕਿਵੇਂ ਜਸਵੰਤ ਸਿੰਘ ਖਾਲੜਾ ਨੇ ਉਨ੍ਹਾਂ ਦੀ ਲੜਾਈ ਲੜੀ। ਇਹ ਪਹਿਲੀ ਵਾਰ ਕਿਸੇ ਨੇ ਫਿਲਮ ਰਾਹੀਂ ਦਿਖਾਉਣ ਦੀ ਕੋਸ਼ਿਸ਼ ਕੀਤੀ ਹੈ ਤਾਂ ਅਜਿਹੀ ਫਿਲਮ ਦਾ ਲੋਕਾਂ ਤੱਕ ਪਹੁੰਚਣਾ ਜ਼ਰੂਰੀ ਹੈ। ਪਰ ਸਰਕਾਰ ਫਿਲਮ ਨੂੰ ਰਿਲੀਜ਼ ਨਹੀਂ ਹੋਣ ਦੇ ਰਹੀ ਇਸ ਲਈ ਅਸੀਂ ਆਪਣੇ ਪੱਧਰ ’ਤੇ ਫਿਲਮ ਲੋਕਾਂ ਨੂੰ ਦਿਖਾ ਰਹੇ ਹਾਂ। ਪਿੰਡ ਵਿੱਚ ਆਪਣੇ ਪੱਧਰ ’ਤੇ ਫਿਲਮ ਦੀ ਸਕਰੀਨਿੰਗ ਕਰਵਾਉਣ ਵਾਲੇ ਨੌਜਵਾਨਾਂ ਵਿੱਚੋਂ ਇੱਕ ਕਹਿੰਦੇ ਹਨ, ÷ਫਿਲਮ ਦੇਖ ਕੇ ਉਨ੍ਹਾਂ ਪਰਿਵਾਰਾਂ ਦੀ ਉਡੀਕ ਮੁਕ ਗਈ ਜਿਨ੍ਹਾਂ ਦੇ ਪਰਿਵਾਰਕ ਮੈਂਬਰ ਉਸ ਦੌਰ ਵਿੱਚ ਲਾਪਤਾ ਹੋ ਗਏ। ਸਾਨੂੰ ਪੰਜਾਬ ਦੇ ਇਤਿਹਾਸ ਅਤੇ ਖਾਲੜਾ ਸਾਹਿਬ ਬਾਰੇ ਬਹੁਤ ਤੱਥ ਅਜਿਹੇ ਪਤਾ ਲੱਗੇ ਜੋ ਪਹਿਲਾਂ ਨਹੀਂ ਪਤਾ ਸਨ। ਅਸੀਂ ਕੋਈ ਗਲਤ ਕੰਮ ਨਹੀਂ ਕਰ ਰਹੇ, ਜੇਕਰ ਫਿਲਮ ਆਈ ਹੈ ਤਾਂ ਸਾਨੂੰ ਦੇਖਣ ਦਿੱਤੀ ਜਾਵੇ। ਸਰਕਾਰ ਨੂੰ ਅਸੀਂ ਅਪੀਲ ਕਰਦੇ ਹਾਂ। ਮੋਗਾ ਵਿੱਚ ਹੀ ਆਪਣੇ ਪਤੀ ਅਤੇ ਬੱਚਿਆਂ ਨਾਲ ਫਿਲਮ ਦੇਖਣ ਆਏ ਵੀਰਪਾਲ ਕੌਰ ਕਹਿੰਦੇ ਹਨ, “ਜਿਸ ਦਿਨ ਦਾ ਸਾਨੂੰ ਪਤਾ ਲੱਗਿਆ ਕਿ ਫਿਲਮ ਆ ਗਈ ਤਾਂ ਸਾਡਾ ਮਨ ਸੀ ਕਿ ਅਸੀਂ ਫਿਲਮ ਦੇਖੀਏ। ਫੇਰ ਇਸ ਨੂੰ ਜ਼ੀਫਾਈਵ ਤੋਂ ਹਟਾ ਦਿੱਤਾ ਗਿਆ ਤੇ ਮੰਗਲਵਾਰ ਸ਼ਾਮ ਨੂੰ ਜਿਵੇਂ ਹੀ ਸਾਨੂੰ ਪਤਾ ਲੱਗਿਆ ਕਿ ਫਿਲਮ ਗੁਰਦੁਆਰਾ ਸਾਹਿਬ ਵਿੱਚ ਦਿਖਾਈ ਜਾ ਰਹੀ ਹੈ ਤਾਂ ਅਸੀਂ ਪੂਰਾ ਪਰਿਵਾਰ ਬੱਚਿਆਂ ਨੂੰ ਨਾਲ ਲੈ ਕੇ ਫਿਲਮ ਦੇਖਣ ਆਏ ਹਾਂ।

Preetnama

ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 361

Website: www.preetnama.com Email preetnamausa@gmail.com

10 JULY TO 16 JULY, 2026

# ਪੰਜਾਬ ਚੋਣਾਂ ਤੋਂ ਪਹਿਲਾਂ ਹਿੰਦੂ ਵੋਟਰਾਂ ਤੱਕ ਪਹੁੰਚ ਬਣਾਉਣ ਲਈ ਸਿਆਸੀ ਪਾਰਟੀਆਂ ਕੀ ਕਰ ਰਹੀਆਂ ਹਨ ? ਕਿਸ ਨੇ ਕੀ ਰਣਨੀਤੀ ਅਪਣਾਈ

ਪੰਜਾਬ ਦੇ ਬਟਾਲਾ ਵਿੱਚ ਇੱਕ ਵੱਡਾ ਇਕੱਠ ਸੀ।29 ਜੂਨ ਦੀ ਸ਼ਾਮ ਨੂੰ ਪੰਜਾਬ ਸਰਕਾਰ ਵੱਲੋਂ 'ਇੱਕ ਸ਼ਾਮ ਭਗਵਾਨ ਸ਼ਿਵਜੀ ਕੇ ਨਾਮ' ਸਮਾਗਮ ਕਰਵਾਇਆ ਜਾ ਰਿਹਾ ਸੀ।ਮਸ਼ਹੂਰ ਭਜਨ ਗਾਇਕ ਹੰਸਰਾਜ ਰਘੂਵੰਸ਼ੀ ਨੇ ਸਟੇਜ ਉੱਤੇ ਭਜਨ ਗਾਇਨ ਕਰਨਾ ਸੀ ਪਰ ਉਸ ਤੋਂ ਪਹਿਲਾਂ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਲੋਕਾਂ ਨੂੰ ਸੰਬੋਧਨ ਕਰਨ ਪਹੁੰਚੇ। 'ਹਰ ਹਰ ਮਹਾਦੇਵ' ਦਾ ਜੈਕਾਰਾ ਲਗਾ ਕੇ ਅਰਵਿੰਦ ਕੇਜਰੀਵਾਲ ਨੇ ਆਪਣਾ ਸੰਬੋਧਨ ਸ਼ੁਰੂ ਕੀਤਾ। ਉਨ੍ਹਾਂ ਕਿਹਾ, ਤੁਹਾਡੇ ਮੁੱਖ ਮੰਤਰੀ ਭਗਵੰਤ ਮਾਨ ਸਾਰੇ ਧਰਮਾਂ ਦੇ ਲਈ ਬਹੁਤ ਕੰਮ ਕਰ ਰਹੇ ਹਨ। ਗੁਰੂ ਤੇਗ ਬਹਾਦਰ ਦੇ 350ਵੇਂ ਸ਼ਹੀਦੀ ਪੁਰਬ ਨੂੰ ਵੀ ਸਤਿਕਾਰ ਨਾਲ ਮਨਾਇਆ ਗਿਆ ਸੀ। ਹੁਣ ਇਹ ਭਜਨ ਸੰਧਿਆ ਪੰਜਾਬ ਸਰਕਾਰ ਵੱਲੋਂ ਕਰਵਾਈ ਜਾ ਰਹੀ ਹੈ।ਅਜਿਹੀ ਭਜਨ ਸੰਧਿਆ ਜਲੰਧਰ, ਅੰਮ੍ਰਿਤਸਰ ਵਿੱਚ ਹੋਈ, ਗੁਰਦਾਸਪੁਰ ਵਿੱਚ ਵੀ ਹੋਈ, ਅਸੀਂ ਪੰਜਾਬ ਦੇ 22 ਸ਼ਹਿਰਾਂ ਵਿੱਚ ਅਜਿਹੀ ਭਜਨ ਸੰਧਿਆ ਕਰਵਾਉਣ ਜਾ ਰਹੇ ਹਾਂ।ਅਰਵਿੰਦ ਕੇਜਰੀਵਾਲ ਨੇ ਕਿਹਾ, ਮੈਨੂੰ ਕਈ ਲੋਕਾਂ ਨੇ ਕਿਹਾ ਕਿ ਪੰਜਾਬ ਵਿੱਚ ਸਨਾਤਨ ਬਾਰੇ ਇੰਨੇ ਵੱਡੇ ਪੱਧਰ ਉੱਤੇ ਪ੍ਰੋਗਰਾਮ ਕਦੇ ਵੀ ਨਹੀਂ ਕੀਤੇ ਗਏ। ਕੁਝ ਮਾਹਿਰ ਇਨ੍ਹਾਂ ਐਲਾਨਾਂ ਨੂੰ ਪੰਜਾਬ ਵਿੱਚ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਭਗਵੰਤ ਮਾਨ ਸਰਕਾਰ ਵੱਲੋਂ ਪੰਜਾਬ ਦੇ ਹਿੰਦੂ ਵੋਟਰਾਂ ਨੂੰ ਆਪਣੇ ਵੱਲ ਕਰਨ ਦੀਆਂ ਕਈ ਕੋਸ਼ਿਸ਼ਾਂ ਵਜੋਂ ਦੇਖ ਰਹੇ ਹਨ। 'ਪੂਰੇ ਦੇਸ਼ ਵਿੱਚ ਹਿੰਦੂਆਂ ਦੇ ਹਿੱਤਾਂ ਦੀ ਵਕਾਲਤ' ਕਰਨ ਲਈ ਜਾਣੀ ਜਾਂਦੀ ਭਾਜਪਾ ਪੰਜਾਬ ਅੰਦਰ ਸੱਤਾ ਵਿੱਚ ਨਹੀਂ ਪਰ ਫਿਰ ਵੀ ਉਨ੍ਹਾਂ ਵੱਲੋਂ ਪੰਜਾਬ ਦੇ ਹਿੰਦੂ ਵੋਟਰਾਂ ਵਿੱਚ ਆਪਣਾ ਆਧਾਰ ਮਜਬੂਤ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।ਕਾਂਗਰਸ ਵੱਲੋਂ ਵੀ ਵਿਜੇ ਇੰਦਰ ਸਿੰਗਲਾ ਨੂੰ ਹਾਲ ਵਿੱਚ ਐਲਾਨੀਆਂ ਨਵੀਂਆਂ ਅਹੁਦੇਦਾਰੀਆਂ ਵਿੱਚੋਂ ਅਹਿਮ ਜ਼ਿੰਮੇਵਾਰੀ ਦਿੱਤੀ ਗਈ ਹੈ।2011 ਦੀ ਮਰਦਮਸ਼ੁਮਾਰੀ ਅਨੁਸਾਰ ਪੰਜਾਬ ਵਿੱਚ ਹਿੰਦੂਆਂ ਦੀ ਅਬਾਦੀ ਕਰੀਬ 40 ਫੀਸਦ ਹੈ।ਦੇਸ਼ ਵਿੱਚ ਸਿੱਖਾਂ ਦੀ ਬਹੁਗਿਣਤੀ ਵਾਲੇ ਇਕੱਲੇ ਸੂਬੇ ਪੰਜਾਬ ਦੇ ਸ਼ਹਿਰੀ ਖੇਤਰਾਂ ਵਿੱਚ ਹਿੰਦੂਆਂ ਦੀ ਅਬਾਦੀ ਵੱਡੀ ਗਿਣਤੀ ਵਿੱਚ ਹੈ। ਇਸ ਪਿਛੋਕੜ ਵਿੱਚ ਇਹ ਵੇਖਣਾ ਦਿਲਚਸਪ ਹੈ ਕਿ ਵੱਖ-ਵੱਖ ਪਾਰਟੀਆਂ ਹਿੰਦੂ ਵੋਟਰਾਂ ਤੱਕ ਪਹੁੰਚ ਬਣਾਉਣ ਲਈ ਕੀ ਕਰ ਰਹੀਆਂ ਹਨ। ਹੁਣ ਸਮਝਣ ਦੀ ਕੋਸ਼ਿਸ਼ ਕਰਦੇ ਹਾਂ ਕਿ ਵੋਟਰਾਂ ਦੇ ਇਸ ਹਿੱਸੇ ਨੂੰ ਹਾਸਲ ਕਰਨ ਲਈ ਕੌਣ-ਕੌਣ ਮੈਦਾਨ ਵਿੱਚ ਹੈ ਤੇ ਕਿਹੜੀਆਂ ਚਾਰਾਜ਼ੋਈਆਂ ਉਨ੍ਹਾਂ ਵੱਲੋਂ ਕੀਤੀਆਂ ਜਾ ਰਹੀਆਂ ਹਨ।





**ਭਾਜਪਾ ਦੀ ਹਿੰਦੂ ਵੋਟਰਾਂ ਨੂੰ ਲੈ ਕੇ ਕੀ ਰਣਨੀਤੀ ਹੈ ?**

ਭਾਜਪਾ ਨੇ ਹਾਲ ਹੀ ਵਿੱਚ ਪੰਜਾਬ ਦਾ ਪ੍ਰਧਾਨ ਸੁਨੀਲ ਜਾਖੜ ਦੀ ਥਾਂ ਕੇਵਲ ਸਿੰਘ ਢਿੱਲੋਂ ਨੂੰ ਲਗਾਇਆ ਹੈ ਜੋ ਕਿ ਉਹ ਇੱਕ ਜੱਟ ਸਿੱਖ ਹਨ। ਪਰ ਇਸ ਦੇ ਨਾਲ ਹੀ ਪਾਰਟੀ ਵੱਲੋਂ ਪੰਜਾਬ ਵਿੱਚੋਂ ਤਰੁਣ ਚੁੱਘ ਨੂੰ ਰਾਜ ਸਭਾ ਵਿੱਚ ਭੇਜਿਆ ਗਿਆ ਹੈ।ਦੂਜੇ ਪਾਸੇ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਵੀ ਪੰਜਾਬ ਦੇ ਕਈ ਗੇੜੇ ਲਗਾ ਚੁੱਕੇ ਹਨ ਅਤੇ ਪੰਜਾਬ ਦੇ ਕੁਝ ਮਸਲਿਆਂ ਉੱਤੇ ਰਾਇ ਪ੍ਰਗਟਾਉਣ ਕਾਰਨ ਵੀ ਉਹ ਚਰਚਾ ਵਿੱਚ ਆਏ ਸਨ। ਇਸ ਦੇ ਨਾਲ ਹੀ ਪਿਛਲੇ ਮਹੀਨੇ ਪੰਜਾਬ ਭਾਜਪਾ ਦੇ ਐੱਸਸੀ ਮੋਰਚੇ ਵੱਲੋਂ ਪੰਜਾਬ ਦੇ ਪਾਰਟੀ ਵਰਕਰਾਂ ਦੇ ਲਈ ਭੀਮ ਰਾਓ ਅੰਬੇਡਕਰ ਦੇ ਨਾਲ ਜੁੜੇ ਸਥਾਨਾਂ ਦੀ 'ਪੰਚ ਤੀਰਥ ਯਾਤਰਾ' ਵੀ ਆਯੋਜਿਤ ਕੀਤੀ ਸੀ। ਮਾਹਿਰ ਮੰਨਦੇ ਹਨ ਕਿ ਭਾਜਪਾ ਇਸ ਨਾਲ ਪੰਜਾਬ ਦੇ ਓਬੀਸੀ ਅਤੇ ਐੱਸਸੀ ਵੋਟਰਾਂ ਨੂੰ ਆਪਣੇ ਵੱਲ ਕਰਨ ਦੀ ਕੋਸ਼ਿਸ਼ ਕਰ ਰਹੀ ਹੈ ਜਿਸ ਵਿੱਚ ਹਿੰਦੂ ਓਬੀਸੀ ਵੋਟਰ ਵੀ ਸ਼ਾਮਿਲ ਹਨ। ਪੰਜਾਬ ਭਾਜਪਾ ਲਈ ਹਿੰਦੂ ਵੋਟਰਾਂ ਦੇ ਸਮੀਕਰਨ ਬਾਰੇ ਅਸੀਂ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੇ ਰਾਜਨੀਤੀ ਸ਼ਾਸ਼ਤਰ ਵਿਭਾਗ ਦੇ ਮੁਖੀ ਆਸ਼ੂਤੋਸ਼ ਨਾਲ ਗੱਲਬਾਤ ਕੀਤੀ।

ਪ੍ਰੋਫੈਸਰ ਆਸ਼ੂਤੋਸ਼ ਕਹਿੰਦੇ ਹਨ, ÷ਪੰਜਾਬ ਵਿੱਚ ਤਕਰੀਬਨ 40 ਤੋਂ ਵੱਧ ਵਿਧਾਨ ਸਭਾ ਹਲਕਿਆਂ ਵਿੱਚ ਹਿੰਦੂਆਂ ਦੀ ਚੰਗੀ ਗਿਣਤੀ ਹੈ।ਪਰ ਇਸ ਦੇ ਨਾਲ ਹੀ ਹਿੰਦੂਆਂ ਵਿੱਚ ਅੱਪਰ ਕਾਸਟ ਹਿੰਦੂ ਅਤੇ ਹਿੰਦੂਆਂ ਦਾ ਐੱਸਸੀ ਤੇ ਓਬੀਸੀ ਵਰਗ ਵੀ ਹੈ। ਆਸ਼ੂਤੋਸ਼ ਕਹਿੰਦੇ ਹਨ, ÷2002 ਵਿੱਚ ਹੋਈ ਆਖਰੀ ਡਿਲਿਮੀਟੇਸ਼ਨ ਤੋਂ ਬਾਅਦ ਪੰਜਾਬ ਦੀਆਂ ਲੋਕ ਸਭਾ ਸੀਟਾਂ ਵਿੱਚ ਤਾਂ ਮਿਸ਼ਰਿਤ ਅਬਾਦੀ ਹੈ ਪਰ ਵਿਧਾਨ ਸਭਾ ਹਲਕਿਆਂ ਵਿੱਚ ਜੇ ਸਵਰਣ ਜਾਤੀ ਦੇ ਹਿੰਦੂ ਅਤੇ ਓਬੀਸੀ ਤੇ ਐੱਸਸੀ ਵਰਗ ਦੇ ਹਿੰਦੂਆਂ ਨੂੰ ਭਾਜਪਾ ਇਕੱਠੇ ਕਰਕੇ ਆਪਣੇ ਵੱਲ ਕਰ ਲਵੇ ਤਾਂ ਉਹ ਪੰਜਾਬ ਵਿੱਚ 35-40 ਸੀਟਾਂ ਹਾਸਲ ਕਰ ਸਕਦੀ ਹੈ।ਪ੍ਰੋਫੈਸਰ ਆਸ਼ੂਤੋਸ਼ ਕਹਿੰਦੇ ਹਨ ਕਿ ਪੰਜਾਬ ਵਿੱਚ ਜਿਹੜੀ ਹਿੰਦੂ ਅਬਾਦੀ ਹੈ ਉਹ ਜ਼ਿਆਦਾਤਰ ਵਪਾਰੀ ਹਨ ਜੋ ਸੁਰੱਖਿਆ ਚਾਹੁੰਦੇ ਹਨ ਅਤੇ ਆਪਣਾ ਵਪਾਰ ਕਰਨਾ ਚਾਹੁੰਦੇ ਹਨ।ਇਸ ਲਈ ਉਹ ਇਸ ਕਰਕੇ ਵੀ ਭਾਜਪਾ ਵੱਲ ਜਾ ਸਕਦੇ ਹਨ ਕਿ ਸ਼ਾਇਦ ਭਾਜਪਾ ਤੋਂ ਉਨ੍ਹਾਂ ਨੂੰ ਸੁਰੱਖਿਆ ਦਾ ਭਰੋਸਾ ਮਿਲ ਸਕੇ।

**ਕੀ ਕਾਂਗਰਸ ਵੱਲ ਹਿੰਦੂ ਵੋਟਰਾਂ ਦਾ ਭਰੋਸਾ ਵੱਧ ਸਕਦਾ ਹੈ ?**

ਹਾਲ ਹੀ ਵਿੱਚ ਪੰਜਾਬ ਕਾਂਗਰਸ ਵੱਲੋਂ ਨਵੀਆਂ ਅਹੁਦੇਦਾਰੀਆਂ ਦੀ ਲਿਸਟ ਜਾਰੀ ਕੀਤੀ ਗਈ ਹੈ।ਉਸ ਵਿੱਚ ਵਿਜੇ ਇੰਦਰ ਸਿੰਗਲਾ ਨੂੰ ਪੰਜਾਬ ਵਿੱਚ 'ਚੋਣ ਪ੍ਰਬੰਧਨ ਅਤੇ ਤਾਲਮੇਲ ਕਮੇਟੀ' ਦੇ ਚੇਅਰਮੈਨ ਵਜੋਂ ਜ਼ਿੰਮੇਵਾਰੀ ਦਿੱਤੀ ਹੈ।ਕਾਂਗਰਸ ਪਾਰਟੀ ਵੱਲੋਂ ਇਸ ਤਰ੍ਹਾਂ ਦਾ ਕੋਈ ਖ਼ਾਸ ਐਲਾਨ ਤਾਂ ਹਿੰਦੂਆਂ ਬਾਰੇ ਨਹੀਂ ਕੀਤਾ ਗਿਆ ਹੈ ਪਰ ਪਾਰਟੀ ਨਾਲ ਹਿੰਦੂਆਂ ਦਾ ਇੱਕ ਵੱਡਾ ਵੋਟ ਬੈਂਕ ਪੰਜਾਬ ਵਿੱਚ ਰਿਹਾ ਹੈ।ਇਹ ਤਬਕਾ ਪਾਰਟੀ ਨਾਲ ਧਰਮ ਨਿਰਪੱਖਤਾ ਦੀ ਵਿਚਾਰਧਾਰਾ ਕਰਕੇ ਜੁੜਦਾ ਰਿਹਾ ਹੈ। ਪ੍ਰੋਫੈਸਰ ਆਸ਼ੂਤੋਸ਼ ਕਹਿੰਦੇ ਹਨ, ÷ਕੈਪਟਨ ਅਮਰਿੰਦਰ ਵੇਲੇ ਪੰਜਾਬ ਦਾ ਹਿੰਦੂ ਕਾਂਗਰਸ ਵੱਲ ਸੀ ਕਿਉਂਕਿ ਉਹ ਇੱਕ ਧਰਮ ਨਿਰਪੱਖ ਵਿਅਕਤੀ ਸਮਝੇ ਜਾਂਦੇ ਸਨ।ਉਹ ਇੱਕ ਸਾਬਕਾ ਫੌਜੀ ਸਨ, ਰਾਜਸ਼ਾਹੀ ਨਾਲ ਉਨ੍ਹਾਂ ਦਾ ਪਿਛੋਕੜ ਸੀ ਅਤੇ ਸੂਬੇ ਵਿੱਚ ਉਨ੍ਹਾਂ ਦੀ ਕਾਫੀ ਹਮਾਇਤ ਸੀ। ਅਜੇ ਕਾਂਗਰਸ ਕੋਲ ਕੈਪਟਨ ਅਮਰਿੰਦਰ ਸਿੰਘ ਵਰਗਾ ਕੋਈ ਚਿਹਰਾ ਨਹੀਂ ਹੈ।



## 'ਆਪ' ਵੱਲੋਂ ਹਿੰਦੂ ਵੋਟਰਾਂ ਤੱਕ ਪਹੁੰਚਣ ਦੀਆਂ ਕਿਹੜੀਆਂ ਕੋਸ਼ਿਸ਼ਾਂ ਹੋ ਰਹੀਆਂ ?

ਆਮ ਆਦਮੀ ਪਾਰਟੀ ਨੇ ਅਗਲੇ ਕੁਝ ਮਹੀਨਿਆਂ ਲਈ ਕਈ ਐਲਾਨ ਹਿੰਦੂ ਭਾਈਚਾਰੇ ਲਈ ਕੀਤੇ ਹਨ।ਇਸ ਵਿੱਚ ਸਭ ਤੋਂ ਵੱਡਾ ਐਲਾਨ ਹੈ ਅੰਮ੍ਰਿਤਸਰ ਵਿੱਚ ਮਾਤਾ ਜਾਨਕੀ, ਲਵ ਅਤੇ ਕੁਸ਼ ਨੂੰ ਸਮਰਪਿਤ ਭਵਿਆ ਮੰਦਰ ਬਣਾਉਣਾ।ਮੁੱਖ ਮੰਤਰੀ ਭਗਵੰਤ ਮਾਨ ਤੇ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਕੁਝ ਦਿਨ ਪਹਿਲਾਂ ਇਸ ਐਲਾਨ ਬਾਰੇ ਸਾਂਝੀ ਪ੍ਰੈੱਸ ਕਾਨਫਰੰਸ ਕੀਤੀ ਸੀ।ਇਸ ਦੇ ਨਾਲ ਹੀ ਅਰਵਿੰਦ ਕੇਜਰੀਵਾਲ ਵੱਲੋਂ ਇਹ ਵੀ ਐਲਾਨ ਕੀਤਾ ਗਿਆ ਹੈ ਕਿ ਪੰਜਾਬ ਸਰਕਾਰ ਵੱਲੋਂ ਪਟਿਆਲਾ ਦੇ ਕਾਲੀ ਮਾਤਾ ਮੰਦਰ ਦੀ ਵੱਡੇ ਪੱਧਰ ਉੱਤੇ ਉਸਾਰੀ ਕੀਤੀ ਜਾ ਰਹੀ ਹੈ ਜਿਸ ਉੱਤੇ 80 ਕਰੋੜ ਰੁਪਏ ਖਰਚ ਕੀਤੇ ਜਾ ਰਹੇ ਹਨ।ਇਸ ਮੰਦਰ ਦੀ ਉਸਾਰੀ ਸਤੰਬਰ ਤੱਕ ਪੂਰੀ ਕੀਤੇ ਜਾਣ ਦੀ ਗੱਲ ਕੀਤੀ ਜਾ ਰਹੀ ਹੈ। ਇਸ ਤੋਂ ਇਲਾਵਾ ਪੰਜਾਬ ਦੇ ਵੱਖ-ਵੱਖ ਸ਼ਹਿਰਾਂ ਵਿੱਚ 'ਇੱਕ ਸ਼ਾਮ ਭਗਵਾਨ ਸ਼ਿਵ ਜੀ ਕੇ ਨਾਮ' ਭਜਨ ਸੰਧਿਆ ਕਰਵਾਈ ਜਾ ਰਹੀ ਹੈ ਜਿਸ ਵਿੱਚ ਹੰਸਰਾਜ ਰਘੂਵੰਸ਼ੀ ਵਰਗੇ ਕਲਾਕਾਰ ਭਜਨ ਗਾਇਨ ਕਰ ਰਹੇ ਹਨ।ਪੂਰੇ ਸੂਬੇ ਵਿੱਚ ਕਰੀਬ 22 ਸ਼ਹਿਰਾਂ ਵਿੱਚ ਇਹ ਸਮਾਗਮ ਕਰਵਾਏ ਜਾ ਰਹੇ ਹਨ।

ਇੱਕ ਅਗਸਤ ਤੋਂ 'ਹਮਾਰੇ ਰਾਮ' ਨਾਮ ਦਾ ਨਾਟਕ ਮੰਚਨ ਵੀ ਵੱਖ-ਵੱਖ ਸ਼ਹਿਰਾਂ ਵਿੱਚ ਪੰਜਾਬ ਸਰਕਾਰ ਵੱਲੋਂ ਕਰਵਾਇਆ ਜਾਵੇਗਾ। ਤੀਰਥ ਯਾਤਰਾ ਯੋਜਨਾ ਵਿੱਚ ਵੀ ਹੁਣ ਸਾਲਾਸਰ-ਖਾਟੂ ਸ਼ਿਆਮ ਜੀ, ਹਰਿਦੁਆਰ-ਰਿਸ਼ੀਕੇਸ਼ ਅਤੇ ਮਥੁਰਾ-ਵਰਿੰਦਾਵਨ ਦੇ ਰੂਟ ਸ਼ਾਮਲ ਕੀਤੇ ਗਏ ਹਨ।ਆਮ ਆਦਮੀ ਪਾਰਟੀ ਦੇ ਇਨ੍ਹਾਂ ਐਲਾਨਾਂ ਬਾਰੇ ਪਟਿਆਲਾ ਦੀ ਪੰਜਾਬੀ ਯੂਨੀਵਰਸਿਟੀ ਵਿੱਚ ਰਾਜਨੀਤੀ ਸ਼ਾਸਤਰ ਦੇ ਸਾਬਕਾ ਪ੍ਰੋਫੈਸਰ ਜਤਿੰਦਰ ਸਿੰਘ ਕਹਿੰਦੇ ਹਨ, ਆਮ ਆਦਮੀ ਪਾਰਟੀ ਦਾ ਨਿਸ਼ਾਨਾ ਤਾਂ ਇਹ ਰਿਹਾ ਹੀ ਹੈ ਕਿ ਪੰਜਾਬ ਦੇ ਸ਼ਹਿਰੀ ਵੋਟਰਾਂ ਤੱਕ ਪਹੁੰਚ ਕਿਵੇਂ ਕੀਤੀ ਜਾਵੇ।ਪਾਰਟੀ ਨੂੰ ਲੱਗ ਰਿਹਾ ਹੈ ਕਿ ਜੇ ਹਿੰਦੂ ਵੋਟਰ ਕਾਂਗਰਸ ਵੱਲ ਨਹੀਂ ਜਾਂਦਾ ਤਾਂ ਕਿਤੇ ਉਹ ਭਾਜਪਾ ਵੱਲ ਨਾ ਚਲਿਆ ਜਾਵੇ, ਪਾਰਟੀ ਇਸ ਨੂੰ ਰੋਕਣਾ ਚਾਹੁੰਦੀ ਹੈ।ਉਹ ਕਹਿੰਦੇ ਹਨ, ਪਿਛਲੀਆਂ ਚੋਣਾਂ ਵਿੱਚ ਆਮ ਆਦਮੀ ਪਾਰਟੀ ਦੀ ਹਵਾ ਸੀ ਅਤੇ ਉਨ੍ਹਾਂ ਨੂੰ ਸਮਾਜ ਦੇ ਹਰ ਤਬਕੇ ਤੋਂ ਵੋਟ ਮਿਲੀ ਸੀ, ਉਨ੍ਹਾਂ ਵਿੱਚ ਹਿੰਦੂ ਵੀ ਸਨ।ਪੰਜ ਸਾਲ ਤੱਕ ਹੁਣ ਲੋਕਾਂ ਨੇ ਪਾਰਟੀ ਦੀ ਕਾਰਗੁਜ਼ਾਰੀ ਵੇਖ ਲਈ ਹੈ ਇਸ ਲਈ ਪਾਰਟੀ ਦੇ ਲਈ ਇੱਕ ਵੱਡੀ ਚੁਣੌਤੀ ਹੈ ਕਿ ਉਹ ਵੋਟਰਾਂ ਨੂੰ ਕਿਵੇਂ ਆਪਣੇ ਵੱਲ ਕਰੇ।ਜਤਿੰਦਰ ਸਿੰਘ ਕਹਿੰਦੇ ਹਨ, ਜਦੋਂ ਕੇਜਰੀਵਾਲ ਈਡੀ ਉੱਤੇ ਇਹ ਇਲਜ਼ਾਮ ਲਗਾਉਂਦੇ ਹਨ ਕਿ ਉਹ ਪੰਜਾਬ ਦੇ ਹਿੰਦੂ ਵਪਾਰੀਆਂ ਨੂੰ ਨਿਸ਼ਾਨਾ ਬਣਾ ਰਹੇ ਹਨ ਤਾਂ ਉਹ ਹਿੰਦੂ ਵੋਟਰਾਂ ਨੂੰ ਇਹ ਕਹਿਣਾ ਚਾਹੁੰਦੇ ਹਨ ਕਿ ਤੁਸੀਂ ਬੀਜੇਪੀ ਵੱਲ ਨਾ ਜਾਓ, ਉਹ ਤੁਹਾਡਾ ਨੁਕਸਾਨ ਕਰਨਗੇ। ਇੱਥੇ ਦੱਸ ਦੇਈਏ ਕਿ ਕੁਝ ਵਕਤ ਪਹਿਲਾਂ ਅਰਵਿੰਦ ਕੇਜਰੀਵਾਲ ਨੇ ਇਲਜ਼ਾਮ ਲਗਾਇਆ ਸੀ ਕਿ ਈਡੀ ਪੰਜਾਬ ਦੇ ਹਿੰਦੂ ਵਪਾਰੀਆਂ ਨੂੰ ਨਿਸ਼ਾਨਾ ਬਣਾ ਰਹੀ ਹੈ, ਭਾਵੇਂ ਭਾਜਪਾ ਨੇ ਇਨ੍ਹਾਂ ਇਲਜ਼ਾਮਾਂ ਨੂੰ ਬੇਬੁਨਿਆਦ ਦੱਸਿਆ ਸੀ। ਇਸ ਦੇ ਨਾਲ ਹੀ ਜਤਿੰਦਰ ਕਹਿੰਦੇ ਹਨ, ਆਮ ਆਦਮੀ ਪਾਰਟੀ ਦੀਆਂ ਹਿੰਦੂ ਵੋਟਰਾਂ ਨੂੰ ਲੁਭਾਉਣ ਦੀਆਂ ਕੋਸ਼ਿਸ਼ਾਂ ਵੱਲ ਜੇ ਨਜ਼ਰ ਮਾਰੀਏ ਤਾਂ ਅਸੀਂ ਦੇਖਦੇ ਹਾਂ ਕਿ ਇਸ ਵਿੱਚ ਆਰਥਿਕਤਾ ਨਾਲ ਜੁੜਿਆ ਕੋਈ ਐਲਾਨ ਜਾਂ ਵਾਅਦਾ ਨਹੀਂ ਹੈ। ਹਿੰਦੂ ਵੋਟਰ ਦੀ ਪਛਾਣ ਨੂੰ ਆਪਣੀ ਪਛਾਣ ਨਾਲ ਜੋੜ ਕੇ ਦੇਖਦੇ ਹੋਏ ਆਮ ਆਦਮੀ ਪਾਰਟੀ ਉਨ੍ਹਾਂ ਨੂੰ ਆਪਣੇ ਵੱਲ ਖਿੱਚਣਾ ਚਾਹੁੰਦੀ ਹੈ।ਜਦੋਂ ਕੋਈ ਆਰਥਿਕ ਭਰੋਸਾ ਨਹੀਂ ਦਿੱਤਾ ਜਾਂਦਾ ਤਾਂ ਇਸ ਤਰ੍ਹਾਂ ਪਛਾਣ ਅਤੇ ਧਰਮ ਨਾਲ ਜੋੜ ਕੇ ਐਲਾਨ ਅਤੇ ਵਾਅਦੇ ਕੀਤੇ ਜਾਂਦੇ ਹਨ।

# Preetnama

ਪ੍ਰੀਤਨਾਮਾ
ਖਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 361

Website: www.preetnama.com Email preetnamausa@gmail.com

10 JULY TO 16 JULY, 2026




# Preetnama

# ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 361

Website: www.preetnama.com Email preetnamausa@gmail.com

10 JULY TO 16 JULY, 2026


# ਪੰਜਾਬ ’ਚ ਮਾਵਾਂ-ਧੀਆਂ ਸਕੀਮ

## ਕਿਸੇ ਨੇ ਨਵੇਂ ਸੂਟ ਲੈਣ ਦਾ ਸੋਚਿਆ, ਤਾਂ ਕਿਸੇ ਦਾ ਕਹਿਣਾ, ‘ਇੰਨੇ ਪੈਸਿਆਂ ਨਾਲ ਕੀ ਬਣਨਾ, ਸਾਨੂੰ ਨੌਕਰੀ ਦਿਓ’

ਪੰਜਾਬ ਸਰਕਾਰ ਵੱਲੋਂ ਮਾਵਾਂ ਧੀਆਂ ਸਤਿਕਾਰ ਯੋਜਨਾ ਦਾ ਆਗਾਜ਼ ਹੋ ਚੁੱਕਿਆ ਹੈ। ਇਸ ਤਹਿਤ ਸੂਬੇ ਦੀਆਂ ਜਨਰਲ ਵਰਗ ਦੀਆਂ ਔਰਤਾਂ ਨੂੰ ਪ੍ਰਤੀ ਮਹੀਨਾ 1000 ਰੁਪਏ ਅਤੇ ਅਨੁਸੂਚਿਤ ਜਾਤੀਆਂ ਦੀਆਂ ਔਰਤਾਂ ਨੂੰ ਪ੍ਰਤੀ ਮਹੀਨਾ 1500 ਰੁਪਏ ਦਿੱਤੇ ਜਾਣੇ ਸ਼ੁਰੂ ਹੋ ਗਏ ਹਨ। ਪੰਜਾਬ ਵਿੱਚ ਇਸ ਮੁਹਿੰਮ ਤਹਿਤ ਔਰਤਾਂ ਦੇ ਖਾਤਿਆਂ ਵਿੱਚ ਪੈਸੇ ਪਾਏ ਜਾਣ ਦੀ ਪ੍ਰਕਿਰਿਆ 1 ਜੁਲਾਈ 2026, ਦਿਨ ਬੁੱਧਵਾਰ ਤੋਂ ਸ਼ੁਰੂ ਹੋਈ ਸੀ। ਜਦਕਿ ਬਹੁਤ ਵੱਡੀ ਗਿਣਤੀ ਵਿੱਚ ਅਜਿਹੀਆਂ ਔਰਤਾਂ ਵੀ ਹਨ ਜਿਨ੍ਹਾਂ ਦੇ ਖਾਤਿਆਂ ਵਿੱਚ ਸ਼ੁੱਕਰਵਾਰ ਤੱਕ ਪੈਸੇ ਨਹੀਂ ਪਹੁੰਚੇ। ਹਾਲਾਂਕਿ, ਮੁਹਿੰਮ ਦੀ ਸ਼ੁਰੂਆਤ ਹੋਣ ਮਗਰੋਂ ਉਹਨਾਂ ਨੂੰ ਮੋਬਾਈਲ ਫੋਨ ’ਤੇ ਇੱਕ ਸੰਦੇਸ਼ ਮਿਲਿਆ ਜਿਸ ਵਿੱਚ ਲਿਖਿਆ ਸੀ ਕਿ ਅਗਲੇ 24 ਘੰਟਿਆਂ ਵਿਚ ਤੁਹਾਡੇ ਪੈਸੇ ਖਾਤੇ ਵਿੱਚ ਆ ਜਾਣਗੇ। ਪੰਜਾਬ ਸਰਕਾਰ ਮੁਤਾਬਕ, ਇਸ ਯੋਜਨਾ ਤਹਿਤ ਹੁਣ ਤੱਕ 40 ਲੱਖ ਤੋਂ ਵੱਧ ਔਰਤਾਂ ਦੀ ਰਜਿਸਟਰੇਸ਼ਨ ਹੋ ਚੁੱਕੀ ਹੈ। ਜਿਹੜੀਆਂ ਔਰਤਾਂ ਹਾਲੇ ਤੱਕ ਰਜਿਸਟ ?ੇਸ਼ਨ ਨਹੀਂ ਕਰਵਾ ਸਕੀਆਂ, ਉਹ ਅੱਗੇ ਵੀ ਕਰਵਾ ਸਕਦੀਆਂ ਹਨ, ਤੇ ਸਕੀਮ ਤਹਿਤ ਰਾਸ਼ੀ ਦੀਆਂ ਹੱਕਦਾਰ ਹੋਣਗੀਆਂ।

ਸਰਕਾਰ ਦਾ ਦਾਅਵਾ ਹੈ ਕਿ ਪੰਜਾਬ ਦੀਆਂ ਤਕਰੀਬਨ 97 ਫ਼ੀਸਦੀ ਔਰਤਾਂ ਇਸ ਸਕੀਮ ਦਾ ਲਾਹਾ ਲੈ ਸਕਣਗੀਆਂ। ਬੀਬੀਸੀ ਪੰਜਾਬੀ ਦੀ ਟੀਮ ਨੇ ਪੰਜਾਬ ਦੇ ਵੱਖ-ਵੱਖ ਪਿੰਡਾਂ ਅਤੇ ਸ਼ਹਿਰਾਂ ਦੀਆਂ ਔਰਤਾਂ ਨਾਲ ਸਰਕਾਰ ਦੀ ਇਸ ਮੁਹਿੰਮ ਬਾਰੇ ਗੱਲਬਾਤ ਕੀਤੀ ਅਤੇ ਉਨ੍ਹਾਂ ਦੀ ਰਾਏ ਜਾਣਨ ਦੀ ਕੋਸ਼ਿਸ਼ ਕੀਤੀ।





**ਹੁਣ ਇਲਾਜ ਲਈ ਪੈਸੇ ਕਿਸੇ ਤੋਂ ਮੰਗਣੇ ਨਹੀਂ ਪੈਣਗੇ**

ਮਾਵਾਂ ਧੀਆਂ ਸਤਿਕਾਰ ਯੋਜਨਾ ਤਹਿਤ ਖਾਤੇ ਵਿੱਚ ਆਏ ਤਿੰਨ ਹਜ਼ਾਰ ਰੁਪਏ ਦੀ ਖ਼ਬਰ ਸੁਣ 67 ਸਾਲਾ ਮਨਜੀਤ ਕੌਰ ਖੁਸ਼ ਹਨ, ਉਹ ਮੁਹਾਲੀ ਜ਼ਿਲ੍ਹੇ ਦੇ ਪਿੰਡ ਬਡਾਲੀ ਦੇ ਰਹਿਣ ਵਾਲੇ ਹਨ ਅਤੇ ਪੱਛੜੀ ਸ਼੍ਰੇਣੀ ਨਾਲ ਸੰਬੰਧਿਤ ਹਨ। ਬੀਤੀ ਇੱਕ ਜੁਲਾਈ ਨੂੰ ਉਹਨਾਂ ਦੇ ਖਾਤੇ ਵਿੱਚ ਪੰਜਾਬ ਸਰਕਾਰ ਵੱਲੋਂ ਮਾਵਾਂ ਧੀਆਂ ਸਤਿਕਾਰ ਯੋਜਨਾ ਤਹਿਤ ਰਾਸ਼ੀ ਆਈ ਹੈ। ਉਹਨਾਂ ਦਾ ਘਰ ਕੱਚਾ ਹੈ, ਘਰ ਦੇ ਇੱਕ ਕਮਰੇ ਦੀ ਛੱਤ ਦੋ ਕੁ ਮਹੀਨੇ ਪਹਿਲਾਂ ਡਿੱਗ ਗਈ ਸੀ ਜੋ ਅੱਜ ਵੀ ਉਸੇ ਤਰ੍ਹਾਂ ਡਿੱਗੀ ਹੋਈ ਹੈ ।ਮਨਜੀਤ ਕੌਰ ਦੇ ਦੋ ਪੁੱਤਰ ਹਨ ਤੇ ਦੋਵੇਂ ਉਹਨਾਂ ਤੋਂ ਵੱਖ ਰਹਿੰਦੇ ਹਨ। ਹਾਲਾਂਕਿ ਉਹਨਾਂ ਨੂੰ ਹਰ ਮਹੀਨਾ 1500 ਰੁਪਏ ਬੁਢਾਪਾ ਪੈਨਸ਼ਨ ਵੀ ਮਿਲਦੀ ਹੈ, ਪਰ ਉਹ ਕਹਿੰਦੇ ਹਨ ਕਿ ਸਰਕਾਰ ਵੱਲੋਂ ਦਿੱਤੇ ਇਹ ਪੈਸੇ ਮਿਲਣ ’ਤੇ ਹੁਣ ਦਵਾਈ ਲੈਣੀ ਸੌਖੀ ਹੋ ਜਾਵੇਗੀ ਜਾਂ ਉਹ ਆਪਣੀ ਮਰਜ਼ੀ ਦਾ ਕੋਈ ਕੱਪੜਾ ਖਰੀਦ ਸਕਣਗੇ। ਮਨਜੀਤ ਕੌਰ ਦੱਸਦੇ ਹਨ, ਸਾਰੀ ਉਮਰ ਮੈਂ ਕਦੇ ਆਪ ਸੂਟ ਲੈ ਕੇ ਨਹੀਂ ਦੇਖਿਆ ਜੋ ਪੇਕਿਆਂ ਨੇ ਦੇ ਦਿੱਤਾ ਉਹ ਪਾ ਲੈਣਾ, ਪਰ ਹੁਣ ਮੈਂ ਸੋਚਦੀ ਹਾਂ ਕਿ ਆਪਣੀ ਮਰਜ਼ੀ ਦਾ ਸੂਟ ਵੀ ਲੈ ਸਕਾਂਗੀ। ਹਾਲਾਂਕਿ ਉਹ ਸ਼ੂਗਰ ਦੇ ਮਰੀਜ਼ ਹਨ, ਉਹਨਾਂ ਮੁਤਾਬਕ ਹਰ ਮਹੀਨੇ ਉਹਨਾਂ ਦੀ ਤਿੰਨ ਹਜ਼ਾਰ ਤੱਕ ਦੀ ਦਵਾਈ ਆਉਂਦੀ ਹੈ। ਜਿਸਦੇ ਪੈਸੇ ਜਾਂ ਤਾਂ ਉਹ ਆਪਣੇ ਪੁੱਤਰਾਂ ਤੋਂ ਮੰਗਦੇ ਸਨ ਜਾਂ ਜੋ ਬੁਢਾਪਾ ਪੈਨਸ਼ਨ ਆਉਂਦੀ ਹੈ, ਉਸਦੇ ਵਿਚੋਂ ਖਰਚਦੇ ਸਨ।

ਹੁਣ ਕਹਿੰਦੇ ਹਨ, ÷ਹੁਣ ਜੇ ਟੈਸਟ ਕਰਾਉਣੇ ਹੋਣਗੇ ਤਾਂ ਕਿਸੇ ਤੋਂ ਪੈਸੇ ਮੰਗਣ ਦੀ ਲੋੜ ਨਹੀਂ ਪਵੇਗੀ। ਹੁਣ ਮੇਰੇ ਕੋਲ ਹਰ ਮਹੀਨੇ ਤਿੰਨ ਹਜ਼ਾਰ ਰੁਪਏ ਹੋ ਜਾਣਗੇ ਤਾਂ ਮੈਂ ਆਪਣੀ ਦਵਾਈ ਆਪ ਖਰੀਦ ਸਕਦੀ ਹਾਂ। ਉਹਨਾਂ ਦੇ ਪਤੀ ਦੇਵ ਸਿੰਘ ਪਹਿਲਾ ਪ੍ਰਾਈਵੇਟ ਨੌਕਰੀ ਕਰਦੇ ਸਨ ਪਰ ਹੁਣ ਬੁਢਾਪੇ ਕਾਰਨ ਉਹ ਵੀ ਘਰ ਹੀ ਰਹਿੰਦੇ ਹਨ। ਦੇਵ ਸਿੰਘ ਵੀ ਸਰਕਾਰ ਵੱਲੋਂ ਆਪਣੀ ਪਤਨੀ ਨੂੰ ਮਿਲੀ ਵਿੱਤੀ ਸਹਾਇਤਾ ਤੋਂ ਖੁਸ਼ ਹਨ। ਇਹਨਾਂ ਪੈਸਿਆਂ ਨੂੰ ਉਹ ਆਪਣੇ ’ਤੇ ਪਏ ਵਿੱਤੀ ਬੋਝ ਨੂੰ ਘੱਟ ਕਰਨ ਦਾ ਇੱਕ ਸਾਧਨ ਮੰਨਦੇ ਹਨ।

ਉਹ ਕਹਿੰਦੇ ਹਨ, ਹੋਰ ਕੁਝ ਨਹੀਂ ਤਾਂ ਇਸਦੀ ਦਵਾਈ ਦਾ ਖਰਚਾ ਹੀ ਹੁਣ ਅਸੀਂ ਆਪ ਕਰ ਲਿਆ ਕਰਾਂਗੇ। ਅੱਗੇ ਮੈਨੂੰ ਕਰਨਾ ਪੈਂਦਾ ਸੀ, ਹੁਣ ਮੇਰੀ ਪੈਨਸ਼ਨ, ਇਸਦੀ ਪੈਨਸ਼ਨ ਤੇ ਇਹ ਹਜ਼ਾਰ ਰੁਪਏ ਇਕੱਠੇ ਕਰਕੇ ਸਾਡੀ ਜ਼ਿੰਦਗੀ ਥੋੜ੍ਹੀ ਹੋਰ ਸੌਖੀ ਹੋ ਜਾਵੇਗੀ। ਇਸੇ ਤਰ੍ਹਾਂ ਮੁਹਾਲੀ ਨੇੜੇ ਇੱਕ ਪਿੰਡ ਵਿੱਚ ਰਹਿੰਦੇ ਇੱਕੋ ਪਰਿਵਾਰ ਦੀਆਂ ਦੋ ਔਰਤਾਂ ਜਸਵੀਰ ਕੌਰ (34 ਸਾਲ) ਅਤੇ ਹਰਪ੍ਰੀਤ ਕੌਰ ( 32 ਸਾਲ) ਦੇ ਖਾਤੇ ਵਿੱਚ 1 ਜੁਲਾਈ ਨੂੰ ਸਰਕਾਰ ਵੱਲੋਂ 4500-4500 ਰੁਪਏ ਪਾਏ ਗਏ। ਉਹ ਕਹਿੰਦੇ ਹਨ ਕਿ ਉਹਨਾਂ ਨੇ 1 ਜੁਲਾਈ ਨੂੰ ਸਾਰਾ ਦਿਨ ਪੈਸਿਆਂ ਦਾ ਇੰਤਜ਼ਾਰ ਕੀਤਾ ਪਰ ਫੇਰ ਸ਼ਾਮ ਨੂੰ ਸਾਢੇ 7 ਵਜੇ ਦੇ ਕਰੀਬ ਉਹਨਾਂ ਦੇ ਖਾਤਿਆਂ ਵਿੱਚ ਪੈਸੇ ਆਏ, ਜਿਸ ਮਗਰੋਂ ਉਹਨਾਂ ਨੂੰ ਵੀ ਖੁਸ਼ੀ ਹੋਈ। ਹਰਪ੍ਰੀਤ ਕੌਰ ਕਹਿੰਦੇ ਹਨ, ÷ਇਹਨਾਂ ਪੈਸਿਆਂ ਨਾਲ ਹੁਣ ਬੱਚਿਆਂ ਲਈ ਕੁਝ ਖਰੀਦਣਾ ਤਾਂ ਘਰ ਵਾਲਿਆਂ ਤੋਂ ਪੈਸੇ ਮੰਗਣ ਦੀ ਲੋੜ ਨਹੀਂ ਪਵੇਗੀ। ਆਪਣੀ ਮਰਜ਼ੀ ਨਾਲ ਜੋ ਦਿਲ ਕਰੇਗਾ ਉਹ ਖਰੀਦ ਸਕਾਂਗੇ। ਇਸੇ ਤਰ੍ਹਾਂ ਜਸਵੀਰ ਕੌਰ ਮੰਨਦੇ ਹਨ ਕਿ ਸਰਕਾਰ ਵਲੋਂ ਦਿੱਤੇ ਇਹ ਪੈਸੇ ਖੁਸ਼ੀ ਦਿੰਦੇ ਹਨ। ਨੌਕਰੀ ਕਰਦੀਆਂ ਕੁੜੀਆਂ ਨੂੰ ਦੇਖਦੇ ਸੀ ਤਾਂ ਲੱਗਦਾ ਸੀ ਉਹਨਾਂ ਕੋਲ ਪੈਸੇ ਹਨ, ਹੁਣ ਸਾਡੇ ਕੋਲ ਵੀ ਪੈਸੇ ਹੋਇਆ ਕਰਨਗੇ। ਪਰ ਇਸਦੇ ਉਲਟ ਬਹੁਤ ਸਾਰੀਆਂ ਔਰਤਾਂ ਨੇ ਬੀਬੀਸੀ ਨਾਲ ਗੱਲ ਕਰਦਿਆਂ ਸਰਕਾਰ ਦੀ ਇਸ ਸਕੀਮ ਦੀ ਨਿਖੇਧੀ ਵੀ ਕੀਤੀ।

**ਪੜਾਈ ਅਤੇ ਇਲਾਜ ਮੁਫ਼ਤ ਹੋਣੇ ਚਾਹੀਦੇ**

ਦਲਿਤ ਭਾਈਚਾਰੇ ਨਾਲ ਸੰਬੰਧਿਤ ਹਰਬੰਸ ਕੌਰ ਮੰਨਦੇ ਹਨ ਕਿ ਸਰਕਾਰ ਵੱਲੋਂ ਦਿੱਤੇ ਇਹਨਾਂ ਪੈਸਿਆਂ ਨਾਲ ਉਹਨਾਂ ਦੀ ਜ਼ਿੰਦਗੀ ਵਿੱਚ ਬਹੁਤ ਜ਼ਿਆਦਾ ਅਸਰ ਨਹੀਂ ਪਵੇਗਾ। ਸਰਕਾਰ ਨੂੰ ਸਿਹਤ ਸਹੂਲਤਾਂ ਦੇਣ ਵੱਲ ਧਿਆਨ ਦੇਣਾ ਚਾਹੀਦਾ ਹੈ। ਹਾਲਾਂਕਿ ਉਹਨਾਂ ਨੇ ਸਰਕਾਰ ਦੀ ਮਾਵਾਂ ਧੀਆਂ ਸਤਿਕਾਰ ਯੋਜਨਾ ਲਈ ਅਪਲਾਈ ਕੀਤਾ ਸੀ ਤੇ ਉਹਨਾਂ ਨੂੰ 4500 ਰੁਪਏ ਵੀ ਸਰਕਾਰ ਵੱਲੋਂ ਖਾਤੇ ਵਿੱਚ ਭੇਜੇ ਗਏ ਹਨ। ਉਹ ਕਹਿੰਦੇ ਹਨ, ÷ਕੱਪੜੇ ਤਾਂ ਅਸੀਂ ਪਹਿਲਾਂ ਵੀ ਪਾਉਂਦੇ ਹੀ ਸੀ, ਸਰਕਾਰ ਵੱਲੋਂ ਦਿੱਤੇ ਪੈਸਿਆਂ ਨਾਲ ਕੋਈ ਫਰਕ ਨਹੀਂ ਪੈਣਾ। ਸਰਕਾਰ ਨੇ ਕੁਝ ਕਰਨਾ ਤਾਂ ਬੱਚਿਆਂ ਦੀ ਪੜ੍ਹਾਈ ਸਸਤੀ ਕਰੇ ਤੇ ਲੋਕਾਂ ਦੇ ਇਲਾਜ ’ਤੇ ਆਉਣ ਵਾਲਾ ਖਰਚਾ ਘੱਟ ਜਾਂ ਮੁਫ਼ਤ ਕਰੇ। ਉਹ ਦੱਸਦੇ ਹਨ ਕਿ ਖੁਦ ਦੇ ਮੈਡੀਕਲ ਟੈਸਟ ਕਰਵਾਉਣ ਲਈ ਉਹਨਾਂ ਨੂੰ ਬਹੁਤ ਖਰਚਾ ਕਰਨਾ ਪੈਂਦਾ ਹੈ। ਸਰਕਾਰੀ ਹਸਪਤਾਲਾਂ ਵਿੱਚ ਕੁਝ ਸਹੂਲਤਾਂ ਮੁਫ਼ਤ ਜਾਂ ਘੱਟ ਖਰਚੇ ’ਤੇ ਮਿਲ ਜਾਂਦੀਆਂ ਹਨ, ਪਰ ਮਹਿੰਗੇ ਟੈਸਟ ਅਤੇ ਦਵਾਈਆਂ ਲਈ ਲੋਕਾਂ ਨੂੰ ਨਿੱਜੀ ਅਦਾਰਿਆਂ ਵਿੱਚ ਜਾਣਾ ਪੈਂਦਾ ਹੈ , ਜੋ ਕਿ ਬਹੁਤ ਮਹਿੰਗੇ ਹੁੰਦੇ ਹਨ। ਸਕੂਲ ਬਹੁਤ ਥੋੜੀ ਥਾਂ ’ਚ ਬਣਿਆ ਹੋਇਆ, ਪਖਾਨਿਆਂ ਕੋਲ ਹੀ ਮਿਡ ਦੇ ਮੀਲ ਦਾ ਭੋਜਨ ਬਣਦਾ ਹੈ, ਬੱਚਿਆਂ ਕੋਲ ਖੇਡਣ ਦਾ ਮੈਦਾਨ ਨਹੀਂ, ਅਸੀਂ ਤਿੰਨ ਮਹੀਨਿਆਂ ਤੋਂ ਇਹ ਮੰਗ ਕਰ ਰਹੇ ਹਾਂ ਕਿ ਸਕੂਲ ਖੁੱਲ੍ਹੀ ਥਾਂ ’ਚ ਬਣਾਇਆ ਜਾਵੇ, ਇਸ ਲਈ ਅਸੀਂ ਵਾਰ-ਵਾਰ ਧਰਨੇ ਵੀ ਲਗਾਉਂਦੇ ਰਹੇ ਪਰ ਕਿਸੇ ਨੇ ਸਾਡੀ ਕੋਈ ਗੱਲ ਨਹੀਂ ਸੁਣੀ।

**ਸਾਡੀ ਵੋਟ 1500 ਦੀ ਨਹੀਂ, ਬਹੁਤ ਕੀਮਤੀ ਹੈ**

ਮਜਦੂਰੀ ਕਰਦੇ ਜਸਪਾਲ ਕੌਰ ਵੀ ਸਰਕਾਰ ਦੀ ਇਸ ਵਿੱਤੀ ਮਦਦ ਤੋਂ ਖੁਸ਼ ਨਹੀਂ ਹਨ। ਉਹ ਕਹਿੰਦੇ ਹਨ ਕਿ ਬਜ਼ੁਰਗ ਔਰਤਾਂ ਨੂੰ ਪੈਸੇ ਦੀ ਮਦਦ ਦਿੱਤੀ ਜਾ ਸਕਦੀ ਹੈ ਪਰ ਅਸੀਂ ਜੋ ਕੰਮ ਕਰ ਸਕਦੇ ਹਾਂ, ਸਾਨੂੰ ਕੰਮ ਦਿੱਤਾ ਜਾਣਾ ਚਾਹੀਦਾ ਹੈ। ਤਾਂ ਜੋ ਅਸੀਂ ਆਪਣੇ ਹੱਥੀਂ ਪੈਸੇ ਕਮਾ ਸਕੀਏ। ਸਾਨੂੰ ਲੱਗਦਾ ਕਿ ਇਹ ਸਿਰਫ ਵੋਟਾਂ ਤੱਕ ਸਰਕਾਰ ਲਾਲਚ ਦੇ ਰਹੀ ਹੈ , ਵੋਟਾਂ ਤੋਂ ਬਾਅਦ ਸਰਕਾਰ ਇਹ ਸਕੀਮ ਖਤਮ ਕਰ ਦੇਵੇਗੀ। ਪਰ ਅਸੀਂ ਸਰਕਾਰ ਨੂੰ ਦੱਸਣਾ ਚਾਹੁੰਦੇ ਹਨ ਕਿ ਸਾਡੀ ਵੋਟ 1500 ਰੁਪਏ ਦੀ ਨਹੀਂ ਹੈ, ਸਾਡੀ ਵੋਟ ਬਹੁਤ ਕੀਮਤੀ ਹੈ। ਸਰਕਾਰ ਸਾਨੂੰ ਲਾਲਚ ’ਤੇ ਨਾ ਲਾਵੇ, ਪੈਸੇ ਕਮਾਉਣ ਵਿੱਚ ਲੋਕਾਂ ਦੀ ਮਦਦ ਕਰੇ। ਖੈਰ, ਇਸ ਸਕੀਮ ਨੂੰ ਲੈ ਕੇ ਹਰ ਕਿਸੇ ਦੀ ਆਪੋ-ਆਪਣੀ ਰਾਏ ਹੈ। ਪਰ ਆਮ ਆਦਮੀ ਪਾਰਟੀ ਨੇ 2022 ਦੀਆਂ ਚੋਣਾਂ ਤੋਂ ਪਹਿਲਾਂ ਕੀਤਾ ਇਹ ਵਾਅਦਾ ਅਗਲੀਆਂ ਚੋਣਾਂ ਤੋਂ ਬਿਲਕੁਲ ਪਹਿਲਾਂ ਪੂਰਾ ਕਰਕੇ ਵੱਡਾ ਦਾਅ ਜ਼ਰੂਰ ਖੇਡਿਆ ਹੈ।

### ਸਰਕਾਰ ਰੁਜ਼ਗਾਰ ਦੇਵੇ, ਲਾਲਚ ਨਹੀਂ

ਸੰਗਰੂਰ ਦੇ ਹੀ ਇੱਕ ਪਿੰਡ ਦੇ ਰਹਿਣ ਵਾਲੇ ਪਰਮਜੀਤ ਕੌਰ ਸਰਕਾਰ ਤੋਂ ਪੈਸੇ ਦੀ ਮਦਦ ਦੀ ਥਾਂ ਨੌਕਰੀ ਦੀ ਮੰਗ ਕਰਦੇ ਹਨ। ਉਹ ਇਹ ਵੀ ਮੰਨਦੇ ਹਨ ਕਿ ਜੇਕਰ ਅਜਿਹੀ ਸਹਾਇਤਾ ਪੈਨਸ਼ਨ ਵਰਗੀਆਂ ਯੋਜਨਾਵਾਂ ਨਾਲ ਜੁੜੇ ਰੂਪ ਵਿੱਚ ਮਿਲੇ, ਤਾਂ ਲੋਕਾਂ ਵਿੱਚ ਹੋਰ ਭਰੋਸਾ ਬਣ ਸਕਦਾ ਹੈ। ਉਹ ਕਹਿੰਦੇ ਹਨ, ÷ਸਾਨੂੰ ਇਹਨਾਂ ਪੈਸਿਆਂ ਦੀ ਲੋੜ ਨਹੀਂ ਸੀ, ਸਾਨੂੰ ਲੋੜ ਨੌਕਰੀਆਂ ਦੀ ਸੀ। ਮੈਂ ਆਪਣੀਆਂ ਧੀਆਂ ਨੂੰ ਦਿਹਾੜੀ ਮਜਦੂਰੀ ਕਰਕੇ ਪੜ੍ਹਾਇਆ ਪਰ ਅੱਜ ਉਹ ਪ੍ਰਾਈਵੇਟ ਨੌਕਰੀ ਕਰਦੀਆਂ ਹਨ। ਸਰਕਾਰ ਚਾਹੁੰਦੀ ਤਾਂ ਨੌਜਵਾਨਾਂ ਨੂੰ ਨੌਕਰੀ ਦੇ ਸਕਦੀ ਸੀ ਤਾਂ ਜੋ ਉਹ ਆਪਣੇ ਪੈਰਾਂ ’ਤੇ ਖੜ੍ਹੇ ਹੋ ਸਕਣ। ਇਹ ਤਾਂ ਸਰਕਾਰ ਵੋਟਾਂ ਤੋਂ ਪਹਿਲਾਂ ਲਾਲਚ ਦੇਣ ਦਾ ਕੰਮ ਕਰ ਰਹੀ ਹੈ, ਵੋਟਾਂ ਕਰਕੇ ਹੀ ਸਰਕਾਰ ਨੇ ਇਹ ਪੈਸੇ ਦਿੱਤੇ ਹਨ, ਇਸ ਨਾਲ ਅਸੀਂ ਕੋਈ ਬਹੁਤਾ ਖੁਸ਼ ਨਹੀਂ ਹਾਂ। ਮਨਰੇਗਾ ਸਰਕਾਰਾਂ ਨੇ ਖੋਹ ਲਿਆ। ਸਰਕਾਰ ਨੇ ਮਦਦ ਕਰਨੀ ਸੀ ਤਾਂ ਮਨਰੇਗਾ ਵਰਗੇ ਕੰਮ ਸਾਨੂੰ ਦੇਵੇ ਤਾਂ ਜੋ ਅਸੀਂ ਆਪਣਾ ਗੁਜ਼ਾਰਾ ਆਪ ਕਰ ਸਕੀਏ।



Preetnama
ਪ੍ਰੀਤਨਾਮਾ
ਖ਼ਰਾ ਸੱਚ
Khara Sach
On our English language New Website
WWW.PREETNEWS.COM
Chief Editor
Pritpal Kaur
+1 201-312-4180
Vol 4, Issue 361
Website: www.preetnama.com Email preetnamausa@gmail.com
10 JULY TO 16 JULY, 2026

# 'ਘੱਲੂਘਾਰਾ' ਤੇ 'ਪੰਜਾਬ 95' ਤੋਂ 'ਸਤਲੁਜ' ਤੱਕ, ਜਸਵੰਤ ਖਾਲੜਾ 'ਤੇ ਫ਼ਿਲਮ ਨੂੰ ਕਿਵੇਂ ਪਰਿਵਾਰ ਤੋਂ ਮਨਜ਼ੂਰੀ ਮਿਲੀ, 'ਕੱਟ', ਰਿਲੀਜ਼ ਤੇ ਹਟਾਏ ਜਾਣ ਦੀ ਕਹਾਣੀ

## ਜਸਵੰਤ ਸਿੰਘ ਖਾਲੜਾ ਦੀ ਗੱਲ ਨੂੰ ਇਸ ਤਰ੍ਹਾਂ ਦਬਾਇਆ ਨਹੀਂ ਜਾ ਸਕਦਾ - ਦਿਲਜੀਤ

'ਸਤਲੁਜ' ਫਿਲਮ ਨੂੰ ਜ਼ੀ-5 ਪਲੇਟਫ਼ਾਰਮ ਉੱਤੋਂ ਹਟਾ ਲਏ ਜਾਣ ਤੋਂ ਬਾਅਦ ਦਿਲਜੀਤ ਦੋਸਾਂਝ ਨੇ ਕਿਹਾ ਕਿ ਜਸਵੰਤ ਸਿੰਘ ਖਾਲੜਾ ਦੀ ਗੱਲ ਨੂੰ ਇਸ ਤਰ੍ਹਾਂ ਦਬਾਇਆ ਨਹੀਂ ਜਾ ਸਕਦਾ। ਆਪਣੇ ਇੰਸਟਾਗ੍ਰਾਮ ਲਾਈਵ ਉੱਤੇ ਉਨ੍ਹਾਂ ਕਿਹਾ ਕਿ "ਫਿਲਮ ਲੋਕਾਂ ਦੀ ਆਪਣੀ ਹੈ ਤੇ ਲੋਕ ਜਿਵੇਂ ਚਾਹੁਣ ਇਸ ਨੂੰ ਦੇਖ ਸਕਦੇ ਹਨ।" ਉਨ੍ਹਾਂ ਨੇ ਕਿਹਾ ਕਿ ਉਨ੍ਹਾਂ ਨੂੰ ਲੱਗਦਾ ਸੀ ਕਿ ਫ਼ ?ਲਮ ਸੋਮਵਾਰ ਨੂੰ ਹਟਾਈ ਜਾਵੇਗੀ ਪਰ ਅਜਿਹਾ ਐਤਵਾਰ ਸ਼ਾਮ ਨੂੰ ਹੀ ਹੋ ਗਿਆ.. ਉਨ੍ਹਾਂ ਨੇ ਇਹ ਵੀ ਕਿਹਾ ਕਿ ਉਹ ਚਾਹੁੰਦੇ ਸਨ ਕਿ ਫਿਲਮ ਥਿਏਟਰ ਵਿੱਚ ਲੱਗੇ ਪਰ ਇਹ ਵੀ ਨਹੀਂ ਹੋ ਸਕਿਆ...ਦਿਲਜੀਤ ਨੇ ਕਿਹਾ ਕਿ ਇਸ ਗੱਲ ਦੀ ਖੁਸ਼ੀ ਹੈ ਕਿ ਉਹ ਆਪਣਾ ਕੰਮ ਜਿੱਦਾਂ ਹੈ, ਉੱਦਾਂ ਹੀ ਲੋਕਾਂ ਕੋਲ ਲੈ ਕੇ ਪਹੁੰਚੇ ਹਨ। ਉਨ੍ਹਾਂ ਕਿਹਾ, "ਫਿਲਮ ਦੇ ਹਟਾਏ ਜਾਣ ਬਾਰੇ ਮੈਨੂੰ ਹੈਰਾਨੀ ਨਹੀਂ ਹੈ ਅਤੇ ਇਸ ਦੀ ਉਮੀਦ ਸੀ.." 5 ਜੁਲਾਈ ਨੂੰ ਜ਼ੀ-5 ਨੇ ਇੰਸਟਾਗ੍ਰਾਮ ਪੋਸਟ ਉੱਤੇ ਫਿਲਮ ਨੂੰ ਹਟਾਏ ਜਾਣ ਤੋਂ ਬਾਅਦ ਲਿਖਿਆ, 'ਸਤਲੁਜ ਭਾਵੇਂ ਰੁਕ ਗਈ ਹੋਵੇ ਪਰ ਇਸ ਨੇ ਜੋ ਗੱਲ ਸ਼ੁਰੂ ਕੀਤੀ ਹੈ, ਉਹ ਨਹੀਂ ਰੁਕੀ।' ਫਿਲਹਾਲ, ਫ਼ਿਲਮ ਪਲੇਟਫ਼ਾਰਮ ਤੋਂ ਹਟਾ ਲਈ ਗਈ ਹੈ। ਇਸ ਫ਼ਿਲਮ ਦੀ ਰਿਲੀਜ਼ ਨੂੰ ਲੈਕੇ ਕਾਫ਼ੀ ਸਮੇਂ ਤੋਂ ਵਿਵਾਦ ਜਾਰੀ ਸੀ। ਇਸ ਰਿਪੋਰਟ ਰਾਹੀਂ ਜਾਣਦੇ ਹਾਂ ਕਿ ਇਸ ਫ਼ਿਲਮ ਦੀ ਅਨਾਊਂਸਮੈਂਟ ਤੋਂ ਲੈਕੇ ਰਿਲੀਜ਼ ਤੱਕ ਅਤੇ ਫਿਰ ਦੋ ਹੀ ਦਿਨਾਂ ਵਿੱਚ ਹਟਾਏ ਜਾਣ ਤੱਕ ਕੀ-ਕੀ ਹੋਇਆ...

"ਮੈਂ ਹਨ੍ਹੇਰੇ ਨੂੰ ਚੈਲੇਂਜ ਕਰਦਾ ਹਾਂ..."

ਮਨੁੱਖੀ ਅਧਿਕਾਰ ਕਾਰਕੁਨ ਜਸਵੰਤ ਸਿੰਘ ਖਾਲੜਾ ਦੇ ਇਹ ਸ਼ਬਦ ਉਨ੍ਹਾਂ ਦੇ ਜੀਵਨ 'ਤੇ ਅਧਾਰਿਤ ਫ਼ਿਲਮ 'ਸਤਲੁਜ' ਦਾ ਅਹਿਮ ਹਿੱਸਾ ਹਨ। ਫ਼ਿਲਮ ਦੇ ਜਿਸ ਸੀਨ ਵਿੱਚ ਇਹ ਸ਼ਬਦ ਸੁਣਾਈ ਦਿੰਦੇ ਹਨ, ਉਸੇ ਨੂੰ ਸ਼ੇਅਰ ਕਰਦਿਆਂ ਫ਼ਿਲਮ ਦੇ ਮੁੱਖ ਅਦਾਕਾਰ ਦਿਲਜੀਤ ਦੋਸਾਂਝ ਨੇ ਆਪਣੇ ਸੋਸ਼ਣ ਮੀਡੀਆ 'ਤੇ ਲਿਖਿਆ ਹੈ - "ਸ਼ਹੀਦ ਜਸਵੰਤ ਸਿੰਘ ਖਾਲੜਾ ਦੀ, ਪੰਜਾਬ95 ਸਤਲੁਜ ਨਾਲ ਵੀ ਉਹੀ ਹੋਇਆ ਜੋ ਖਾਲੜਾ ਸਾਬ ?ਹ ਨਾਲ ਹੋਇਆ ਸੀ।" ਦਰਅਸਲ, ਕਾਫ਼ੀ ਜੱਦੋ-ਜਹਿਦ ਤੋਂ ਬਾਅਦ ਇਹ ਫ਼ਿਲਮ 3 ਜੁਲਾਈ ਨੂੰ ਓਟੀਟੀ ਪਲੇਟਫ਼ਾਰਮ ਜ਼ੀ5 'ਤੇ ਰਿਲੀਜ਼ ਹੋਈ ਸੀ ਪਰ ਦੋ ਦਿਨ ਬਾਅਦ ਹੀ, ਭਾਵ 5 ਜੁਲਾਈ ਨੂੰ ਫ਼ਿਲਮ ਨੂੰ ਪਲੇਟਫ਼ਾਰਮ ਤੋਂ ਹਟਾ ਲਿਆ ਗਿਆ। ਓਟੀਟੀ ਪਲੇਟਫ਼ਾਰਮ ਜ਼ੀ5 ਮੁਤਾਬਕ, ਅਗਲੇ ਨੋਟਿਸ ਤੱਕ ਭਾਰਤ ਵਿੱਚ ਹੁਣ ਇਸ ਫਿਲਮ ਨੂੰ ਹਟਾ ਲਿਆ ਗਿਆ ਹੈ ਅਤੇ ਜ਼ੀ5 ਵੱਲੋਂ ਇਸ ਬਾਰੇ ਜਾਣਕਾਰੀ ਦਿੰਦਿਆਂ ਬਿਆਨ ਵੀ ਜਾਰੀ ਕੀਤਾ ਗਿਆ ਹੈ ਜਿਸ ਵਿੱਚ ਕਿਹਾ ਗਿਆ ਹੈ ਕਿ "ਮੌਜੂਦਾ ਘਟਨਾਕ੍ਰਮ ਨੂੰ ਧਿਆਨ ਵਿੱਚ ਰੱਖਦਿਆਂ, ਸਤਲੁਜ ਅਗਲੀ ਸੂਚਨਾ ਤੱਕ ਭਾਰਤ ਵਿੱਚ ਉਪਲਬਧ ਨਹੀਂ ਹੋਵੇਗੀ। ਅਸੀਂ ਕਾਨੂੰਨੀ ਪ੍ਰਕਿਰਿਆ ਅਨੁਸਾਰ ਹਰ ਉਚਿਤ ਰਾਹ ਦੀ ਪੜਤਾਲ ਕਰ ਰਹੇ ਹਾਂ ਤਾਂ ਜੋ ਇਸ ਫ਼ ?ਲਮ ਨੂੰ ਜਲਦੀ ਤੋਂ ਜਲਦੀ ਮੁੜ ਆਪਣੇ ਦਰਸ਼ਕਾਂ ਤੱਕ ਪਹੁੰਚਾਇਆ ਜਾ ਸਕੇ।" ਪਲੇਟਫ਼ਾਰਮ ਨੇ ਇਹ ਵੀ ਲਿਖਿਆ ਕਿ "ਸਾਡੀ ਵਚਨਬੱਧਤਾ ਉਨ੍ਹਾਂ ਰਚਨਾਕਾਰਾਂ ਅਤੇ ਉਨ੍ਹਾਂ ਕਹਾਣੀਆਂ ਪ੍ਰਤੀ ਅਟੱਲ ਹੈ, ਜੋ ਦ੍ਰਿੜ੍ਹ ਵਿਸ਼ਵਾਸ, ਕਲਾਤਮਕ ਇਮਾਨਦਾਰੀ ਅਤੇ ਇੱਕ ਉਦੇਸ਼ ਨਾਲ ਸੁਣਾਈਆਂ ਜਾਂਦੀਆਂ ਹਨ।÷

**ਮਾਰਚ 2022: ਫ਼ਿਲਮ ਦੀ ਅਨਾਊਂਸਮੈਂਟ ਅਤੇ ਪਰਿਵਾਰ ਦੀ ਮਨਜ਼ੂਰੀ**

ਮਾਰਚ 2022 ਵਿੱਚ ਇਹ ਰਿਪੋਰਟ ਆਈ ਸੀ ਕਿ ਜਸਵੰਤ ਸਿੰਘ ਖਾਲੜਾ 'ਤੇ ਅਧਾਰਿਤ ਫ਼ਿਲਮ ਬਣਨ ਜਾ ਰਹੀ ਹੈ, ਜਿਸ ਨੂੰ ਨਿਰਦੇਸ਼ ਹਨੀ ਤ੍ਰੇਹਨ ਬਣਾਉਣਗੇ ਅਤੇ ਗਾਇਕ ਤੇ ਅਦਾਕਾਰ ਦਿਲਜੀਤ ਦੋਸਾਂਝ ਇਸ ਵਿੱਚ ਮੁੱਖ ਭੂਮਿਕਾ 'ਚ ਨਜ਼ਰ ਆਉਣਗੇ।



ਉਸ ਵੇਲੇ ਜਸਵੰਤ ਸਿੰਘ ਖਾਲੜਾ ਦੇ ਪਤਨੀ ਪਰਮਜੀਤ ਕੌਰ ਖਾਲੜਾ ਨੇ ਫੇਸਬੁੱਕ ਪੇਜ 'ਤੇ ਇੱਕ ਪੋਸਟ ਪਾ ਕੇ ਲਿਖਿਆ ਗਿਆ ਸੀ, ਪਿਛਲੇ ਕੁਝ ਸਾਲਾਂ ਤੋਂ ਖਾਲੜਾ ਪਰਿਵਾਰ ਨੂੰ ਬਹੁਤ ਜਥੇਬੰਦੀਆਂ ਨੇ ਜਸਵੰਤ ਸਿੰਘ ਖਾਲੜਾ ਦੀ ਜ਼ਿੰਦਗੀ ਅਤੇ ਕੰਮ ਦੇ ਉੱਤੇ ਫਿਲਮ ਬਣਾਉਣ ਲਈ ਸੰਪਰਕ ਕੀਤਾ ਸੀ ਪਰ ਇਹ ਜ਼ਿਆਦਾਤਰ ਸੰਗਤੀ ਗਰਾਹੀਆਂ ਦੇ ਨਾਲ ਇਸ ਫਿਲਮ ਨੂੰ ਪ੍ਰੋਡਿਊਸ ਕਰਨਾ ਚਹੁੰਦੇ ਸੀ, ਜਿਸਦਾ ਹਿੱਸਾ ਅਸੀਂ ਨਹੀਂ ਬਣਨਾ ਚਾਹੁੰਦੇ। ਉਨ੍ਹਾਂ ਅੱਗੇ ਲਿਖਿਆ ਸੀ, ÷ਸੋ ਅਖ਼ੀਰ ਖਾਲੜਾ ਪਰਿਵਾਰ ਨੇ ਇਹ ਫਿਲਮ ਬਣਾਉਣ ਦੀ ਆਗਿਆ ਹਨੀ ਤ੍ਰੇਹਨ ਦੀ ਟੀਮ ਨੂੰ ਦੇ ਦਿੱਤੀ ਹੈ, ਜਿਸ ਦਾ ਦਿਲਜੀਤ ਦੋਸਾਂਝ ਵੀ ਹਿੱਸਾ ਹਨ।

**ਜੁਲਾਈ 2023: ਪ੍ਰੀਮਿਅਰ ਦਾ ਐਲਾਨ ਹੋਇਆ ਪਰ ਪ੍ਰੀਮਿਅਰ ਨਹੀਂ ਹੋਇਆ**

ਜੁਲਾਈ 2023 ਵਿੱਚ ਇਸ ਦੇ ਪ੍ਰੀਮੀਅਰ ਦਾ ਐਲਾਨ ਕੀਤਾ ਗਿਆ ਸੀ।

ਦਿਲਜੀਤ ਦੋਸਾਂਝ ਵੱਲੋਂ ਫ਼ ?ਲਮ ਦੇ ਪ੍ਰੀਮੀਅਰ ਬਾਰੇ ਆਪਣੇ ਸੋਸ਼ਲ ਮੀਡੀਆ ਅਕਾਉਂਟਸ ਉੱਤੇ 25 ਜੁਲਾਈ, 2023 ਨੂੰ ਜਾਣਕਾਰੀ ਸਾਂਝੀ ਕੀਤੀ ਗਈ ਸੀ ਕਿ ਇਸ ਫ਼ ?ਲਮ ਦਾ ਪ੍ਰੀਮੀਅਰ ਟੋਰਾਂਟੋ ਇੰਟਰਨੈਸ਼ਨਲ ਫ਼ ?ਲਮ ਫ਼ੈਸਟੀਵਲ (ਟੀਆਈਐੱਫ਼ਐੱਫ਼) ਵਿੱਚ ਕੀਤਾ ਜਾਵੇਗਾ। ਹਾਲਾਂਕਿ ਬਾਅਦ ਵਿੱਚ ਇਸ ਨੂੰ ਟੀਆਈਐੱਫ਼ਐੱਫ਼ 2023 ਵਿੱਚ ਦਿਖਾਈਆ ਜਾਣ ਵਾਲੀਆਂ ਫ਼ ?ਲਮਾਂ ਦੀ ਲਿਸਟ ਤੋਂ ਹਟਾ ਦਿੱਤਾ ਗਿਆ।

**ਅਕਤੂਬਰ 2024: ਨਾਮ ਨੂੰ ਲੈਕੇ ਵਿਵਾਦ**

ਫ਼ ?ਲਮ ਦਾ ਨਾਮ ਪਹਿਲਾਂ 'ਘੱਲੂਘਾਰਾ' ਰੱਖਿਆ ਗਿਆ ਸੀ ਅਤੇ ਬਾਅਦ ਵਿੱਚ ਇਹ ਫ਼ ?ਲਮ 'ਪੰਜਾਬ 95' ਸਿਰਲੇਖ ਹੇਠ ਬਣ ਕੇ ਤਿਆਰ ਹੋਈ, ਪਰ ਰਿਲੀਜ਼ ਨਾ ਹੋ ਸਕੀ। ਉਸ ਵੇਲੇ ਖਾਲੜਾ ਦੇ ਪਰਿਵਾਰ ਦਾ ਕਹਿਣਾ ਸੀ ਕਿ ਸੈਂਸਰ ਬੋਰਡ ਵਲੋਂ ਇਸ ਉੱਤੇ ਕੁਝ ਇਤਰਾਜ਼ ਜਤਾਏ ਗਏ ਹਨ। ਫਿਲਮ ਦਾ ਪਹਿਲਾ ਨਾਮ 'ਪੰਜਾਬ 95' ਉਸ ਸਾਲ ਨੂੰ ਦਰਸਾਉਂਦਾ ਸੀ ਜਦੋਂ ਲਾਪਤਾ ਲੋਕਾਂ ਦੀ ਭਾਲ ਕਰਨ ਵਾਲੇ ਜਸਵੰਤ ਸਿੰਘ ਖਾਲੜਾ ਖ਼ੁਦ ਹੀ ਲਾਪਤਾ ਹੋ ਗਏ ਸਨ। ਬੀਬੀਸੀ ਪੱਤਰਕਾਰ ਰਾਜਵੀਰ ਕੌਰ ਗਿੱਲ ਦੀ ਉਸ ਵੇਲੇ ਦੀ ਰਿਪੋਰਟ ਮੁਤਾਬਕ, ਪਰਿਵਾਰ ਨੇ ਦਾਅਵਾ ਕੀਤਾ ਸੀ ਕਿ ਸੈਂਸਰ ਬੋਰਡ ਨੇ ਇਹ ਨਾਮ ਬਦਲਣ ਲਈ ਕਿਹਾ ਹੈ। ਖਾਲੜਾ ਪਰਿਵਾਰ ਨੇ ਸੋਸ਼ਲ ਮੀਡੀਆ ਉੱਤੇ ਇੱਕ ਪੋਸਟ ਸਾਂਝੀ ਕਰਕੇ ਅਫ਼ਸੋਸ ਜਤਾਇਆ ਕਿ ਸੈਂਟਰਲ ਬੋਰਡ ਆਫ਼ ਫ਼ ?ਲਮ ਸਰਟੀਫ਼ ?ਕੇਸ਼ਨ-ਸੈਂਸਰ ਬੋਰਡ (ਸੀਬੀਐੱਫ਼ਸੀ) ਨੇ ਫ਼ ?ਲਮ ਦੇ ਕੁਝ ਹਵਾਲਿਆਂ ਉੱਤੇ ਇਤਰਾਜ਼ ਜਤਾਉਂਦਿਆਂ 120 ਕੱਟ ਲਾਉਣ ਦੀ ਮੰਗ ਕੀਤੀ ਹੈ। ਜਸਵੰਤ ਸਿੰਘ ਖਾਲੜਾ ਦੇ ਪਤਨੀ ਪਰਮਜੀਤ ਕੌਰ ਖਾਲੜਾ ਵਲੋਂ ਸਾਂਝੀ ਕੀਤੀ ਗਈ ਇੱਕ ਪੋਸਟ ਮੁਤਾਬਕ, ਸੈਂਸਰ ਬੋਰਡ ਨੇ ਫ਼ ?ਲਮ ਵਿੱਚ ਕੁਝ ਹੋਰ ਬਦਲਾਅ ਵੀ ਸੁਝਾਏ ਸਨ - ਜਿਵੇਂ ਕਿ ਜਸਵੰਤ ਸਿੰਘ ਖਾਲੜਾ ਦਾ ਨਾਮ ਨਾ ਵਰਤਿਆ ਜਾਵੇ, ਗੁਰਬਾਣੀ ਦਾ ਉਚਾਰਣ ਹਟਾਇਆ ਜਾਵੇ, ਪੰਜਾਬ ਵਿੱਚ ਝੂਠੇ ਪੁਲਿਸ ਮੁਕਾਬਲਿਆਂ, ਲਾਵਾਰਸ ਲਾਸ਼ਾਂ ਦੇ ਅੰਕੜੇ ਅਤੇ ਉਨ੍ਹਾਂ ਥਾਵਾਂ ਦੇ ਨਾਮ ਜਿੱਥੇ ਇਹ ਘਟਨਾਵਾਂ ਵਾਪਰੀਆਂ, ਹਟਾਏ ਜਾਣ। ਉਸ ਵੇਲੇ, ਪਰਿਵਾਰ ਸੈਂਸਰ ਬੋਰਡ ਵਲੋਂ ਸੁਝਾਏ ਗਏ ਬਦਲਾਵਾਂ ਨਾਲ ਸਹਿਮਤ ਨਹੀਂ ਸੀ ਅਤੇ ਉਨ੍ਹਾਂ ਦੀ ਮੰਗ ਸੀ ਕਿ ਫ਼ ?ਲਮ ਜਿਸ ਤਰੀਕੇ ਨਾਲ ਬਣੀ ਹੈ ਉਸੇ ਤਰ੍ਹਾਂ ਰਿਲੀਜ਼ ਹੋਵੇ। ਪਰਮਜੀਤ ਕੌਰ ਨੇ ਸੋਸ਼ਲ ਮੀਡੀਆ ਪੋਸਟ ਵਿੱਚ ਲਿਖਿਆ ਸੀ ਕਿ ਸੀਬੀਐੱਫ਼ਸੀ ਵੱਲੋਂ ਫ਼ ?ਲਮ ਵਿੱਚ ਜਿਹੜੇ ਬਦਲਾਅ ਕਰਨ ਲਈ ਕਿਹਾ ਗਿਆ ਹੈ, ਫ਼ ?ਲਮ ਵਿੱਚ ਦਰਸਾਈਆਂ ਗਈਆਂ ਉਹ ਘਟਨਾਵਾਂ ਜਨਤਕ ਦਸਤਾਵੇਜ਼ਾਂ (ਅਖ਼ਬਾਰਾਂ ਅਤੇ ਅਦਾਲਤੀ ਰਿਕਾਰਡ) ਵਿੱਚੋਂ ਲਈਆਂ ਗਈਆਂ ਹਨ। ਉਨ੍ਹਾਂ ਨੇ ਇਨ੍ਹਾਂ ਬਦਲਾਵਾਂ ਨੂੰ, ÷ਭਾਰਤ ਸਰਕਾਰ ਅਤੇ ਸੈਂਸਰ ਬੋਰਡ ਵਲੋਂ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਅਤੇ ਭਾਰਤ ਦੇ ਸੁਪਰੀਮ ਕੋਰਟ ਵਲੋਂ ਪ੍ਰਮਾਣਿਤ ਕੀਤੇ ਤੱਥਾਂ ਅਤੇ ਕੇਂਦਰੀ ਮਨੁੱਖੀ ਅਧਿਕਾਰ ਕਮਿਸ਼ਨ ਦੀਆਂ ਰਿਪੋਰਟਾਂ ਨੂੰ ਬਦਲਣ ਦੀ ਕੋਸ਼ਿਸ਼÷ ਦੱਸਿਆ ਸੀ। ਪਰਮਜੀਤ ਕੌਰ ਖਾਲੜਾ ਨੇ ਇਲਜ਼ਾਮ ਵੀ ਲਾਇਆ ਸੀ ਕਿ ਫ਼ ?ਲਮ ਕੈਨੇਡਾ ਦੇ ਟੋਰਾਂਟੋ ਇੰਟਰਨੈਸ਼ਨਲ ਫ਼ ?ਲਮ ਫ਼ੈਸਟੀਵਲ (2023) ਲਈ ਚੁਣੀ ਗਈ ਸੀ ਪਰ ਇਸ ਨੂੰ ਉੱਥੇ ਦਿਖਾਉਣ ਨਹੀਂ ਦਿੱਤਾ ਗਿਆ

**ਫ਼ਰਵਰੀ 2025: ਫ਼ਿਲਮ ਦੀ ਰਿਲੀਜ਼ ਟਲ਼ੀ**

ਫ਼ਿਲਮ ਪੰਜਾਬ '95 (ਪਹਿਲਾਂ ਨਾਮ, ਹੁਣ ਸਤਲੁਜ), ਪਹਿਲਾਂ 7 ਫਰਵਰੀ 2025 ਨੂੰ ਇੰਟਰਨੈਸ਼ਨਲੀ ਰਿਲੀਜ਼ ਹੋਣੀ ਸੀ ਪਰ ਫ਼ਿਲਮ ਦੀ ਰਿਲੀਜ਼ ਟਲ਼ ਗਈ। 17 ਜਨਵਰੀ 2025 ਨੂੰ ਦਿਲਜੀਤ ਦੋਸਾਂਝ ਨੇ ਇੰਸਟਾਗ੍ਰਾਮ ਉੱਤੇ ਮਨੁੱਖੀ ਅਧਿਕਾਰ ਕਾਰਕੁਨ ਜਸਵੰਤ ਸਿੰਘ ਖਾਲੜਾ ਦੀ ਜ਼ਿੰਦਗੀ ਉੱਤੇ ਅਧਾਰਿਤ ਇਸ ਫ਼ ?ਲਮ ਦਾ ਟੀਜ਼ਰ ਸ਼ੇਅਰ ਕੀਤਾ ਸੀ। ਉਨ੍ਹਾਂ ਨੇ ਨਾਲ ਪੋਸਟ ਲਿਖੀ ਸੀ, ÷ਪੰਜਾਬ '95, 7 ਫ਼ਰਵਰੀ ਨੂੰ ਕੌਮਾਂਤਰੀ ਪੱਧਰ 'ਤੇ ਸਿਨੇਮਾ ਵਿੱਚ ਰਿਲੀਜ਼ ਹੋ ਰਹੀ ਹੈ। ਪੂਰੀ ਫ਼ ?ਲਮ, ਬਗ਼ੈਰ ਕੱਟਾਂ ਦੇ।÷ ਫ਼ ?ਰ ਤਿੰਨ ਦਿਨ ਬਾਅਦ ਦਿਲਜੀਤ ਨੇ ਇੰਸਟਾਗ੍ਰਾਮ 'ਤੇ ਸਟੋਰੀ ਜ਼ਰੀਏ ਦੱਸਿਆ, ÷ਸਾਨੂੰ ਅਫ਼ਸੋਸ ਹੈ ਅਤੇ ਇਹ ਦੱਸਦਿਆਂ ਦੁੱਖ ਹੋ ਰਿਹਾ ਹੈ ਕਿ ਵੱਸੋਂ ਬਾਹਰ ਦੇ ਹਾਲਾਤ ਕਰਕੇ 'ਪੰਜਾਬ '95' ਫ਼ ?ਲਮ ਫ਼ਰਵਰੀ 7 ਨੂੰ ਰਿਲੀਜ਼ ਨਹੀਂ ਹੋਵੇਗੀ।÷ ਹਾਲਾਂਕਿ ਬਾਅਦ ਵਿੱਚ ਇਸ ਫ਼ ?ਲਮ ਦਾ ਟੀਜ਼ਰ ਵੀ ਯੂ-ਟਿਊਬ ਤੋਂ ਹਟਾ ਦਿੱਤਾ ਗਿਆ।

**ਜੁਲਾਈ 2026: ਰਿਲੀਜ਼ ਹੋਣ ਤੋਂ ਦੋ ਦਿਨ ਬਾਅਦ ਹੀ ਹਟਾਈ ਗਈ ਫ਼ਿਲਮ**

ਇਸ ਲੰਮੀ ਜੱਦੋ-ਜਹਿਦ ਤੋਂ ਬਾਅਦ ਆਖਿਰਕਾਰ ਇਹ ਫਿਲਮ 'ਸਤਲੁਜ' ਨਾਮ ਹੇਠ 3 ਜੁਲਾਈ 2026 ਨੂੰ ਰਿਲੀਜ਼ ਹੋ ਗਈ ਸੀ ਪਰ ਦੋ ਦਿਨਾਂ ਬਾਅਦ ਹੀ, 5 ਜੁਲਾਈ 2026 ਨੂੰ ਇਸਨੂੰ ਓਟੀਟੀ ਪਲੇਟਫ਼ਾਰਮ ਜ਼ੀ5 ਤੋਂ ਹਟਾ ਲਿਆ ਗਿਆ। ਫ਼ਿਲਮ ਰਿਲੀਜ਼ ਹੋਣ 'ਤੇ ਫ਼ ?ਲਮ ਦੇ ਡਾਇਰੈਕਟਰ ਹਨੀ ਤ੍ਰੇਹਨ ਨੇ ਆਪਣੇ ਇੰਸਟਾਗ੍ਰਾਮ ਅਕਾਉਂਟ ਉੱਤੇ ਲਿਖਿਆ ਸੀ, ÷ਇਸ ਫ਼ ?ਲਮ ਵਿੱਚ ਨਾ ਕੋਈ ਕੱਟ ਹੈ ਅਤੇ ਨਾ ਹੀ ਇਸ ਦੇ ਅਸਲ ਰੂਪ ਨਾਲ ਕੋਈ ਸਮਝੌਤਾ ਕੀਤਾ ਗਿਆ ਹੈ।÷ ਅਦਾਕਾਰ ਤੇ ਗਾਇਕ ਦਿਲਜੀਤ ਦੋਸਾਂਝ ਨੇ ਵੀ ਕਿਹਾ ਕਿ ਫ਼ਿਲਮ ਆਪਣੇ ਅਸਲ ਰੂਪ ਵਿੱਚ ਰਿਲੀਜ਼ ਕੀਤੀ ਗਈ ਹੈ। ਫ਼ਲਮ ਦੇ ਜ਼ੀ5 ਉੱਤੇ ਆਉਣ ਤੋਂ ਬਾਅਦ ਪਾਈ ਆਪਣੀ ਇੰਸਟਾਗ੍ਰਾਮ ਸਟੋਰੀ ਵਿੱਚ ਉਨ੍ਹਾਂ ਦਾ ਸਾਥ ਦੇਣ ਵਾਲੇ ਲੋਕਾਂ ਦਾ ਧੰਨਵਾਦ ਕੀਤਾ ਸੀ। ਉਨ੍ਹਾਂ ਨੇ ਲਿਖਿਆ ਸੀ ਕਿ ਜਸਵੰਤ ਸਿੰਘ ਖਾਲੜਾ ਦੀ ਜ਼ਿੰਦਗੀ ਉਨ੍ਹਾਂ ਲਈ ਹਮੇਸ਼ਾ ਪ੍ਰੇਰਣਾਤਮਕ ਰਹੀ ਹੈ। ਉਨ੍ਹਾਂ ਨੇ ਲਿਖਿਆ, ÷ਇਹ ਉਨ੍ਹਾਂ (ਖਾਲੜਾ) ਦੀ ਕਹਾਣੀ ਹੈ। ਇਹ ਉਨ੍ਹਾਂ (ਖਾਲੜਾ) ਦਾ ਨਿਆਂ ਹੈ। ਉਨ੍ਹਾਂ ਨੇ ਫ਼ ?ਲਮ ਦੇ ਨਾਮ ਬਾਰੇ ਅੱਗੇ ਲਿਖਿਆ ਸੀ, ÷ਅਸੀਂ ਫ਼ ?ਲਮ ਦਾ ਪੁਰਾਣਾ ਨਾਮ ਨਹੀਂ ਲੈ ਸਕੇ, ਹੁਣ ਇਸਦਾ ਟਾਈਟਲ 'ਸਤਲੁਜ' ਹੈ, ਇਹ ਪੂਰੀ ਫ਼ ?ਲਮ ਹੈ, ਬਿਨਾਂ ਕਿਸੇ ਕੱਟਾਂ ਦੇ, ਅਤੇ ਸਮਝੌਤੇ ਦੇ ਆਪਣੇ ਅਸਲ ਰੂਪ ਵਿੱਚ ਜਿਵੇਂ ਅਸੀਂ ਹਮੇਸ਼ਾ ਚਾਹੁੰਦੇ ਸੀ। ਫ਼ਿਲਮ ਰਿਲੀਜ਼ ਹੋਣ ਤੋਂ ਬਾਅਦ ਵੀ ਉਨ੍ਹਾਂ ਨੇ ਇੰਸਟਾਗ੍ਰਾਮ 'ਤੇ ਲਾਈਵ ਆਕੇ ਦੱਸਿਆ ਸੀ ਕਿ "ਫਿਲਮ ਵਿੱਚ ਕੋਈ ਕੱਟ ਨਹੀਂ ਲਗਾਏ ਗਏ ਹਨ, ਬਸ ਸਾਨੂੰ ਟਾਈਟਲ ਨਹੀਂ ਮਿਲ ਸਕਿਆ ਕਿਸੇ ਕਾਰਨ।" ਫ਼ ?ਲਮ ਦੀ ਰਿਲੀਜ਼ ਬਾਰੇ ਜਸਵੰਤ ਸਿੰਘ ਖਾਲੜਾ ਦੇ ਪਤਨੀ ਪਰਮਜੀਤ ਕੌਰ ਖਾਲੜਾ ਨੇ ਵੀ ਸੋਸ਼ਲ ਮੀਡੀਆ ਉੱਤੇ ਇੱਕ ਪੋਸਟ ਪਾਈ ਸੀ। ਐਕਸ ਉੱਤੇ ਪਾਈ ਪੋਸਟ ਵਿੱਚ ਉਨ੍ਹਾਂ ਨੇ ਕਿਹਾ ਸੀ, ÷ਮੈਨੂੰ ਇਹ ਜਾਣ ਕੇ ਤਸੱਲੀ ਹੈ ਕਿ ਮੇਰੇ ਪਤੀ, ਸ਼ਹੀਦ ਜਸਵੰਤ ਸਿੰਘ ਖਾਲੜਾ ਦੇ ਜੀਵਨ, ਉਨ੍ਹਾਂ ਦੇ ਸੰਘਰਸ਼ ਅਤੇ ਕਾਨੂੰਨੀ ਲੜਾਈ 'ਤੇ ਆਧਾਰਿਤ ਫ਼ ?ਲਮ, ਸਾਲਾਂ ਤੱਕ ਰਾਜਨੀਤਿਕ ਰਕਾਵਟਾਂ ਅਤੇ ਅਨੇਕਾਂ ਚੁਣੌਤੀਆਂ ਦਾ ਸਾਹਮਣਾ ਕਰਨ ਤੋਂ ਬਾਅਦ, ਆਖਰਕਾਰ ਓਟੀਟੀ ਮਾਧਿਅਮ ਰਾਹੀਂ ਦਰਸ਼ਕਾਂ ਤੱਕ ਪਹੁੰਚ ਰਹੀ ਹੈ। ਪਰ ਫ਼ਿਲਹਾਲ ਫ਼ਿਲਮ ਨੂੰ ਹਟਾ ਲਿਆ ਗਿਆ ਹੈ।

## ਜਸਵੰਤ ਸਿੰਘ ਖਾਲੜਾ ਦੀ ਗੱਲ ਨੂੰ ਇਸ ਤਰ੍ਹਾਂ ਦਬਾਇਆ ਨਹੀਂ ਜਾ ਸਕਦਾ - ਦਿਲਜੀਤ

ਮਾਰਚ 2025 ਵਿੱਚ, ਬੀਬੀਸੀ ਪੰਜਾਬੀ ਦੇ ਸਹਿਯੋਗੀ ਅਰਸ਼ਦੀਪ ਕੌਰ ਅਰਸ਼ੀ ਨੂੰ ਦਿੱਤੇ ਇੱਕ ਇੰਟਰਵਿਊ ਵਿੱਚ ਫਿਲਮ ਦੇ ਨਿਰਦੇਸ਼ਕ ਹਨੀ ਤ੍ਰੇਹਨ ਨੇ ਫ਼ਿਲਮ ਦੇ ਰਿਲੀਜ਼ ਟਲਣ ਨੂੰ ਲੈਕੇ ਗੱਲਬਾਤ ਕੀਤੀ ਸੀ। ਉਨ੍ਹਾਂ ਕਿਹਾ ਸੀ, ÷ਮੈਨੂੰ ਆਪ ਨਹੀਂ ਪਤਾ ਕਿ ਫਿਲਮ ਕਿਉਂ ਨਹੀਂ ਰਿਲੀਜ਼ ਹੋ ਰਹੀ ਕਿਉਂਕਿ ਸਾਰੀ ਦੀ ਸਾਰੀ ਫਿਲਮ ਕਾਨੂੰਨੀ ਕਾ.ਗਜ਼ਾਂ ਉੱਤੇ ਬਣੀ ਹੋਈ ਫਿਲਮ ਹੈ। ਹਰ ਇੱਕ ਸੀਨ ਦੇ ਸਪੋਰਟਿੰਗ ਦਸਤਾਵੇਜ਼ ਹਨ ਜੋ ਵਿਕੀਪੀਡੀਆ ਤੋਂ ਨਹੀਂ ਹਨ। ਇਹ ਸੈਸ਼ਨ ਕੋਰਟ, ਸੀਬੀਆਈ ਸਪੈਸ਼ਲ ਕੋਰਟ, ਪੰਜਾਬ ਅਤੇ ਹਰਿਆਣਾ ਹਾਈ ਕੋਰਟ ਅਤੇ ਸੁਪਰੀਮ ਕੋਰਟ ਦੇ ਜਿਹੜੇ ਫ਼ੈਸਲੇ ਹਨ, ਉਨ੍ਹਾਂ ਉੱਤੇ ਬਣਾਈ ਗਈ ਫਿਲਮ ਹੈ। 7 ਫਰਵਰੀ ਨੂੰ ਭਾਰਤ ਛੱਡ ਕੇ ਕੌਮਾਂਤਰੀ ਪੱਧਰ @ਤੇ ਰਿਲੀਜ਼ ਹੋਣ ਵਾਲੀ ਇਹ ਫਿਲਮ ਆਖ਼ਰ ਕਿਉਂ ਟਲੀ, ਇਸ ਬਾਰੇ ਹਨੀ ਤ੍ਰੇਹਨ ਨੇ ਕਿਹਾ, ÷ਇਹ ਸਾਰਾ ਕੁਝ ਫਾਇਨਲ ਸੀ ਬਲਕਿ ਇਸ ਨੂੰ ਲੈ ਕੇ ਦਿਲਜੀਤ ਭਾਜੀ ਦਾ ਇੱਕ ਟੀਜ਼ਰ ਵੀ ਆਇਆ ਸੀ। ਪਰ ਉਸ ਤੋਂ ਬਾਅਦ ਕੋਈ ਗੱਲ ਹੋਈ, ਪ੍ਰੋਡਿਊਸਰ ਸਾਬ ?ਹ ਨੂੰ ਕਿਤਿਓਂ ਫੋਨ ਆਇਆ ਤੇ ਉਨ੍ਹਾਂ ਨੇ ਕਿਹਾ ਕਿ ਅਸੀਂ ਨਹੀਂ ਕਰ ਸਕਦੇ ਹਾਂ।÷ ÷ਇਸ ਤਰ੍ਹਾਂ ਉਹ ਫਿਲਮ ਮੁੜ ਰੋਕ ਦਿੱਤੀ ਗਈ। ਪਰ ਮੈਨੂੰ ਫਿਹ ਵੀ ਸਮਝ ਨਹੀਂ ਆਇਆ ਕਿ ਕੌਮਾਂਤਰੀ ਪੱਧਰ @ਤੇ ਫਿਲਮ ਰਿਲੀਜ਼ ਕਰਨ ਲਈ ਸਾਨੂੰ ਸਰਟੀਫਿਕੇਟ ਵੀ ਨਹੀਂ ਚਾਹੀਦਾ।

Preetnama
ਪ੍ਰੀਤਨਾਮਾ
ਖ਼ਰਾ ਸੱਚ
Khara Sach
On our English language New Website
WWW.PREETNEWS.COM
Chief Editor
Pritpal Kaur
+1 201-312-4180
Vol 4, Issue 361
Website: www.preetnama.com Email preetnamausa@gmail.com
10 JULY TO 16 JULY, 2026

# 'ਸਤਲੁਜ': ਜਸਵੰਤ ਸਿੰਘ ਖਾਲੜਾ ਤੋਂ ਬਾਅਦ ਮਨੁੱਖੀ ਅਧਿਕਾਰਾਂ ਲਈ ਲੜਨ ਵਾਲੇ ਪਰਮਜੀਤ ਕੌਰ ਖਾਲੜਾ ਕੌਣ ਹਨ, ਉਨ੍ਹਾਂ ਨੇ ਕਾਨੂੰਨੀ ਲੜਾਈ ਕਿਵੇਂ ਲੜੀ





ਦਿਲਜੀਤ ਦੋਸਾਂਝ ਦੀ ਮੁੱਖ ਭੂਮਿਕਾ ਵਾਲੀ ਫ਼ਿਲਮ 'ਸਤਲੁਜ' ਨੂੰ ਓਟੀਟੀ ਪਲੇਟਫਾਰਮ ਜ਼ੀ 5 ਤੋਂ ਹਟਾ ਦਿੱਤਾ ਗਿਆ ਹੈ। ਫ਼ਿਲਮ 'ਪੰਜਾਬ 95' ਦਾ ਨਾਮ ਬਦਲ ਕੇ 'ਸਤਲੁਜ' ਰੱਖਿਆ ਗਿਆ ਸੀ ਜਿਸ ਨੂੰ ਜ਼ੀ 5 'ਤੇ 3 ਜੁਲਾਈ ਨੂੰ ਰਿਲੀਜ਼ ਕੀਤਾ ਗਿਆ ਪਰ ਦੋ ਦਿਨਾਂ ਬਾਅਦ ਹੀ 5 ਜੁਲਾਈ ਨੂੰ ਸਤਲੁਜ ਫ਼ਿਲਮ ਨੂੰ ਭਾਰਤ ਵਿੱਚ ਜ਼ੀ 5 ਤੋਂ ਹਟਾ ਦਿੱਤਾ ਗਿਆ। ਇਹ ਫ਼ਿਲਮ ਪੰਜਾਬ ਦੇ ਮਸ਼ਹੂਰ ਮਨੁੱਖੀ ਅਧਿਕਾਰ ਕਾਰਕੁੰਨ ਜਸਵੰਤ ਸਿੰਘ ਖਾਲੜਾ ਦੇ ਜੀਵਨ 'ਤੇ ਅਧਾਰਿਤ ਹੈ। ਜਸਵੰਤ ਸਿੰਘ ਖਾਲੜਾ ਨੇ 1980 ਅਤੇ 1990 ਦੇ ਦਹਾਕੇ ਦੇ ਅਖੀਰ ਵਿੱਚ ਪੰਜਾਬ ਵਿੱਚ ਪੁਲਿਸ ਦੁਆਰਾ ਹਜ਼ਾਰਾਂ ਅਣਪਛਾਤੀਆਂ ਲਾਸ਼ਾਂ ਦੇ ਕੀਤੇ ਗਏ ਕਥਿਤ ਗੈਰ-ਕਾਨੂੰਨੀ ਸਸਕਾਰਾਂ ਦੇ ਮਾਮਲੇ ਨੂੰ ਉਜਾਗਰ ਕੀਤਾ ਸੀ। ਦਿਲਜੀਤ ਦੋਸਾਂਝ ਨੇ ਇਸ ਫ਼ਿਲਮ ਵਿੱਚ ਜਸਵੰਤ ਸਿੰਘ ਖਾਲੜਾ ਦਾ ਮੁੱਖ ਕਿਰਦਾਰ ਨਿਭਾਇਆ ਹੈ।

ਇਸ ਤੋਂ ਬਾਅਦ 1995 ਵਿੱਚ ਜਸਵੰਤ ਸਿੰਘ ਖਾਲੜਾ ਖੁਦ ਵੀ ਰਹੱਸਮਈ ਹਾਲਾਤਾਂ ਵਿੱਚ ਲਾਪਤਾ ਹੋ ਗਏ ਸਨ। ਜਸਵੰਤ ਖਾਲੜਾ ਦੇ ਲਾਪਤਾ ਹੋਣ ਤੋਂ ਬਾਅਦ ਉਨ੍ਹਾਂ ਦੀ ਪਤਨੀ ਪਰਮਜੀਤ ਕੌਰ ਖਾਲੜਾ ਨੇ ਉਨ੍ਹਾਂ ਲਈ ਇਨਸਾਫ਼ ਦੀ ਲੰਬੀ ਕਾਨੂੰਨੀ ਲੜਾਈ ਲੜੀ ਅਤੇ ਦੋਸ਼ੀਆਂ ਨੂੰ ਸਜ਼ਾਵਾਂ ਕਰਵਾਈਆਂ ਸੀ। ਪਰਮਜੀਤ ਕੌਰ ਨੇ ਅਦਾਲਤਾਂ, ਮਨੁੱਖੀ ਅਧਿਕਾਰ ਸੰਸਥਾਵਾਂ ਅਤੇ ਜਨਤਕ ਮੰਚਾਂ 'ਤੇ ਇਸ ਮਾਮਲੇ ਨੂੰ ਲਗਾਤਾਰ ਉਠਾਇਆ। ਉਨ੍ਹਾਂ ਦੀ ਦ੍ਰਿੜਤਾ ਦੇ ਨਤੀਜੇ ਵਜੋਂ ਸੀਬੀਆਈ ਜਾਂਚ ਹੋਈ, ਮੁਕੱਦਮਾ ਚੱਲਿਆ ਅਤੇ ਕਈ ਪੁਲਿਸ ਅਧਿਕਾਰੀਆਂ ਨੂੰ ਸਜ਼ਾਵਾਂ ਹੋਈਆਂ ਅੱਗੇ ਜਾਣਦੇ ਹਾਂ ਕਿ ਪਰਮਜੀਤ ਕੌਰ ਖਾਲੜਾ ਕੌਣ ਹਨ ਅਤੇ ਖਾਲੜਾ ਮਿਸ਼ਨ 'ਚ ਉਨ੍ਹਾਂ ਦਾ ਕੀ ਯੋਗਦਾਨ ਰਿਹਾ।

**ਪਰਮਜੀਤ ਕੌਰ ਖਾਲੜਾ ਦਾ ਸੰਘਰਸ਼**

ਪੰਜਾਬ ਦੇ ਸਿਆਸੀ ਅਤੇ ਸਮਾਜਿਕ ਇਤਿਹਾਸ ਵਿੱਚ 1980 ਅਤੇ 90 ਦਾ ਦਹਾਕਾ ਬਹੁਤ ਹੀ ਦਰਦਨਾਕ ਅਤੇ ਉਥਲ-ਪੁਥਲ ਵਾਲਾ ਰਿਹਾ ਹੈ। 1990 ਦੇ ਦਹਾਕੇ ਵਿੱਚ ਪੰਜਾਬ ਅੰਦਰ ਕਥਿਤ ਗ਼ੈਰ ਕਾਨੂੰਨੀ ਹੱਤਿਆਵਾਂ ਅਤੇ ਬੇਨਾਮ ਸਸਕਾਰਾਂ ਦਾ ਮਾਮਲਾ ਜਸਵੰਤ ਸਿੰਘ ਖਾਲੜਾ ਨੇ ਉਜਾਗਰ ਕੀਤਾ ਸੀ। ਜਸਵੰਤ ਸਿੰਘ ਖਾਲੜਾ ਦੇ 1995 ਵਿੱਚ ਲਾਪਤਾ ਹੋਣ ਤੋਂ ਬਾਅਦ ਪਰਮਜੀਤ ਕੌਰ ਖਾਲੜਾ ਨੇ ਇਨਸਾਫ਼ ਲਈ ਲੰਬੀ ਕਾਨੂੰਨੀ ਅਤੇ ਸਮਾਜਿਕ ਲੜਾਈ ਲੜੀ। ਖਲਾੜਾ ਮਿਸ਼ਨ ਕਮੇਟੀ ਦੇ ਚੇਅਰਮੈਨ ਬਲਵਿੰਦਰ ਸਿੰਘ ਝਬਾਲ ਨੇ ਬੀਬੀਸੀ ਪੰਜਾਬੀ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਜਸਵੰਤ ਸਿੰਘ ਖਾਲੜਾ ਜਦੋਂ ਲਾਪਤਾ ਹੋਏ ਤਾਂ ਉਨ੍ਹਾਂ ਦੇ ਮਿਸ਼ਨ ਨੂੰ ਅੱਗੇ ਤੋਰਨ ਲਈ ਪਰਮਜੀਤ ਕੌਰ ਖਾਲੜਾ ਦੀ ਵੀ ਕਾਫ਼ੀ ਭੂਮਿਕਾ ਰਹੀ।

ਉਨ੍ਹਾਂ ਦੱਸਿਆ, ÷ਫਿਰ ਜਦੋਂ 6 ਸਤੰਬਰ 1995 'ਚ ਜਸਵੰਤ ਸਿੰਘ ਖਾਲੜਾ ਲਾਪਤਾ ਹੋ ਗਏ ਤਾਂ ਸਾਡਾ ਕੇਸ ਸੁਪਰੀਮ ਕੋਰਟ ਵਿੱਚ ਲੱਗ ਗਿਆ ਸੀ। ਦੋ ਕੇਸ ਚੱਲ ਰਹੇ ਸਨ ਇੱਕ ਲਾਵਾਰਸ ਲਾਸ਼ਾਂ ਦੇ ਸਸਕਾਰ ਦਾ ਅਤੇ ਦੂਜਾ ਜਸਵੰਤ ਖਾਲੜਾ ਦੇ ਲਾਪਤਾ ਦਾ ਕੇਸ ਚੱਲ ਰਿਹਾ ਸੀ। ਫਿਰ ਪਰਮਜੀਤ ਕੌਰ ਨੇ ਸਾਡੇ ਮਿਸ਼ਨ 'ਚ ਦਿਲਚਸਪੀ ਦਿਖਾਉਣੀ ਸ਼ੁਰੂ ਕਰ ਦਿੱਤੀ। ਕੇਸਾਂ ਦੀ ਸੁਣਵਾਈ ਦੌਰਾਨ ਜਾਂ ਗਵਾਹੀ ਲਈ ਪਰਮਜੀਤ ਕੌਰ ਸਾਡੇ ਨਾਲ ਅਦਾਲਤ 'ਚ ਜਾਣ ਲੱਗ ਪਏ ਸਨ। ਬਲਵਿੰਦਰ ਸਿੰਘ ਨੇ ਦੱਸਿਆ ਕਿ ਜਦੋਂ ਜਸਵੰਤ ਖਾਲੜਾ ਦੀ ਭਾਲ ਲਈ ਪਰਮਜੀਤ ਕੌਰ ਨੇ ਕਾਫ਼ੀ ਸੰਘਰਸ਼ ਕੀਤਾ, ÷ਜਿੱਥੋਂ ਵੀ ਸਾਨੂੰ ਜਸਵੰਤ ਬਾਰੇ ਖ਼ਬਰ ਮਿਲਦੀ ਤਾਂ ਖਾਲੜਾ ਮਿਸ਼ਨ ਟੀਮ ਨਾਲ ਪਰਮਰਜੀਤ ਕੌਰ ਖਾਲੜਾ ਵੀ ਜਾਂਦੇ ਸਨ। ਨੌਕਰੀ ਦੇ ਨਾਲ ਨਾਲ ਜਸਵੰਤ ਦੀ ਭਾਲ ਅਤੇ ਜਸਵੰਤ ਖਾਲੜਾ ਦਾ ਪਤਾ ਲੈਣ ਲਈ ਘਰ ਆਉਣ ਵਾਲੇ ਰਿਸ਼ਤੇਦਾਰਾਂ ਹੋਰਾਂ ਦਾ ਖਿਆਲ ਇਕੱਲੇ ਪਰਮਜੀਤ ਕੌਰ ਹੀ ਰੱਖਦੇ ਸਨ।



**ਜਸਵੰਤ ਖਾਲੜਾ ਕੇਸ ਦੀ ਪੈਰਵੀ**

6 ਸਤੰਬਰ 1995 ਨੂੰ ਜਸਵੰਤ ਸਿੰਘ ਖਾਲੜਾ ਲਾਪਤਾ ਹੋ ਗਏ ਸਨ ਅਤੇ 8 ਸਤੰਬਰ 1999 ਨੂੰ ਲਾਪਤਾ ਦਾ ਕੇਸ ਸੁਪਰੀਮ ਕੋਰਟ ਵਿੱਚ ਲੱਗ ਗਿਆ ਸੀ। ਇਸ ਦੌਰਾਨ ਸੁਪਰੀਮ ਕੋਰਟ ਨੇ ਸੀਬੀਆਈ ਨੂੰ ਇਸ ਕੇਸ ਦੀ ਜਾਂਚ ਸੌਂਪੀ। 1999 ਤੋਂ 2000 ਦੇ ਵਿਚਾਲੇ ਸੀਬੀਆਈ ਨੇ ਜਾਂਚ ਪੂਰੀ ਕਰਕੇ ਚਾਰਜਸ਼ੀਟ ਦਾਇਰ ਕੀਤੀ ਅਤੇ ਮੁਕੱਦਮੇ ਦੀ ਸੁਣਵਾਈ ਸ਼ੁਰੂ ਹੋਈ। ਖਾਲੜਾ ਮਿਸ਼ਨ ਕਮੇਟੀ ਦੇ ਚੇਅਰਮੈਨ ਬਲਵਿੰਦਰ ਸਿੰਘ ਨੇ ਦੱਸਿਆ ਕਿ ਪਰਮਜੀਤ ਕੌਰ ਨੇ ਆਪ ਇਸ ਕੇਸ ਦੀ ਪੈਰਵੀ ਕੀਤੀ ਸੀ। ਇਸ ਦੌਰਾਨ ਪਰਮਜੀਤ ਅਤੇ ਖਾਲੜਾ ਮਿਸ਼ਨ ਟੀਮ ਨੂੰ ਕਈ ਚੁਣੌਤੀਆਂ 'ਚੋਂ ਲੰਘਣਾ ਪਿਆ। ਜਦੋਂ ਬੀਬੀ ਖਾਲੜਾ ਕੇਸ ਦੀ ਸੁਣਵਾਈ ਲਈ ਜਾਂਦੇ ਤਾਂ ਕੋਈ ਉਨ੍ਹਾਂ ਦੀ ਗੱਡੀ ਦੇ ਟਾਇਰ ਪੈਂਚਰ ਕਰ ਜਾਂਦਾ, ਇਸ ਤਰ੍ਹਾਂ ਦੀਆਂ ਔਕੜਾਂ ਵੀ ਝੱਲਣੀਆਂ ਪਈਆਂ। ਖਾਲੜਾ ਮਿਸ਼ਨ ਆਰਗਨਾਈਜੇਸ਼ਨ ਦੇ ਪ੍ਰਧਾਨ ਹਰਮਨਦੀਪ ਸਿੰਘ ਨੇ ਕਿਹਾ ਕਿ ਜਸਵੰਤ ਖਾਲੜਾ ਅਗਵਾ ਕੇਸ ਕਾਰਨ ਉਨ੍ਹਾਂ 'ਤੇ ਕਈ ਤਰ੍ਹਾਂ ਦਾ ਦਬਾਅ ਪਾਉਣ ਦੀ ਕੋਸ਼ਿਸ਼ ਕੀਤੀ ਗਈ ਪਰ ਪਰਮਜੀਤ ਕੌਰ ਨੇ ਉਦੋਂ ਤੱਕ ਹਾਰ ਨਹੀਂ ਮੰਨੀ ਜਦੋਂ ਤੱਕ ਮੁਲਜ਼ਮਾਂ ਨੂੰ ਸਜ਼ਾ ਨਹੀਂ ਹੋਈ। ਹਰਮਨਦੀਪ ਸਿੰਘ ਨੇ ਕਿਹਾ ਕਿ, ਇਸ ਕੇਸ ਦੀ ਸਖ਼ਤ ਪੈਰਵੀ ਅਤੇ ਗਵਾਹਾਂ ਦੇ ਸਦਕਾ ਸਾਲ 2005 ਵਿੱਚ ਸੀਬੀਆਈ ਅਦਾਲਤ, ਪਟਿਆਲਾ ਹਾਊਸ ਕੋਰਟ ਨੇ ਆਪਣਾ ਫ਼ੈਸਲਾ ਸੁਣਾਇਆ ਅਤੇ ਮੁਲਜ਼ਮਾਂ ਨੂੰ ਸਜ਼ਾ ਦਿੱਤੀ।

**ਚੋਣ ਲੜਨ ਦਾ ਮਕਸਦ**

ਬਲਵਿੰਦਰ ਸਿੰਘ ਨੇ ਦੱਸਿਆ ਕਿ ਪਰਮਜੀਤ ਕੌਰ ਨੇ ਅਗਸਤ 1999 ਵਿੱਚ ਆਪਣੀ ਨੌਕਰੀ ਤੋਂ ਅਸਤੀਫ਼ਾ ਦੇ ਦਿੱਤਾ ਸੀ। ਅਸਤੀਫ਼ੇ ਤੋਂ ਬਾਅਦ ਪਰਮਜੀਤ ਕੌਰ ਖਾਲੜਾ ਨੇ 1999 ਦੀਆਂ ਲੋਕ ਸਭਾ ਚੋਣਾਂ ਤਰਨ ਤਾਰਨ ਹਲਕੇ ਤੋਂ ਲੜੀਆਂ ਸਨ। ਉਨ੍ਹਾਂ ਨੇ ਇਹ ਚੋਣ ਸਰਬ ਹਿੰਦ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਵਜੋਂ ਲੜੀ ਸੀ। ਇਹ ਪਾਰਟੀ ਗੁਰਚਰਨ ਸਿੰਘ ਟੌਹੜਾ ਨੇ ਬਣਾਈ ਸੀ। ਇਸ ਚੋਣ ਵਿੱਚ ਪਰਮਜੀਤ ਕੌਰ ਖਾਲੜਾ ਨੂੰ ਜਿੱਤ ਨਹੀਂ ਮਿਲੀ। ਬਲਵਿੰਦਰ ਸਿੰਘ ਝਬਾਲ ਨੇ ਦੱਸਿਆ ਕਿ ਪਰਮਜੀਤ ਕੌਰ ਖਾਲੜਾ ਦਾ ਚੋਣ ਲੜਨ ਦਾ ਮੁੱਖ ਉਦੇਸ਼ ਸਿਰਫ਼ ਸੰਸਦ ਵਿੱਚ ਜਾਣਾ ਨਹੀਂ ਸੀ, ਸਗੋਂ ਆਪਣੇ ਪਤੀ ਜਸਵੰਤ ਸਿੰਘ ਖਾਲੜਾ ਵੱਲੋਂ ਉਠਾਏ ਮਨੁੱਖੀ ਅਧਿਕਾਰਾਂ ਦੇ ਮੁੱਦਿਆਂ ਅਤੇ ਪੰਜਾਬ ਵਿੱਚ ਕਥਿਤ ਗੈਰ-ਕਾਨੂੰਨੀ ਹੱਤਿਆਵਾਂ ਅਤੇ ਲਾਪਤਾ ਹੋਏ ਲੋਕਾਂ ਦੇ ਮਾਮਲਿਆਂ ਨੂੰ ਰਾਸ਼ਟਰੀ ਪੱਧਰ 'ਤੇ ਉਭਾਰਨਾ ਸੀ। ਇਹੀ ਕਾਰਨ ਸੀ ਕਿ ਬਾਅਦ ਵਿੱਚ 2019 ਵਿੱਚ ਵੀ ਉਨ੍ਹਾਂ ਨੇ ਖਡੂਰ ਸਾਹਿਬ ਲੋਕ ਸਭਾ ਹਲਕੇ ਤੋਂ ਚੋਣ ਲੜੀ ਸੀ ਹਲਾਂਕਿ ਉਦੋਂ ਵੀ ਲੋਕ ਸਭਾ ਜਾਣ 'ਚ ਕਾਮਯਾਬ ਨਹੀਂ ਹੋਏ। 2019 ਵਿੱਚ ਪਰਮਜੀਤ ਕੌਰ ਖਾਲੜਾ ਨੇ ਪੰਜਾਬੀ ਏਕਤਾ ਪਾਰਟੀ ਦੀ ਟਿਕਟ ਤੋਂ ਲੋਕ ਸਭਾ ਹਲਕਾ ਖਡੂਰ ਸਾਹਿਬ ਤੋਂ ਚੋਣ ਲੜੀ ਸੀ। ਆਮ ਆਦਮੀ ਪਾਰਟੀ ਤੋਂ ਵੱਖ ਹੋ ਕੇ ਸੁਖਪਾਲ ਸਿੰਘ ਖਹਿਰਾ ਨੇ ਪੰਜਾਬੀ ਏਕਤਾ ਪਾਰਟੀ ਬਣਾਈ ਸੀ। ਖਡੂਰ ਸਾਹਿਬ ਤੋਂ ਪਰਮਜੀਤ ਕੌਰ ਨੂੰ ਟਿਕਟ ਦਿੱਤੀ ਸੀ ਪਰ ਉਹ ਇਹ ਚੋਣ ਨਹੀਂ ਜਿੱਤ ਸਕੇ। ਜਦੋਂ 2019 ਵਿੱਚ ਬੀਬੀਸੀ ਪੰਜਾਬੀ ਨਾਲ ਗੱਲਬਾਤ ਦੌਰਾਨ ਵੀ ਪਰਮਜੀਤ ਕੌਰ ਖਾਲੜਾ ਨੇ ਕਿਹਾ ਸੀ ਕਿ ਉਨ੍ਹਾਂ ਦਾ ਮਕਸਦ ਮਨੁੱਖੀ ਅਧਿਕਾਰਾਂ ਦੇ ਮੁੱਦੇ ਨੂੰ ਲੋਕਾਂ ਤੱਕ ਪਹੁੰਚਾਉਣਾ ਸੀ। ਪਰਮਜੀਤ ਕੌਰ ਨੇ ਦਾਅਵਾ ਕੀਤਾ ਸੀ ਕਿ ਸਾਰੇ ਭਾਰਤ 'ਚ ਲੋਕਾਂ ਦੇ ਲਾਪਤਾ ਹੋਣ ਦੇ ਮਾਮਲੇ ਦੇਖਣ ਨੂੰ ਮਿਲਦੇ ਹਨ, ਇਹ ਸਿਰਫ਼ ਪੰਜਾਬ 'ਚ ਹੀ ਨਹੀਂ, ਸਗੋਂ ਜੰਮੂ ਕਸ਼ਮੀਰ, ਮਨੀਪੁਰ, ਤਾਮਿਲ 'ਚ ਵੀ ਘੱਟ ਗਿਣਤੀਆਂ ਨਾਲ ਹੋਰ ਰਿਹਾ ਹੈ। ਬੀਬੀਬੀ ਪੰਜਾਬੀ ਨਾਲ ਉਦੋਂ ਇੰਟਰਵਿਊ ਵਿੱਚ ਉਨ੍ਹਾਂ ਨੇ ਕਿਹਾ ਕਿ ਪੰਜਾਬ ਵਿੱਚ ਮੁੱਦਿਆਂ 'ਤੇ ਚੋਣ ਨਹੀਂ ਲੜੀ ਜਾਂਦੀ ਭਾਵ ਕਿ ਮੁੱਦਿਆਂ ਦੀ ਰਾਜਨੀਤੀ ਨਹੀਂ ਹੋ ਰਹੀ, ਉਨ੍ਹਾਂ ਨੇ ਕਿਸਾਨਾਂ ਦੇ ਮੁੱਦੇ ਜਿਵੇਂ ਕਰਜ਼ ਮੁਆਫ਼ੀ, ਨੌਜਵਾਨਾਂ 'ਚ ਬੇਰੁ ?ਜ਼ਗਾਰੀ ਅਤੇ ਨਸ਼ੇ ਦੇ ਮੁੱਦਿਆਂ ਨੂੰ ਚੋਣਾਂ ਵਿੱਚ ਲੈ ਕੇ ਆਉਣ ਲਈ ਕਿਹਾ ਸੀ।

ਹਲਾਂਕਿ ਖਾਲੜਾ ਮਿਸ਼ਨ ਕਮੇਟੀ ਨੇ ਇੱਕ ਦਾਅਵਾ ਕੀਤਾ ਹੈ ਕਿ ਪਰਮਜੀਤ ਕੌਰ ਖਾਲੜਾ ਹੁਣ ਕੋਈ ਵੀ ਚੋਣ ਨਹੀਂ ਲੜਨਗੇ ਪਰ ਬਲਵਿੰਦਰ ਸਿੰਘ ਝਬਾਲ ਕਹਿੰਦੇ ਹਨ ਇਹ ਸਭ ਹਾਲਾਤਾਂ 'ਤੇ ਨਿਰਭਰ ਕਰਦਾ ਹੈ। ਜੇਕਰ ਹਾਲਾਤ ਬਣੇ ਤਾਂ ਪਰਮਜੀਤ ਕੌਰ ਖਾਲੜਾ ਨੂੰ ਵਾਪਸ ਚੋਣ ਮੈਦਾਨ ਉਤਾਰਿਆ ਜਾ ਸਕਦਾ ਹੈ। ਉਨ੍ਹਾਂ ਨੇ 2024 ਵਿੱਚ ਲੋਕ ਸਭਾ ਹਲਕਾ ਖਡੂਰ ਸਾਹਿਬ ਤੋਂ ਅਮ੍ਰਿਤਪਾਲ ਸਿੰਘ ਲਈ ਚੋਣ ਪ੍ਰਚਾਰ ਕੀਤਾ ਸੀ, ਇਸ ਵਿੱਚ ਉਹ ਰੋਡ ਸ਼ੋਅ, ਰੈਲੀਆਂ ਅਤੇ ਘਰ ਘਰ ਵੋਟਾਂ ਮੰਗਦੇ ਨਜ਼ਰ ਆਏ ਸਨ।

## ਕੌਣ ਹਨ ਪਰਮਜੀਤ ਕੌਰ ਖਾਲੜਾ

ਤਰਨਤਾਰਨ ਦੇ ਪਿੰਡ ਖਾਲੜਾ ਦੇ ਰਹਿਣ ਵਾਲੇ ਪਰਮਜੀਤ ਕੌਰ ਖਾਲੜਾ ਇਸ ਸਮੇਂ 72 ਸਾਲਾਂ ਦੇ ਹਨ। ਮੌਜੂਦਾ ਸਮੇਂ ਉਹ ਅਮਰੀਕਾ ਵਿੱਚ ਆਪਣੀ ਧੀ ਨਵਕਿਰਨ ਕੌਰ ਨਾਲ ਰਹਿ ਰਹੇ ਹਨ। ਉਨ੍ਹਾਂ ਦਾ ਪੁੱਤਰ ਜਨਮੀਤ ਸਿੰਘ ਕੈਨੇਡਾ ਵਿੱਚ ਰਹਿੰਦਾ ਹੈ। ਖਾਲੜਾ ਮਿਸ਼ਨ ਦੇ ਤਹਿਤ ਉਹ ਅੱਜ ਵੀ ਘੱਟ ਗਿਣਤੀਆਂ ਅਤੇ ਮਨੁੱਖੀ ਅਧਿਕਾਰਾਂ ਦੇ ਹੱਕ 'ਚ ਆਵਾਜ਼ ਚੁੱਕਦੇ ਹਨ। ਖਾਲੜਾ ਮਿਸ਼ਨ ਆਰਗਨਾਈਜੇਸ਼ਨ ਦੇ ਪ੍ਰਧਾਨ ਹਰਮਨਦੀਪ ਸਿੰਘ ਨੇ ਗੱਲਬਾਤ ਕਰਦਿਆਂ ਕਿਹਾ ਕਿ ਪਰਮਜੀਤ ਕੌਰ ਪੱਕੇ ਤੌਰ 'ਤੇ ਅਮਰੀਕਾ 'ਚ ਸ਼ਿਫ਼ਟ ਨਹੀਂ ਹੋਏ।

ਉਹ ਪੰਜਾਬ ਆਉਂਦੇ ਰਹਿੰਦੇ ਹਨ, ਅਗਲੇ ਮਹੀਨੇ ਇੱਕ ਸਮਾਗਮ 'ਚ ਸ਼ਾਮਲ ਹੋਣ ਲਈ ਪੰਜਾਬ ਆ ਰਹੇ ਹਨ। ਉਨ੍ਹਾਂ ਦੱਸਿਆ ਕਿ ਜਸਵੰਤ ਸਿੰਘ ਅਤੇ ਪਰਮਜੀਤ ਕੌਰ ਵਿਆਹ ਤੋਂ ਬਾਅਦ 1988-89 'ਚ ਅੰਮ੍ਰਿਤਸਰ ਚਲੇ ਗਏ ਸਨ, ਕਿਉਂਕਿ ਜਸਵੰਤ ਸਿੰਘ ਨੂੰ ਇੱਥੇ ਨੌਕਰੀ ਮਿਲੀ ਸੀ। ਹਰਮਨਦੀਪ ਸਿੰਘ ਨੇ ਦੱਸਿਆ ਕਿ ਪਰਮਜੀਤ ਕੌਰ ਨੇ ਵੀ ਬੀਏ ਤੱਕ ਪੜ੍ਹਾਈ ਕੀਤੀ ਹੋਈ ਸੀ। ਫਿਰ ਲਾਇਬ੍ਰੇਰੀਅਨ ਦੀ ਡਿਗਰੀ ਹਾਸਲ ਕੀਤੀ ਅਤੇ ਉਨ੍ਹਾਂ ਨੂੰ ਵੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵਿੱਚ ਨੌਕਰੀ ਮਿਲ ਗਈ ਸੀ। ਇਸ ਲਈ ਦੋਵਾਂ ਨੂੰ ਅੰਮ੍ਰਿਤਸਰ ਜਾਣਾ ਪਿਆ ਸੀ। ਖਾਲੜਾ ਮਿਸ਼ਨ ਕਮੇਟੀ ਦੇ ਚੇਅਰਮੈਨ ਬਲਵਿੰਦਰ ਸਿੰਘ ਨੇ ਦੱਸਿਆ ਕਿ ਜਸਵੰਤ ਸਿੰਘ ਖਾਲੜਾ ਦੇ ਲਾਪਤਾ ਹੋਣ ਤੋਂ ਪਹਿਲਾਂ ਪਰਮਜੀਤ ਕੌਰ ਖਾਲੜਾ ਨੇ ਕਦੇ ਵੀ ਸਾਡੇ ਮਿਸ਼ਨ 'ਚ ਦਿਲਚਸਪੀ ਨਹੀਂ ਦਿਖਾਈ ਸੀ। ਉਹ ਕਹਿੰਦੇ ਹਨ, ਉਹ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿੱਚ ਬਤੌਰ ਲਾਇਬ੍ਰੇਰੀਅਨ ਨੌਕਰੀ ਕਰਦੇ ਸਨ। ਜੋ ਵੀ ਮੀਟਿੰਗਾਂ ਹੁੰਦੀਆਂ ਉਹ ਜਸਵੰਤ ਖਾਲੜਾ ਕਰਦੇ ਸੀ। ਪਰਮਜੀਤ ਕੌਰ ਆਪਣੀ ਨੌਕਰੀ ਤੋਂ ਘਰ ਦੇ ਕੰਮਾਂ 'ਚ ਹੀ ਮਸਰੂਫ਼ ਰਹਿੰਦੇ ਸਨ।

# Preetnama

Khara Sach

# ਪ੍ਰੀਤਨਾਮਾ

ਖ਼ਰਾ ਸੱਚ

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 361

Website: www.preetnama.com Email preetnamausa@gmail.com

10 JULY TO 16 JULY, 2026


# ਪੰਜਾਬ ਦੇ ਹਜ਼ਾਰਾਂ ਅਣਗੌਲੇ ਫੌਜੀ ਜਿਨ੍ਹਾਂ ਨੇ ਬ੍ਰਿਟੇਨ ਲਈ ਪਹਿਲੀ ਵਿਸ਼ਵ ਜੰਗ ਲੜੀ

## ਕਿਵੇਂ ਹੁਣ ਉਨ੍ਹਾਂ ਨੂੰ ਮਾਨਤਾ ਮਿਲ ਰਹੀ ਹੈ



ਵੰਡ ਤੋਂ ਪਹਿਲਾਂ ਦੇ ਭਾਰਤ ਦੇ ਹਜ਼ਾਰਾਂ ਅਣਗੌਲੇ ਫੌਜੀ, ਜਿਨ੍ਹਾਂ ਨੇ ਪਹਿਲੇ ਵਿਸ਼ਵ ਯੁੱਧ ਵਿੱਚ ਸੇਵਾ ਕੀਤੀ ਅਤੇ ਮਾਰੇ ਗਏ ਸਨ, ਹੁਣ 80 ਸਾਲ ਤੋਂ ਵੱਧ ਸਮੇਂ ਬਾਅਦ ਕੈਜ਼ੁਅਲਟੀ ਰਿਕਾਰਡਾਂ ਦੇ ਸਭ ਤੋਂ ਵੱਡੇ ਅਪਡੇਟ ਵਿੱਚ ਪਹਿਲੀ ਵਾਰ ਅਧਿਕਾਰਕ ਤੌਰ 'ਤੇ ਮਾਨਤਾ ਹਾਸਲ ਕਰ ਰਹੇ ਹਨ।9,909 ਬ੍ਰਿਟਿਸ਼ ਇੰਡੀਆਈ ਫੌਜ ਦੇ ਫੌਜੀਆਂ ਦੇ ਨਾਮ ਹੁਣ ਕਾਮਨਵੈਲਥ ਵਾਰ ਗ੍ਰੇਵਜ਼ ਕਮਿਸ਼ਨ (ਸੀਡਬਲਯੂਜੀਸੀ) ਦੇ ਕੈਜ਼ੁਅਲਟੀ ਡੇਟਾਬੇਸ ਵਿੱਚ ਸ਼ਾਮਲ ਕੀਤੇ ਜਾ ਰਹੇ ਹਨ, ਜਿਨ੍ਹਾਂ ਨੂੰ ਖੋਜਕਾਰਾਂ ਨੇ ਲੱਭਿਆ ਸੀ।

ਯੂਕੇ ਦੇ ਵਲੰਟੀਅਰਾਂ ਨੇ ਕਈ ਸਾਲ ਪੰਜਾਬ ਰਾਜ ਵਿੱਚ ਪਹਿਲੀ ਵਿਸ਼ਵ ਜੰਗ ਤੋਂ ਥੋੜ੍ਹੇ ਸਮੇਂ ਬਾਅਦ ਤਿਆਰ ਕੀਤੇ ਗਏ ਵਿਲੱਖਣ ਰਜਿਸਟਰਾਂ ਵਿੱਚ ਨਾਮ ਲੱਭਣ ਲਈ ਕੰਮ ਕੀਤਾ। ਹੁਣ ਉਨ੍ਹਾਂ ਬ੍ਰਿਟਿਸ਼ ਵਾਰਸਾਂ ਨੂੰ ਲੱਭਣ ਲਈ ਕੰਮ ਕੀਤਾ ਜਾ ਰਿਹਾ ਹੈ ਜਿਨ੍ਹਾਂ ਦੇ ਪੁਰਖਿਆਂ ਦੀ ਕੁਰਬਾਨੀ ਨੂੰ ਹੁਣ ਅਧਿਕਾਰਕ ਤੌਰ 'ਤੇ ਮਾਨਤਾ ਮਿਲ ਰਹੀ ਹੈ। ਲੈਸਟਰ ਦੇ ਡੈਂਟਿਸਟ ਸੰਨੀ ਪਲਾਹੇ ਨੇ ਕਿਹਾ, ÷ਸਰਕਲ ਪੂਰਾ ਹੋ ਗਿਆ ਹੈ। ਮੈਂ ਬਹੁਤ ਜ਼ਿਆਦਾ ਸੰਪੂਰਨ ਮਹਿਸੂਸ ਕਰ ਰਿਹਾ ਹਾਂ।ਉਹ ਕਈ ਸਾਲਾਂ ਤੋਂ ਆਪਣੇ ਪੜਦਾਦਾ ਬਾਰੇ ਜਾਣਕਾਰੀ ਲੱਭ ਰਹੇ ਸਨ, ਜਿਨ੍ਹਾਂ ਬਾਰੇ ਉਨ੍ਹਾਂ ਨੇ ਸੁਣਿਆ ਸੀ ਕਿ ਉਹ ਜੰਗ 'ਤੇ ਗਏ ਸਨ ਅਤੇ ਕਦੇ ਵਾਪਸ ਨਹੀਂ ਆਏ।ਪਰ ਖੋਜਕਾਰਾਂ ਨੇ ਉਨ੍ਹਾਂ ਨਾਲ ਸੰਪਰਕ ਕਰਕੇ ਦੱਸਿਆ ਕਿ ਉਨ੍ਹਾਂ ਦੇ ਪੜਦਾਦਾ ਦਾ ਨਾਮ ਕੇਸਰ ਸਿੰਘ ਨਵੇਂ ਤਰੀਕੇ ਨਾਲ ਜਾਂਚੇ ਗਏ ਰਜਿਸਟਰਾਂ ਵਿੱਚ ਮਿਲ ਗਿਆ ਹੈ ਅਤੇ ਹੁਣ ਉਸ ਨੂੰ ਅਧਿਕਾਰਤ ਸੂਚੀਆਂ ਵਿੱਚ ਸ਼ਾਮਲ ਕੀਤਾ ਜਾਵੇਗਾ। ÷ਇਹ ਕਿਸੇ ਅਧਿਕਾਰਤ ਸੰਸਥਾ ਵੱਲੋਂ ਮਾਨਤਾ ਮਿਲੀ ਹੈ, ਜੋ ਪਹਿਲਾਂ ਕਦੇ ਨਹੀਂ ਸੀ।ਹੁਣ ਉਹ ਕਾਮਨਵੈਲਥ ਵਾਰ ਗ੍ਰੇਵਜ਼ ਕਮਿਸ਼ਨ ਵਿੱਚ ਇੱਕ ਐਂਟਰੀ ਵਜੋਂ ਦਰਜ ਹਨ। ਸਾਰੀਆਂ ਕੁਰਬਾਨੀਆਂ ਹੁਣ ਸਹੀ ਲੱਗਦੀਆਂ ਹਨ।÷ਉਹ ਕਹਿੰਦੇ ਹਨ ਕਿ ਇਹ ਮਾਨਤਾ ਉਨ੍ਹਾਂ ਨੂੰ ਮਾਣ ਦਿੰਦੀ ਹੈ ਕਿ ਉਹ ਪਹਿਲੇ ਵਿਸ਼ਵ ਯੁੱਧ ਨਾਲ ਜੁੜੇ ਇੱਕ ਵਿਸ਼ਵ ਪੱਧਰੀ ਭਾਈਚਾਰੇ ਦਾ ਹਿੱਸਾ ਹਨ।

ਲਗਭਗ 14 ਲੱਖ ਲੋਕ ਉਪਮਹਾਦੀਪ ਤੋਂ, ਜੋ ਹੁਣ ਭਾਰਤ, ਪਾਕਿਸਤਾਨ ਅਤੇ ਬੰਗਲਾਦੇਸ਼ ਹਨ, ਪਹਿਲੇ ਵਿਸ਼ਵ ਯੁੱਧ ਵਿੱਚ ਬ੍ਰਿਟਿਸ਼ ਇੰਡੀਆਈ ਫੌਜ ਵਿੱਚ ਸੇਵਾ ਕਰ ਚੁੱਕੇ ਹਨ। ਜੰਗ ਤੋਂ ਬਾਅਦ ਦੇ ਸਾਲਾਂ ਵਿੱਚ ਅਧਿਕਾਰੀਆਂ ਨੇ ਪੰਜਾਬ ਦੇ ਹਰ ਸ਼ਹਿਰ ਅਤੇ ਪਿੰਡ ਦਾ ਦੌਰਾ ਕੀਤਾ ਤਾਂ ਜੋ ਸਿਰਫ਼ ਉਸ ਰਾਜ ਤੋਂ ਆਏ 3,20,000 ਸੈਨਿਕਾਂ ਦੇ ਨਾਮ ਅਤੇ ਹਾਲਤ ਦਰਜ ਕੀਤੇ ਜਾ ਸਕਣ।

1947 ਵਿੱਚ ਭਾਰਤ ਦੀ ਵੰਡ ਤੋਂ ਬਾਅਦ ਪੰਜਾਬ ਰਾਜ ਭਾਰਤ ਅਤੇ ਪਾਕਿਸਤਾਨ ਵਿਚ ਵੰਡਿਆ ਗਿਆ। ਹੱਥ ਨਾਲ ਲਿਖੇ ਰਿਕਾਰਡਾਂ ਨਾਲ ਭਰੇ ਟੁੱਟੇ-ਫੁੱਟੇ, ਨਾਜ਼ੁਕ ਚਮੜੇ ਦੇ ਬੰਨੇ ਹੋਏ ਦਰਜਨਾਂ ਰਜਿਸਟਰ, ਜਿਨ੍ਹਾਂ 'ਤੇ ਹਰ ਪਿੰਡ ਦਾ ਨਾਮ ਉਕਰਿਆ ਹੋਇਆ ਹੈ, ਹੁਣ ਪਾਕਿਸਤਾਨ ਦੇ ਲਾਹੌਰ ਮਿਊਜ਼ੀਅਮ ਦੀਆਂ ਸ਼ੈਲਫਾਂ 'ਤੇ ਰੱਖੇ ਹਨ। ਯੂਕੇ ਪੰਜਾਬ ਹੈਰੀਟੇਜ ਐਸੋਸੀਏਸ਼ਨ ਦੇ ਮੈਂਬਰਾਂ ਨੇ ਇਹ ਰਿਕਾਰਡ ਡਿਜੀਟਲ ਕਰਨ ਅਤੇ ਵਿਸ਼ਲੇਸ਼ਣ ਕਰਨ ਦਾ ਪ੍ਰੋਜੈਕਟ ਸ਼ੁਰੂ ਕੀਤਾ, ਜੋ ਕਈ ਸਾਲਾਂ ਤੱਕ ਚੱਲਦਾ ਰਿਹਾ। ਇਸ ਮਹੱਤਵਪੂਰਨ ਖੋਜ ਵਿੱਚ ਹਿੱਸਾ ਲੈਣ ਵਾਲੀ ਅਤੇ ਯੂਨੀਵਰਸਿਟੀ ਆਫ ਗ੍ਰੀਨਵਿਚ ਦੀ ਪੀਐੱਚਡੀ ਵਿਦਿਆਰਥਣ ਜੈਸਮਿਨ ਬਸਰਾ ਨੇ ਕਿਹਾ, ÷ਇੱਕ ਪੰਜਾਬੀ ਹੋਣ ਦੇ ਨਾਤੇ ਮੈਨੂੰ ਬਹੁਤ ਮਾਣ ਮਹਿਸੂਸ ਹੁੰਦਾ ਹੈ ਕਿ ਮੈਂ ਕਮਿਊਨਿਟੀ ਲਈ ਇਹ ਕੰਮ ਕਰ ਸਕਦੀ ਹਾਂ। ਇਸ ਪ੍ਰਕਿਰਿਆ ਦੌਰਾਨ ਬਸਰਾ ਨੂੰ ਅਚਾਨਕ ਆਪਣੇ ਹੀ ਦੋ ਰਿਸ਼ਤੇਦਾਰਾਂ ਦੇ ਨਾਮ ਮਿਲੇ, ਉਸਦੇ ਪੜਦਾਦਾ ਅਤੇ ਉਨ੍ਹਾਂ ਦੇ ਭਰਾ, ਜਿਨ੍ਹਾਂ ਨੇ ਵੀ ਪਹਿਲੀ ਵਿਸ਼ਵ ਜੰਗ ਵਿੱਚ ਬ੍ਰਿਟਿਸ਼ ਭਾਰਤੀ ਫੌਜ ਲਈ ਲੜਾਈ ਲੜੀ ਸੀ।

ਉਹ ਕਹਿੰਦੀ ਹੈ, ÷ਇਹ ਸੰਬੰਧ ਬਹੁਤ ਭਾਵੁਕ ਸੀ। ਇੱਕ ਸੈਕੰਡ ਜਨਰੇਸ਼ਨ ਬ੍ਰਿਟਿਸ਼ ਪੰਜਾਬੀ ਹੋਣ ਦੇ ਨਾਤੇ, ਪੰਜਾਬ ਨਾਲ ਵੀ ਕਾਫ਼ੀ ਦੂਰ ਦਾ ਅਹਿਸਾਸ ਹੁੰਦਾ ਹੈ ਅਤੇ ਬ੍ਰਿਟਿਸ਼ ਇਤਿਹਾਸ ਨਾਲ ਵੀ ਪੂਰੀ ਤਰ੍ਹਾਂ ਜੁੜਾਅ ਨਹੀਂ ਹੈ, ਪਰ ਮੈਨੂੰ ਲੱਗਦਾ ਹੈ ਕਿ ਇਹ ਦੋਵਾਂ ਨਾਲ ਜੋੜਨ ਵਾਲੀ ਇੱਕ ਸਪਸ਼ਟ ਕੜੀ ਹੈ। ਵਲੰਟੀਅਰਾਂ ਵੱਲੋਂ ਕੀਤੇ ਗਏ ਇਸ ਕੰਮ ਨੂੰ ਕਾਮਨਵੈਲਥ ਵਾਰ ਗ੍ਰੇਵਜ਼ ਕਮਿਸ਼ਨ ਨੇ ਬਹੁਤ ਸਹਾਰਿਆ ਅਤੇ ਅੱਗੇ ਵਧਾਇਆ ਹੈ, ਜਿਸ ਨੇ ਹੁਣ ਦੂਜੇ ਵਿਸ਼ਵ ਯੁੱਧ ਤੋਂ ਬਾਅਦ ਆਪਣਾ ਸਭ ਤੋਂ ਵੱਡਾ ਰਿਕਾਰਡ ਅਪਡੇਟ ਜਾਰੀ ਕੀਤਾ ਹੈ।

# ਸੁਰਜੀਤ ਕੌਰ ਧਾਲੀਵਾਲ ਦੀ ਪੁਸਤਕ 'ਬੋਲੀਆਂ' ਦਾ ਵਿਮੋਚਨ ਅਤੇ ਕਵੀ ਦਰਬਾਰ ਦਾ ਪ੍ਰਭਾਵਸ਼ਾਲੀ ਆਯੋਜਨ



ਐਡਮਿੰਟਨ (ਕਨੇਡਾ): ਵਿਸ਼ਵ ਪੰਜਾਬੀ ਸਭਾ ਕਨੇਡਾ ਅਤੇ ਸਭ ਰੰਗ ਸਾਹਿਤ ਸਭਾ ਵੱਲੋਂ ਸਾਂਝੇ ਤੌਰ 'ਤੇ ਮੀਡੋਜ਼ ਲਾਇਬਰੇਰੀ, ਐਡਮਿੰਟਨ ਵਿਖੇ ਇੱਕ ਪ੍ਰਭਾਵਸ਼ਾਲੀ ਸਾਹਿਤਕ ਸਮਾਗਮ ਕਰਵਾਇਆ ਗਿਆ। ਇਸ ਮੌਕੇ ਉੱਘੀ ਸਾਹਿਤਕਾਰਾ ਸੁਰਜੀਤ ਕੌਰ ਧਾਲੀਵਾਲ ਦੀ ਪੁਸਤਕ "ਬੋਲੀਆਂ"ਦਾ ਰਸਮੀ ਲੋਕ ਅਰਪਣ ਕੀਤਾ ਗਿਆ ਅਤੇ ਇਸ ਉਪਰੰਤ ਇੱਕ ਰੌਣਕਮਈ ਕਵੀ ਦਰਬਾਰ ਵੀ ਸਜਾਇਆ ਗਿਆ। ਸਮਾਗਮ ਦੇ ਪ੍ਰਧਾਨਗੀ ਮੰਡਲ ਵਿੱਚ ਦਲਬੀਰ ਸਿੰਘ ਰਿਆੜ, ਸੁਰਜੀਤ ਕੌਰ ਧਾਲੀਵਾਲ ਅਤੇ ਸਤਨਾਮ ਸਿੰਘ ਗਾਹਲੇ ਨੇ ਸ਼ਿਰਕਤ ਕੀਤੀ। ਪੁਸਤਕ ਬਾਰੇ ਵਿਸਤ੍ਰਿਤ ਅਤੇ ਪ੍ਰਭਾਵਸ਼ਾਲੀ ਵਿਚਾਰ ਪ੍ਰਸਿੱਧ ਸਾਹਿਤਕਾਰ ਬਲਵਿੰਦਰ ਸਿੰਘ ਬਾਲਮ ਨੇ ਪੇਸ਼ ਕੀਤੇ। ਉਨ੍ਹਾਂ ਕਿਹਾ ਕਿ "ਬੋਲੀਆਂ"ਪੰਜਾਬੀ ਲੋਕ-ਵਿਰਸੇ, ਸੱਭਿਆਚਾਰ ਅਤੇ ਲੋਕ-ਜੀਵਨ ਦੀਆਂ ਭਾਵਨਾਵਾਂ ਨੂੰ ਬੜੀ ਖ਼ੂਬਸੂਰਤੀ ਨਾਲ ਆਪਣੇ ਅੰਦਰ ਸਮੇਟਦੀ ਹੈ ਅਤੇ ਪੰਜਾਬੀ ਸਾਹਿਤ ਵਿੱਚ ਮਹੱਤਵਪੂਰਨ ਯੋਗਦਾਨ ਪਾਉਣ ਵਾਲੀ ਰਚਨਾ ਹੈ। ਇਸ ਉਪਰੰਤ ਹੋਏ ਕਵੀ ਦਰਬਾਰ ਵਿੱਚ ਪ੍ਰੋਫੈਸਰ ਵਿਨੈ, ਤੇਜਿੰਦਰ ਪਾਲ ਸਿੰਘ, ਮਾਸਟਰ ਅਜੀਤ ਸਿੰਘ, ਕਾਰਜ ਸਿੰਘ ਔਲਖ, ਮੈਡਮ ਪਲਵਿੰਦਰ ਕੌਰ, ਕਸ਼ਮੀਰਾ ਸਿੰਘ (ਨਿਰਮਾਣ ਮੈਨੇਜਰ), ਸੁਖਦੇਵ ਸਿੰਘ, ਦਿਆ ਰਾਮ, ਭਜਨ ਲਾਲ, ਕਰਤਾਰ ਸਿੰਘ, ਨਰਿੰਦਰ ਸਿੰਘ (ਮੈਨੇਜਰ), ਅੰਮ੍ਰਿਤਪਾਲ ਸਿੰਘ ਅੰਮ੍ਰਿਤ, ਸਤਨਾਮ ਸਿੰਘ ਗਾਹਲੇ, ਗੁਰਮੁਖ ਸਿੰਘ, ਪ੍ਰਦੂਮਣ ਸਿੰਘ, ਮਨਜੀਤ ਸਿੰਘ ਅਤੇ ਅਵਦੇਸ਼ ਜੀ ਨੇ ਆਪਣੀਆਂ ਰਚਨਾਵਾਂ ਰਾਹੀਂ ਸਰੋਤਿਆਂ ਨੂੰ ਮੰਤਰਮੁਗਧ ਕਰ ਦਿੱਤਾ। ਕਵੀਆਂ ਨੇ ਸਮਾਜਿਕ ਸਰੋਕਾਰਾਂ, ਪੰਜਾਬੀ ਮਾਂ-ਬੋਲੀ, ਪ੍ਰੇਮ, ਮਨੁੱਖਤਾ ਅਤੇ ਸੱਭਿਆਚਾਰਕ ਕਦਰਾਂ-ਕੀਮਤਾਂ ਨਾਲ ਸੰਬੰਧਿਤ ਰਚਨਾਵਾਂ ਪੇਸ਼ ਕਰਕੇ ਭਰਪੂਰ ਵਾਹ-ਵਾਹ ਖੱਟੀ। ਸਮਾਗਮ ਦਾ ਮੰਚ ਸੰਚਾਲਨ ਅੰਮ੍ਰਿਤਪਾਲ ਸਿੰਘ ਨੇ ਬਹੁਤ ਹੀ ਸੁਚੱਜੇ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਨਿਭਾਇਆ, ਜਿਸ ਦੀ ਹਾਜ਼ਰੀਨ ਵੱਲੋਂ ਖ਼ੂਬ ਸਰਾਹਨਾ ਕੀਤੀ ਗਈ। ਆਪਣੇ ਪ੍ਰਧਾਨਗੀ ਭਾਸ਼ਣ ਵਿੱਚ ਦਲਬੀਰ ਸਿੰਘ 'ਰਿਆੜ', ਪ੍ਰਧਾਨ, ਵਿਸ਼ਵ ਪੰਜਾਬੀ ਸਭਾ ਕਨੇਡਾ (ਐਡਮਟਨ ਇਕਾਈ), ਨੇ ਕਿਹਾ ਕਿ ਪਰਵਾਸ ਦੀ ਧਰਤੀ 'ਤੇ ਪੰਜਾਬੀ ਭਾਸ਼ਾ, ਸਾਹਿਤ ਅਤੇ ਸੱਭਿਆਚਾਰ ਨੂੰ ਪ੍ਰਫੁੱਲਤ ਕਰਨ ਲਈ ਅਜਿਹੇ ਸਮਾਗਮ ਬਹੁਤ ਮਹੱਤਵਪੂਰਨ ਹਨ। ਉਨ੍ਹਾਂ ਕਿਹਾ ਕਿ ਵਿਸ਼ਵ ਪੰਜਾਬੀ ਸਭਾ ਕਨੇਡਾ ਅਤੇ ਸਭ ਰੰਗ ਸਾਹਿਤ ਸਭਾ ਭਵਿੱਖ ਵਿੱਚ ਵੀ ਇਸੇ ਤਰ੍ਹਾਂ ਦੇ ਸਾਹਿਤਕ ਅਤੇ ਸੱਭਿਆਚਾਰਕ ਪ੍ਰੋਗਰਾਮ ਕਰਵਾਉਂਦੀਆਂ ਰਹਿਣਗੀਆਂ ਤਾਂ ਜੋ ਨਵੀਂ ਪੀੜ੍ਹੀ ਨੂੰ ਆਪਣੀ ਮਾਂ-ਬੋਲੀ ਅਤੇ ਵਿਰਸੇ ਨਾਲ ਜੋੜਿਆ ਜਾ ਸਕੇ। ਸਮਾਗਮ ਦੇ ਅੰਤ ਵਿੱਚ ਪੁਸਤਕ ਦੀ ਲੇਖਿਕਾ ਸੁਰਜੀਤ ਕੌਰ ਧਾਲੀਵਾਲ ਨੇ ਸਮੂਹ ਪ੍ਰਬੰਧਕਾਂ, ਸਾਹਿਤਕਾਰਾਂ, ਕਵੀਆਂ ਅਤੇ ਸਰੋਤਿਆਂ ਦਾ ਧੰਨਵਾਦ ਕਰਦਿਆਂ ਆਸ ਪ੍ਰਗਟਾਈ ਕਿ ਪੰਜਾਬੀ ਸਾਹਿਤ ਦੀ ਸੇਵਾ ਲਈ ਇਹ ਸਾਂਝਾ ਉਪਰਾਲਾ ਭਵਿੱਖ ਵਿੱਚ ਵੀ ਨਿਰੰਤਰ ਜਾਰੀ ਰਹੇਗਾ। ਸਮਾਗਮ ਵਿੱਚ ਵੱਡੀ ਗਿਣਤੀ ਵਿੱਚ ਸਾਹਿਤ ਪ੍ਰੇਮੀਆਂ ਨੇ ਹਾਜ਼ਰੀ ਲਗਾ ਕੇ ਪ੍ਰੋਗਰਾਮ ਨੂੰ ਕਾਮਯਾਬ ਬਣਾਇਆ।

ਹਫ਼ਤਾਵਾਰੀ ਪ੍ਰੀਤਨਾਮਾ
Weekly Preetnama
www.preetnama.com
+1 (201) 312-4180



PRITPAL KAUR
Editor-In-Chief
+1 201-312-4180
+1 917-328-8436

ADVISORY BOARD
Joga Singh
Jaswinder Singh New Jersey
Mindi Manak NewYork
Jagjit Singh Dasuya
Gurmeet Singh Dhalwan Chicago
G. S Singh Punjab
Sujan Nag, USA
Dr. Jagdeep Dhimaan, India
Sarabjit Kaur Punjab
Sukhmandar Brar (Bhagata Bhaika) Vancouver,

Sunil Kumar Gund (Journalist) India
Raj Rani Video editor
Jagmeet Kaur 97817-41631

ਪ੍ਰੀਤਨਾਮ ਪੰਜਾਬੀ ਮਾਂ ਬੋਲੀ, ਸਭਿਆਚਾਰ ਅਤੇ ਪੰਜਾਂ ਪਾਣੀਆਂ ਦੀ ਧਰਤੀ ਦੀ ਸਲਾਮਤੀ ਨੂੰ ਸਮਰਪਿਤ ਹੈ। ਪ੍ਰੀਤਨਾਮਾ ਵਿਚ ਛਪੀਆਂ ਰਚਨਾਵਾਂ ਨਾਲ ਸੰਪਾਦਕ ਜਾਂ ਅਖਬਾਰ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਲੇਖਕ ਆਪਣੀਆਂ ਰਚਨਾਵਾਂ ਨੂੰ ਈਮੇਲ ਰਾਹੀਂ ਭੇਜ ਸਕਦੇ ਹਨ। ਈਮੇਲ ਵਾਲੀਆਂ ਰਚਨਾਵਾਂ ਨੂੰ ਤਰਜੀਹ ਦਿੱਤੀ ਜਾਵੇਗੀ। ਪ੍ਰੀਤਨਾਮਾ ਨੂੰ ਰਚਨਾਵਾਂ ਵਿਚ ਲੋੜ ਅਨੁਸਾਰ ਕਾਂਟ ਛਾਂਟ ਕਰਨ ਦਾ ਜਾਂ ਬਿਲਕੁਲ ਨਾ ਛਾਪਣ ਦਾ ਅਧਿਕਾਰ ਹੈ। ਇਸ਼ਤਿਹਾਰ ਵਿਚ ਛਪੀ ਸਮਗਰੀ ਲਈ ਇਸ਼ਤਿਹਾਰਦਾਤਾ ਖੁਦ ਜ਼ਿੰਮੇਵਾਰ ਹੋਵੇਗਾ। ਇਸ਼ਤਿਹਾਰਾਂ ਵਿਚ ਦਿੱਤੀ ਗਈ ਜਾਣਕਾਰੀ, ਕੀਮਤ, ਵਰੰਟੀ, ਕੁਆਲਿਟੀ, ਸੁਝਾਵਾਂ ਲਈ ਸਿਰਫ ਇਸਤਿਹਾਰ ਦੇਣ ਵਾਲੀ ਕੰਪਨੀ ਹੀ ਜ਼ਿੰਮੇਵਾਰ ਹੋਵੇਗੀ।

The Preetnama is not responsible or legally lible for any news, article, advertisement or typing mistakes in the news or articles

ਪਿਛਲੇ ਕੁਝ ਹਫਤਿਆਂ ਤੋਂ ਪਾਠਕਾਂ ਵੱਲੋਂ ਲੇਖ ਪ੍ਰਕਾਸ਼ਿਤ ਨਾ ਹੋਣ ਦੇ ਲਗਾਤਾਰ ਫੋਨ ਆ ਰਹੇ ਹਨ, ਜਿਸ ਲਈ ਲਈ ਖਿਮਾ ਦੇ ਜਾਚਕ ਹਾਂ। ਪ੍ਰੀਤਨਾਮਾ ਵੱਲੋਂ ਲੇਖਕਾਂ ਨੂੰ ਬੇਨਤੀ ਹੈ ਕਿ ਇੱਕ ਵਾਰ ਵਿਚ ਇੱਕ ਹੀ ਲੇਖ ਭੇਜਿਆ ਜਾਵੇ ਤਾਂ ਜੋ ਢੁੱਕਵੀਂ ਜਗ੍ਹਾਂ 'ਤੇ ਪ੍ਰਕਾਸ਼ਿਤ ਕੀਤਾ ਜਾ ਸਕੇ।

Preetnamausa@gmail.com
www.preetnama.com

# ਮੈਂ ਆਪਣੀ ਨਾਗਰਿਕਤਾ ਕਿਵੇਂ ਸਾਬਿਤ ਕਰਾਂ ?

ਮਨੀਸ਼ ਤਿਵਾੜੀ

ਵਿਦੇਸ਼ ਮੰਤਰਾਲੇ ਦਾ ਇਹ ਦਾਅਵਾ ਕਿ ਪਾਸਪੋਰਟ ਨਾਗਰਿਕਤਾ ਦਾ ਦਸਤਾਵੇਜ਼ ਨਹੀਂ ਸਗੋਂ ਮਹਿਜ਼ ਇੱਕ ਯਾਤਰਾ ਦਸਤਾਵੇਜ਼ ਹੈ, ਇੱਕ ਬੁਨਿਆਦੀ ਅਤੇ ਬੇਚੈਨ ਕਰਨ ਵਾਲਾ ਸਵਾਲ ਖੜ੍ਹਾ ਕਰਦਾ ਹੈ: ਜੇਕਰ ਪਾਸਪੋਰਟ ਨਾਗਰਿਕਤਾ ਦਾ ਸਬੂਤ ਨਹੀਂ ਤਾਂ ਫਿਰ ਕੀ ਹੈ ? ਭਾਰਤੀ ਰਾਜਤੰਤਰ ਦਾ ਵਿਸ਼ਾਲ ਤਾਣਾ-ਬਾਣਾ ਵੱਖ-ਵੱਖ ਦਸਤਾਵੇਜ਼ਾਂ ਰਾਹੀਂ ਸਹੂਲਤਾਂ ਅਤੇ ਲਾਭ ਪ੍ਰਦਾਨ ਕਰਦਾ ਹੈ, ਜਿਵੇਂ ਕਿ ਰਾਸ਼ਨ ਕਾਰਡ, ਸਿਹਤ ਬੀਮਾ ਯੋਜਨਾਵਾਂ, ਕਿਸਾਨ ਕ੍ਰੈਡਿਟ ਕਾਰਡ ਅਤੇ ਇਸੇ ਤਰ੍ਹਾਂ ਦੇ ਹੋਰ ਕਈ ਸਾਧਨ। ਇਹ ਸਾਰੇ ਦਸਤਾਵੇਜ਼ ਮੁਕੰਮਲ ਰੂਪ ਵਿੱਚ ਨਾਗਰਿਕਤਾ ਦਾ ਕੋਈ ਪ੍ਰਮਾਣ ਨਹੀਂ ਹਨ।

ਫਿਰ ਗੱਲ ਆਉਂਦੀ ਹੈ ਆਧਾਰ ਦੀ। ਆਧਾਰ ਐਕਟ, 2016 ਦੀ ਧਾਰਾ 9 ਸਪੱਸ਼ਟ ਤੌਰ 'ਤੇ ਨਿਰਧਾਰਤ ਕਰਦੀ ਹੈ ਕਿ ਆਧਾਰ ਨੰਬਰ ਜਾਂ ਕਾਰਡ ਨਾ ਤਾਂ ਨਾਗਰਿਕਤਾ ਪ੍ਰਦਾਨ ਕਰਦਾ ਹੈ ਅਤੇ ਨਾ ਹੀ ਇਹ ਨਾਗਰਿਕਤਾ ਦਾ ਕੋਈ ਸਬੂਤ ਹੈ। ਡਰਾਈਵਿੰਗ ਲਾਇਸੈਂਸ ਦਾ ਹਾਲ ਵੀ ਇਸ ਤੋਂ ਜੁਦਾ ਨਹੀਂ ਹੈ। ਇਹ ਮੋਟਰ ਵਾਹਨ ਐਕਟ ਤਹਿਤ ਅਜਿਹੇ ਵਿਅਕਤੀ ਨੂੰ ਜਾਰੀ ਕੀਤਾ ਗਿਆ ਇਜਾਜ਼ਤਨਾਮਾ ਹੁੰਦਾ ਹੈ, ਜੋ ਵਾਹਨ ਚਲਾਉਣ ਲਈ ਅਯੋਗ ਨਾ ਹੋਵੇ, ਯਾਨੀ ਇਹ ਸਿਰਫ਼ ਵਾਹਨ ਚਲਾਉਣ ਦਾ ਅਧਿਕਾਰ ਦਿੰਦਾ ਹੈ। ਵੋਟਰ ਸ਼ਨਾਖਤੀ ਕਾਰਡ ਦੀ ਸਥਿਤੀ ਵੀ ਬਿਲਕੁਲ ਅਜਿਹੀ ਹੀ ਹੈ। ਵੋਟ ਪਾਉਣ ਦਾ ਅਧਿਕਾਰ ਇੱਕ ਸੰਵਿਧਾਨਕ ਅਧਿਕਾਰ ਹੈ, ਨਾ ਕਿ ਕੋਈ ਮੌਲਿਕ ਅਧਿਕਾਰ। ਇਹ ਅਜਿਹਾ ਪੱਕਾ ਅਧਿਕਾਰ ਨਹੀਂ ਹੈ, ਜੋ ਹਰ ਨਾਗਰਿਕ ਨੂੰ ਸਿਰਫ਼ ਉਸ ਦੀ ਨਾਗਰਿਕਤਾ ਦੇ ਆਧਾਰ 'ਤੇ ਹੀ ਹਾਸਲ ਹੋ ਜਾਵੇ। ਇਸ ਤੋਂ ਇਲਾਵਾ ਵੋਟਰ ਪਛਾਣ ਪੱਤਰ ਕੇਂਦਰ ਸਰਕਾਰ ਵੱਲੋਂ ਨਹੀਂ ਸਗੋਂ ਚੋਣ ਕਮਿਸ਼ਨ ਵੱਲੋਂ ਜਾਰੀ ਕੀਤਾ ਜਾਂਦਾ ਹੈ, ਜਿਸ ਦੀਆਂ ਸੰਵਿਧਾਨ ਦੀ ਧਾਰਾ 324 ਤਹਿਤ ਵਿਆਪਕ ਸ਼ਕਤੀਆਂ ਹੋਣ ਦੇ ਬਾਵਜੂਦ ਨਾਗਰਿਕਤਾ ਦਾ ਫ਼ੈਸਲਾ ਕਰਨ ਦਾ ਅਧਿਕਾਰ ਉਸ ਦੇ ਦਾਇਰੇ ਵਿੱਚ ਨਹੀਂ ਆਉਂਦਾ। ਇਸ ਤੱਥ ਦੀ ਪੁਸ਼ਟੀ ਸੁਪਰੀਮ ਕੋਰਟ ਨੇ ਸਪੈਸ਼ਲ ਇੰਟੈਂਸਿਵ ਰਿਵਿਜ਼ਨ ਨਾਲ ਸਬੰਧਿਤ ਮਾਮਲੇ (ਐਸੋਸੀਏਸ਼ਨ ਫੌਰ ਡੈਮੋਕਰੇਟਿਕ ਰਿਫੌਰਮਜ਼ ਬਨਾਮ ਈ ਸੀ ਆਈ 2026) ਵਿੱਚ ਵੀ ਕੀਤੀ ਹੈ। ਪਛਾਣ ਦੇ ਇਨ੍ਹਾਂ ਸਾਰੇ ਸਾਧਨਾਂ ਤੋਂ ਬਾਅਦ ਅਸੀਂ ਮੁੜ ਪਾਸਪੋਰਟ ਦੀ ਗੱਲ ਕਰਦੇ ਹਾਂ। ਸਰਕਾਰ ਪਾਸਪੋਰਟ ਐਕਟ, 1967 ਦੀ ਧਾਰਾ 20 ਦਾ ਹਵਾਲਾ ਦੇ ਰਹੀ ਹੈ, ਜੋ ਲੋਕ-ਹਿੱਤ ਵਿੱਚ ਕਿਸੇ ਗ਼ੈਰ-ਨਾਗਰਿਕ ਨੂੰ ਵੀ ਪਾਸਪੋਰਟ ਜਾਰੀ ਕਰਨ ਦੀ ਇਜਾਜ਼ਤ ਦਿੰਦੀ ਹੈ, ਪਰ ਸਰਕਾਰ ਦੀ ਇਹ ਦਲੀਲ ਤਰਕ ਦੇ ਪੱਖੋਂ ਪੂਰੀ ਤਰ੍ਹਾਂ ਖੋਖਲੀ ਹੈ ਕਿਉਂਕਿ ਕਿਸੇ ਇੱਕ ਖ਼ਾਸ ਸਥਿਤੀ ਦੇ ਨਿਯਮ ਨੂੰ ਸਭ 'ਤੇ ਲਾਗੂ ਨਹੀਂ ਕੀਤਾ ਜਾ ਸਕਦਾ। ਇਸ ਤੋਂ ਇਲਾਵਾ ਸਰਕਾਰ ਦੇ ਇਸ ਦਾਅਵੇ ਨੂੰ ਪਾਸਪੋਰਟ ਮੈਨੂਅਲ (ਅਧਿਆਏ 2, ਪੈਰਾ 6.1) ਤੋਂ ਵੀ ਬਲ ਮਿਲਦਾ ਹੈ, ਜੋ ਇਹ ਕਹਿੰਦਾ ਹੈ ਕਿ 'ਪਾਸਪੋਰਟ ਧਾਰਕ ਦੀ ਕੌਮੀਅਤ ਦਾ ਸਬੂਤ ਜ਼ਰੂਰ ਪ੍ਰਦਾਨ ਕਰਦਾ ਹੈ, ਪਰ ਇਸ ਨੂੰ ਕਿਸੇ ਵਿਅਕਤੀ ਦੀ ਨਾਗਰਿਕਤਾ ਦੇ ਹੋਰਨਾਂ ਸਬੂਤਾਂ ਦੀ ਸ਼੍ਰੇਣੀ ਵਿੱਚ ਹੀ ਰੱਖਿਆ ਜਾਂਦਾ ਹੈ।'

ਜ਼ਿੰਦਗੀ ਬਾਰੇ ਸਭ ਦੇ ਆਪੋ-ਆਪਣੇ ਵਿਚਾਰ ਹਨ। ਹਰ ਇਨਸਾਨ ਨਾਲ ਜੀਵਨ ਵਿੱਚ ਜੋ ਮਿੱਠੇ-ਕੌੜੇ ਅਨੁਭਵ ਵਾਪਰਦੇ ਹਨ, ਅਕਸਰ ਉਸਦੀ ਰਾਇ ਜ਼ਿੰਦਗੀ ਬਾਰੇ ਉਸੇ ਤਰ੍ਹਾਂ ਬਣਦੀ ਜਾਂਦੀ ਹੈ। ਆਮ ਤੌਰ 'ਤੇ ਕਿਹਾ ਜਾਂਦਾ ਹੈ ਕਿ ਜ਼ਿੰਦਗੀ ਜਿਊਣ ਦੇ ਦੋ ਢੰਗ ਹਨ - ਸਹੀ ਤੇ ਗ਼ਲਤ। ਇੱਕ ਢੰਗ ਜਿਸ ਵਿੱਚ ਇਮਾਨਦਾਰੀ, ਸੱਚਾਈ, ਨੇਕੀ, ਮਿਹਨਤ ਆਦਿ ਆਉਂਦੀ ਹੈ ਅਤੇ ਦੂਜਾ ਰਸਤਾ ਜਿਸ ਵਿੱਚ ਬੇਈਮਾਨੀ, ਝੂਠ ਤੇ ਬਦੀ ਆਉਂਦੀ ਹੈ। ਜ਼ਿੰਦਗੀ ਵਿੱਚ ਜੋ ਇਨਸਾਨ ਪਹਿਲੇ ਢੰਗ ਨਾਲ ਚੱਲਦਾ ਹੈ, ਉਹ ਚਾਹੁੰਦਾ ਹੈ ਕਿ ਉਸਨੂੰ ਪੂਰੀ ਵਡਿਆਈ, ਪ੍ਰਸ਼ੰਸਾ ਮਿਲੇ ਅਤੇ ਉਸਦਾ ਨਾਮ ਹੋਵੇ। ਇਹ ਲਾਲਸਾ ਉਸਦੇ ਮਨ ਵਿੱਚ ਹਮੇਸ਼ਾਂ ਰਹਿੰਦੀ ਹੈ। ਇਸਦੇ ਉਲਟ ਜੋ ਮਨੁੱਖ ਦੂਜੇ ਢੰਗ ਨਾਲ ਜ਼ਿੰਦਗੀ ਜਿਊਂਦਾ ਹੈ, ਉਹ ਵੀ ਕਦੇ ਨਹੀਂ ਚਾਹੁੰਦਾ ਕਿ ਉਸ ਵੱਲੋਂ ਕੀਤੇ ਜਾਂਦੇ ਗ਼ਲਤ ਕੰਮਾਂ ਬਾਰੇ ਨੂੰ ਪਤਾ ਲੱਗੇ। ਕੋਈ ਉਸ ਨੂੰ ਬੁਰਾ ਕਹੇ। ਅ ਸਮੇਂ ਵਿੱਚ ਜ਼ਿਆਦਾਤਰ ਇਨਸਾਨ ਤੀਜੇ ਢੰਗ ਜ਼ਿੰਦਗੀ ਜੀਅ ਰਹੇ ਹਨ। ਤੀਜੇ ਢੰਗ ਤੋਂ ਇਨਸਾਨ ਆਪਣੇ ਆਪ ਨੂੰ ਦੂਜਿਆਂ ਦੇ ਸਾ ਸਹੀ ਸਾਬਤ ਕਰਦੇ ਹਨ ਅਤੇ ਆਪਣੇ ਚਿਹ ਇੱਕ ਮਖੌਟਾ ਪਾ ਕੇ ਰੱਖਦੇ ਹਨ। ਇਨਸਾਨ ਏਨਾ ਚਲਾਕ ਹੋ ਗਿਆ ਹੈ ਕਿ ਉਹ ਚਾਹੁੰਦਾ ਹੈ ਕਿ ਕਿ ਵੀ ਉਸਦੀ ਅਸਲੀਅਤ ਦਾ ਪਤਾ ਨਾ ਲੱਗੇ। ਲਈ ਉਸਨੇ ਇੱਕ ਮਖੌਟੇ ਦੀ ਥਾਂ ਕਈ ਮਖੌਟੇ ਰੱ ਹਨ। ਜਿਸ ਵਿੱਚ ਉਸਨੇ ਆਪਣੇ ਪਰਿਵਾਰ ਅਲੱਗ, ਰਿਸ਼ਤੇਦਾਰਾਂ, ਦੋਸਤਾਂ- ਮਿੱਤਰਾਂ ਅਲੱਗ, ਵਪਾਰ ਜਾਂ ਨੌਕਰੀ ਲਈ ਅਲੱਗ ਤੇ ਸ ਵਿੱਚ ਵਿਚਰਨ ਲਈ ਅਲੱਗ ਮਖੌਟਾ ਰੱਖਿਆ ਹੋ ਹੈ। ਉਹ ਹਮੇਸ਼ਾਂ ਸੋਚਦਾ ਹੈ ਕਿ ਸਾਹਮਣੇ ਵਾਲੇ ਨੂੰ ਕਦ ਉਸਦੇ ਸੱਚ ਦਾ ਪਤਾ ਨਹੀਂ ਲੱਗੇਗਾ। ਪਰ ਸਮਾਂ ਬਹੁਤ ਬਲਵਾਨ ਹੈ। ਝੂਠ ਕਦੇ ਛੁਪਿਆ ਨਹੀਂ ਰਹਿੰਦਾ। ਇੱਕ ਨਾ ਇੱਕ ਦਿਨ ਸੱਚਾਈ ਸਭ ਦੇ ਸਾਹਮਣੇ ਆ ਹੀ ਜਾਂਦੀ ਹੈ।ਉਦਾਹਰਨ ਵਜੋਂ ਵੱਖ ਵੱਖ ਮਖੌਟੇ ਪਹਿਨੀ ਕਈ ਵੱਡੇ ਧਾਰਮਿਕ ਆਗੂ, ਡੇਰਿਆਂ ਦੇ ਬਾਬੇ, ਰਾਜਸੀ ਨੇਤਾ, ਕਾਰੋਬਾਰੀ ਆਦਿ ਜੋ ਆਮ ਲੋਕਾਂ ਸਾਹਮਣੇ ਵਿਚਰ ਹੋਰ ਢੰਗ ਨਾਲ ਰਹੇ ਸਨ ਅਤੇ ਅੰਦਰੋਂ ਕੁਝ ਹੋਰ ਸਨ, ਸਭ ਦਾ ਸੱਚ ਸਾਹਮਣੇ ਆਇਆ ਹੈ। ਇਨ੍ਹਾਂ ਤੋਂ ਬਾਅਦ ਜ਼ਿੰਦਗੀ ਜਿਊਣ ਦਾ ਇੱਕ ਢੰਗ ਹੋਰ ਵੀ ਹੈ। ਜਿਸਨੂੰ ਜਿਊਣ ਵਾਲਾ ਕੋਈ ਵਿਰਲਾ ਹੀ ਹੁੰਦਾ ਹੈ। ਜੋ ਨਿਸ਼ਕਾਮ ਸੇਵਾ, ਸੱਚਾਈ ਨਾਲ ਭਰਪੂਰ ਹੈ। ਜਿਨ੍ਹਾਂ ਨੂੰ ਆਪਣੀ ਵਡਿਆਈ, ਨਾਮ ਅਤੇ ਸ਼ੋਹਰਤ ਨਾਲ ਕੋਈ ਮਤਲਬ ਨਹੀਂ। ਹੁਣ ਗੱਲ ਇਹ ਵੀ ਹੈ ਕਿ ਜਿਊਣ ਦੇ ਇਹ ਢੰਗ ਇਨਸਾਨ ਕਿੱਥੋਂ ਕਿੱਥੋਂ ਸਿੱਖਦਾ ਹੈ। ਇਸ ਲਈ ਸ਼ੁਰੂਆਤ ਸਕੂਲ ਤੋਂ ਹੁੰਦੀ ਹੈ। ਬਚਪਨ ਵਿੱਚ ਜ਼ਿਆਦਾਤਰ ਦੇਖਦੇ ਹਾਂ ਕਿ ਸਕੂਲ ਵਿੱਚ ਨੈਤਿਕਤਾ ਦਾ ਪਾਠ ਤਾਂ ਪੜ੍ਹਾਇਆ ਜਾਂਦਾ ਹੈ, ਪਰ ਸਿਖਾਇਆ ਕੁਝ ਨਹੀਂ ਜਾਂਦਾ। ਜਿਵੇਂ ਕਿਤਾਬੀ ਕਹਾਣੀਆਂ 'ਏਕਤਾ ਵਿੱਚ ਬਲ', 'ਲਾਲਚ ਬੁਰੀ ਬਲਾ ਹੈ' ਆਦਿ ਬੱਚੇ ਨੂੰ ਪੇਪਰ ਪਾਸ ਕਰਨ ਲਈ ਪੜ੍ਹਾਈਆਂ ਜਾਂ ਰਟਾਈਆਂ ਜਾਂਦੀਆਂ ਹਨ, ਪਰ ਜੀਵਨ ਵਿੱਚ ਵਿਚਰਨ ਲਈ ਨਹੀਂ ਸਿਖਾਈਆਂ ਜਾਂਦੀਆਂ। ਵੱਡੇ ਹੋਣ 'ਤੇ ਆਪਾਂ ਦੇਖਦੇ ਹਾਂ ਕਿ ਲੋਕ ਜੀਵਨ ਦੇ ਸਹੀ ਢੰਗ ਸਿੱਖਣ ਲਈ, ਸ਼ਾਂਤੀ ਲਈ ਧਾਰਮਿਕ ਗੁਰੂਆਂ ਕੋਲ ਅਕਸਰ ਪ੍ਰਵਚਨ ਸੁਣਨ ਜਾਂਦੇ ਹਨ। ਉੱਥੇ ਵੀ ਜ਼ਿਆਦਾਤਰ ਮਰਨ ਤੋਂ ਬਾਅਦ ਅੱਗਾ ਸੰਵਾਰਨ, ਸਵਰਗ-ਨਰਕ, ਅਗਲੇ ਜਨਮ ਦੀ ਪਰਿਭਾਸ਼ਾ ਦਿੱਤੀ ਜਾਂਦੀ ਹੈ। ਅਜਿਹੇ ਸਥਾਨਾਂ 'ਤੇ ਅਸੀਂ ਆਪਣੇ ਵਰਤਮਾਨ ਤਾਂ ਖ਼ਰਾਬ ਕਰਦੇ ਹੀ ਹਾਂ, ਸਗੋਂ ਭਵਿੱਖ ਵੀ ਖ਼ਰਾਬ ਕਰ ਲੈਂਦੇ ਹਾਂ। ਜੇਕਰ ਉੱਥੇ ਸਿਰਫ਼ ਵਰਤਮਾਨ ਦੀ ਗੱਲ, ਇਨਸਾਨ ਨੂੰ ਪਰਮਾਤਮਾ ਨਾਲ ਨਹੀਂ ਬਲਕਿ ਪਹਿਲਾਂ ਇਨਸਾਨ ਨੂੰ ਇਨਸਾਨ ਜੋੜਨ ਦੀ ਗੱਲ ਕੀਤੀ ਜਾਵੇ ਤਾਂ ਧਰਤੀ ਹੀ ਗ ਬਣ ਜਾਵੇਗੀ। ਨਰਕ ਦੀ ਪਰਿਭਾਸ਼ਾ ਹੀ ਹੋ ਜਾਵੇਗੀ। ਅੱਜ ਦਾ ਇਨਸਾਨ ਜ਼ਿੰਦਗੀ ਸਭ ਚੰਗੇ ਕੰਮ ਸਿਰਫ਼ ਸੋਸ਼ਲ ਮੀਡੀਆ 'ਤੇ ਹੀ ਾ ਹੈ। ਜਿਵੇਂ ਫੇਸਬੁੱਕ, ਵੱਟਸਐਪ 'ਤੇ ਹੀ ਲਗਾਉਣਾ, ਖ਼ੂਨਦਾਨ ਕਰਨਾ, ਕਿਸੇ ਦੁਖਿਆਰੇ ਾਥ ਦੇਣਾ, ਇਨਕਲਾਬ ਲਿਆਉਣ ਆਦਿ ਾਂ ਪੋਸਟਾਂ ਭੇਜਣੀਆਂ। ਪਰ ਅਸਲੀਅਤ ਇਹ ਕਾਰਜ ਬਹੁਤ ਘੱਟ ਲੋਕ ਕਰਦੇ ਹਨ। ਲਈ ਸਾਨੂੰ ਅਸਲੀਅਤ 'ਤੇ ਵੀ ਜ਼ੋਰ ਦੇਣਾ ਗਾ। ਜਿਸ ਤਰ੍ਹਾਂ ਅੱਜ ਅਸ਼ਾਂਤੀ, ਬੇਚੈਨੀ, ਰਾਧ ਆਦਿ ਵਧ ਰਹੇ ਹਨ। ਸਾਨੂੰ ਇਸ ਬਾਰੇ ਣਾ ਪਵੇਗਾ ਅਤੇ ਸ਼ੁਰੂਆਤ ਵੀ ਆਪਣੇ ਆਪ ਕਰਨੀ ਪਵੇਗੀ। ਜਿਵੇਂ ਕਿਹਾ ਜਾਂਦਾ ਹੈ ਕਿ ਗ਼ਲਤ, ਗ਼ਲਤ ਹੀ ਹੁੰਦਾ ਚਾਹੇ ਸਾਰੇ ਕਰਦੇ ਹੋਣ ਅਤੇ ਸਹੀ ਹਮੇਸ਼ਾਂ ਸਹੀ ਚਾਹੇ ਤੁਸੀਂ ਇਕੱਲੇ ਹੀ ਕਿਉਂ ਨਾ ਕਰਦੇ ਹੋਵੋ। ਜੇਕਰ ਅੱਜ ਦੇ ਯੁੱਗ ਦਾ ਹਰ ਇਨਸਾਨ ਆਪਣੇ ਅਖੌਤੀ ਮਖੌਟੇ ਲਾਹ ਕੇ ਜੀਵਨ ਦਾ ਢੰਗ ਬਦਲ ਲਏ ਤਾਂ ਹਰ ਸਮੱਸਿਆ ਹੱਲ ਹੋ ਸਕਦੀ ਹੈ ਤਾਂ ਇਹ ਧਰਤੀ ਵੀ ਸਵਰਗ ਬਣ ਜਾਏਗੀ। ਜਦੋਂ ਸਭ ਇੱਥੇ ਇੱਕ ਦੂਜੇ ਪ੍ਰਤੀ ਨਿਰਸਵਾਰਥ ਭਾਵ ਤੇ ਪ੍ਰੇਮ ਨਾਲ, ਸੱਚਾਈ ਨਾਲ ਰਹਿਣਗੇ ਤਾਂ ਉੱਪਰ ਜਾ ਕੇ ਕੋਈ ਸਵਰਗ ਨਰਕ ਦਾ ਚੱਕਰ ਨਹੀਂ ਰਹੇਗਾ ਕਿਉਂਕਿ ਸਭ ਇੱਥੇ ਹੀ ਸਵਰਗ ਦੀ ਤਰ੍ਹਾਂ ਹੀ ਰਹਿਣਗੇ। ਇਸ ਨਾਲ ਦੇਸ਼ ਅਤੇ ਲੋਕਾਂ ਦਾ ਸਮੁੱਚਾ ਵਿਕਾਸ ਹੋਵੇਗਾ। ਦੇਸ਼ ਦੀ ਤਰੱਕੀ ਲਈ ਕਿਸੇ ਨੂੰ ਵਿਸ਼ੇਸ਼ ਕੁਝ ਕਰਨ ਦੀ ਲੋੜ ਨਹੀਂ। ਸਭ ਨੂੰ ਆਪਣਾ ਆਪਣਾ ਕੰਮ ਇਮਾਨਦਾਰੀ ਨਾਲ ਕਰਨ ਦੀ ਲੋੜ ਹੈ, ਚਾਹੇ ਉਹ ਇੱਕ ਨੇਤਾ, ਸਰਕਾਰੀ ਕਰਮਚਾਰੀ, ਵਪਾਰੀ ਜਾਂ ਆਮ ਨਾਗਰਿਕ ਹੋਵੇ।



ਅਮਨਦੀਪ ਕੌਸ਼ਲ

# ਕਤਲ



ਗੱਲ ਕੋਈ 1965-66 ਦੀ ਹੈ। ਪੰਜਾਬ ਦੇ ਇਕ ਨਿੱਕੇ ਜਿਹੇ ਪਿੰਡ ਚੋਂ ਸਿੰਘਾਪੁਰ ਰਹਿੰਦੀ ਮਹਿੰਦਰ ਕੌਰ ਆਪਣੇ ਦੋ ਭਤੀਜਿਆਂ ਵਿਚੋਂ ਇਕ ਦਿਆਲੇ ਨੂੰ ਪਿੰਡੋਂ ਆਪਣੇ ਨਾਲ ਸਿੰਘਾਪੁਰ ਲੈ ਗਈ। ਦਿਆਲੇ ਦੀ ਉਮਰ ਉਸ ਵੇਲੇ ਕੋਈ ਦਸ ਬਾਰਾਂ ਸਾਲਾਂ ਦੀ ਸੀ। ਉਥੇ ਜਾ ਕੇ ਦੋ ਚਾਰ ਸਾਲ ਘਰ ਰੱਖ ਕੇ ਭੂਆ ਨੇ ਦਿਆਲੇ ਨੂੰ ਇੱਕ ਫੈਕਟਰੀ ਵਿਚ ਕੰਮ ਤੇ ਲਗਾ ਦਿੱਤਾ। ਗੋਰਿਆਂ ਦੀ ਫੈਕਟਰੀ ਵਿਚ ਕੰਮ ਕਰਦਿਆਂ ਕਰਦਿਆਂ ਦਿਆਲਾ ਹੌਲੀ ਹੌਲੀ ਅੰਗਰੇਜ਼ੀ ਬੋਲਣ ਲੱਗ ਪਿਆ.. ਉਥੇ ਰਹਿੰਦੇ ਰਹਿੰਦੇ ਦਿਆਲੇ ਦਾ ਰਹਿਣ ਸਹਿਣ ਵੀ ਵਧੀਆ ਹੋ ਗਿਆ। ਜੱਟ ਪਰਿਵਾਰ ਨਾਲ ਸਬੰਧ ਰੱਖਣ ਕਰਕੇ ਉਸਦਾ ਸਰੀਰ ਬੜ੍ਹਾ ਨਰੋਆ ਸੀ... ਕੱਦ ਕਾਠ ਵੀ ਬਹੁਤ ਸੋਹਣਾ ਸੀ...ਕੋਈ ਸਵਾ ਛੇ ਫੁੱਟ ਲੰਮਾ ਤੇ ਚੌੜੀ ਛਾਤੀ ਵਾਲੇ ਸਰੀਰ ਦਾ ਮਾਲਕ ਦਿਆਲਾ ਜਦੋਂ ਪੱਗ ਬੰਨਦਾ ਤਾਂ ਕਿਸੇ ਜਾਗੀਰਦਾਰ ਤੋਂ ਘੱਟ ਨਹੀਂ ਸੀ ਲਗਦਾ। ਵਧੀਆ ਤੇ ਰਜਵੇਂ ਖਾਣ ਪੀਣ ਨਾਲ ਉਸਦਾ ਰੰਗ ਬਿਕਲੁਲ ਕਸ਼ਮੀਰੀ ਸੇਬ ਵਰਗਾ ਲਾਲ ਹੋ ਗਿਆ ਸੀ... ਕੋਈ 16-17 ਸਾਲ ਸਿੰਘਾਪੁਰ ਰਹਿਣ ਤੋਂ ਬਾਅਦ ਇੱਕ ਦਿਨ ਦਿਆਲੇ ਨੇ ਆਪਣੇ ਮਾਲਕ ਨੂੰ ਛੁੱਟੀ ਦੇਣ ਬਾਰੇ ਕਿਹਾ। ਇੰਨੇ ਸਾਲਾਂ ਤੋਂ ਉਸਨੇ ਕਦੀ ਛੁੱਟੀ ਨਹੀਂ ਲਈ ਸੀ। ਜਦੋਂ ਮਾਲਕ ਨੇ ਛੁੱਟੀ ਦਾ ਕਾਰਨ ਪੁੱਛਿਆ ਤਾਂ ਦਿਆਲੇ ਨੇ ਇੰਡੀਆ ਆਪਣੇ ਪਿੰਡ ਜਾਣ ਦੀ ਇੱਛਾ ਜਾਹਰ ਕੀਤੀ। ਮਾਲਕ ਉਸਦੇ ਕੰਮ ਤੋਂ ਬਹੁਤ ਖੁਸ਼ ਸੀ ਇਸ ਕਰਕੇ ਉਹ ਇੰਡੀਆ ਦਾ ਨਾਂ ਸੁਣ ਕੇ ਚਿੰਤਿਤ ਹੋ ਗਿਆ, ਉਸਨੂੰ ਲੱਗਾ ਸ਼ਾਇਦ ਦਿਆਲਾ ਵਾਪਿਸ ਆਵੇ ਹੀ ਨਾ। ਇਸ ਕਰਕੇ ਉਹ ਕਈ ਦਿਨ ਟਾਲ ਮਟੋਲ ਕਰਦਾ ਰਿਹਾ। ਅਖੀਰ ਜਦੋਂ ਦਿਆਲਾ ਨਾ ਆਇਆ.. ਤੇ ਮਾਲਕ ਨੇ ਇਕ ਯੋਜਨਾ ਤਹਿਤ ਦਿਆਲੇ ਨੂੰ ਕਿਹਾ.... ਕਿ ਉਸਨੂੰ ਛੁੱਟੀ ਨ✲9© ਮਿਲ ਸਕਦੀਪਰ ਜੇ ਉਹ ਜਾਣਾ ਹੀ ਹੈ ਤਾਂ ਉਹ ਪੱਕੇ ਤੌਰ ਤੇ ਚਲਾ ਜਾਵੇ...ਉਸਨੂੰ ਲੱਗਾ ਕਿ ਦਿਆਲਾ ਪੱਕੇ ਤੌਰ ਤੇ ਜਾਣ ਲਈ ਰਾਜ਼ੀ ਨਹੀਂ ਹੋਵੇਗਾ ਤੇ ਇੰਡੀਆ ਜਾਣ ਦਾ ਖਿਆਲ ਹਮੇਸ਼ਾ ਲਈ ਛੱਡ ਦੇਵੇਗਾ...ਪਰ ਦਿਆਲਾ ਤਾਂ ਜਿਵੇਂ ਹੁਣ ਪਿੰਡ ਜਾਣਾ ਤਹਿ ਕਰ ਚੁੱਕਾ ਸੀ...ਬੇਸ਼ਕ ਉਹ ਸਿੰਘਾਪੁਰ ਦਾ ਜੀਵਨ ਪੂਰੀ ਤਰ੍ਹਾਂ ਆਪਣਾ ਚੁੱਕਾ ਸੀ ਪਰ ਉਹ ਆਪਣਾ ਵਿਆਹ ਆਪਣੇ ਪਿੰਡ ਹੀ ਕਰਨਾ ਚਾਉਂਦਾ ਸੀ। ਜਦੋਂ ਮਾਲਕ ਨੇ ਪੱਕੇ ਤੌਰ ਤੇ ਜਾਣ ਦੀ ਸ਼ਰਤ ਰੱਖੀ ਤਾਂ ਦਿਆਲਾ ਸੋਚੀਂ ਪੈ ਗਿਆ। ਉਸਨੇ ਵੀ ਸੋਚਿਆ ਕਿ ਮਾਲਕ ਸ਼ਾਇਦ ਓਪਰੇ ਮਨੋ ਹੀ ਪੱਕੇ ਤੌਰ ਤੇ ਜਾਣ ਦੀ ਗੱਲ ਕਹਿ ਰਿਹਾ ਹੋਵੇ...ਉਸਨੇ ਵੀ ਬਿਨਾਂ ਸੋਚੇ ਹੀ ਕਹਿ ਦਿੱਤਾ ਕਿ ਉਸਨੂੰ ਪੱਕਾ ਹੀ ਭੇਜ ਦੇਵੇ।

ਕੁਝ ਦਿਨ ਇਸੇ ਤਰ੍ਹਾਂ ਲੰਘ ਗਏ...ਤੇ ਦਿਆਲੇ ਦੇ ਵਾਰ ਵਾਰ ਕਹਿਣ ਤੇ ਗੁੱਸੇ ਵਿਚ ਆਏ ਮਾਲਕ ਉਸਨੂੰ ਸਦਾ ਲਈ ਛੁੱਟੀ ਦੇ ਦਿੱਤੀ।

ਦਿਆਲਾ ਵੀ ਪਿੰਡ ਆਉਣ ਲਈ ਤਿਆਰ ਬੈਠਾ ਸੀ...ਉਸਨੇ ਪਾਂਧਾ ਨੀ ਪੁੱਛਿਆ.....ਆਪਣੀ ਸਾਰੀ ਕਮਾਈ, ਗਹਿਣੇ ਤੇ ਸੋਨਾ ਆਦਿ ਇਕੱਠਾ ਕਰਕੇ ਦਿਆਲਾ ਆਪਣੇ ਪਿੰਡ ਗਿਆ।

ਪਿੰਡ ਆ ਕੇ ਆਪਣਾ ਜੱਦੀ ਘਰ ਦੁਬਾਰਾ ਬਣਾਇਆ। ਮਾਂ ਬਾਪ ਨੇ ਵਿਆਹ ਕਰ ਦਿੱਤਾ। ਬਹੁਤ ਸੋਹਣੀ ਸੁਨੱਖੀ ਪਤਨੀ ਮਿਲ ਗਈ....ਸਾਲ ਬਾਅਦ ਪਹਿਲਾ ਮੁੰਡਾ ਜੰਮਿਆ ਤੇ ਦੋ ਤਿੰਨ ਸਾਲ ਬਾਅਦ ਇੱਕ ਕੁੜੀ। ਦਿਆਲੇ ਦਾ ਭਰਾ ਸਰਵਣ ਤਾਂ ਪਹਿਲਾਂ ਹੀ ਵਿਆਹਿਆ ਗਿਆ ਸੀ ਉਸਦੇ ਵੀ ਤਿੰਨ ਮੁੰਡੇ ਤੇ ਤਿੰਨ ਕੁੜੀਆਂ ਸਨ। ਸੋਹਣਾ ਪਰਿਵਾਰ ਸੀ ਸਰਵਣ ਦਾ ਵੀ.... ਪਰ ਜੋ ਚੜ੍ਹਤ ਦਿਆਲੇ ਦੀ ਸੀ ਪਿੰਡ ਵਿੱਚ ਉਹ ਸਰਵਣ ਦੀ ਨਹੀਂ ਸੀ। ਦਿਆਲੇ ਦਾ ਪੈਸਾ , ਸੋਹਣੀ ਤੇ ਸੱਜੀ ਧੱਜੀ ਪਤਨੀ, ਸੋਹਣਾ ਘਰ ਤੇ ਪਹਿਲਾ ਜੰਮਿਆ ਮੁੰਡਾ ਤਾਂ ਜਿਵੇਂ ਸਰਵਣ ਦੀ ਘਰ ਵਾਲੀ ਤੇ ਦਿਲ ਤੇ ਸੱਪ ਵਾਂਗ ਲੜਦੇ ਸਨ। ਸਰਵਣ ਦੀ ਪਤਨੀ ਗੱਲ ਗੱਲ ਤੇ ਉਸਨੂੰ ਤਾਨੇ ਮਾਰਦੀ ਰਹਿੰਦੀ ਸੀ ....ਦਿਆਲੇ ਦੇ ਹਰ ਪੱਖੋਂ ਸੁਖੀ ਜੀਵਨ ਦੇ... ਤੇ ਉਸਨੂੰ ਆਪਣੀ ਬੁਰੀ ਜੂਨ ਦਾ ਕਾਰਨ ਦੱਸਦੀ ਰਹਿੰਦੀ ਸੀ। ਸਰਵਣ ਬੜੇ ਹੀ ਸਾਊ ਸੁਭਾਅ ਦਾ ਬੰਦਾ ਸੀ। ਆਪਣੇ ਨਿੱਕੇ ਭਰਾ ਨੂੰ ਬਹੁਤਾ ਹੀ ਪਿਆਰ ਕਰਨ ਵਾਲਾ ਸੀ। ਮਾਂ ਬਾਪ ਤਾਂ ਚੜ੍ਹਾਈ ਕਰ ਗਏ ਸਨ ਹੁਣ ਤੱਕ। ਦੋਹਾਂ ਭਰਾਵਾਂ ਚ ਗੂੜ੍ਹਾ ਪਿਆਰ ਸੀ। ਦਿਆਲਾ ਵੀ ਸਰਵਣ ਨੂੰ ਬਾਪ ਦੀ ਥਾਂ ਰੱਖਦਾ ਸੀ.. ਸ਼ਹਿਰ ਜਾਂਦਾ ਤਾਂ ਸਰਵਣ ਲਈ ਮੀਟ ਮੁਰਗਾ ਤੇ ਸ਼ਰਾਬ ਜਰੂਰ ਲਿਆਉਂਦਾ। ਭਤੀਜਿਆਂ ਭਤੀਜੀਆਂ ਲਈ ਖਾਣ ਪੀਣ ਤੇ ਹੋਰ ਨਿੱਕ ਸੁੱਕ ਲਿਆਉਂਦਾ ਰਹਿੰਦਾ। ਭਰਜਾਈ ਦੇਖ ਦੇਖ ਕੇ ਨੱਕ ਮੂੰਹ ਚੜਾਉਂਦੀ ਰਹਿੰਦੀ..ਪਰ ਉਸਦੀ ਬੱਸ ਨਾ ਚੱਲਦੀ ਭਰਾਵਾਂ ਦੇ ਪਿਆਰ ਅੱਗੇ। ਹਰ ਸਮੇਂ ਉਹ ਜੁਗਤਾਂ ਲੜਾਉਂਦੀ ਰਹਿੰਦੀ ਸੀ ਦਿਆਲੇ ਤੇ ਉਸਦੇ ਪਰਿਵਾਰ ਨੂੰ ਨੀਵਾਂ ਦਿਖਾਉਣ ਦੀਆਂ। ਰੱਬ ਸੱਚਾ ਜਿਵੇਂ ਦਿਆਲੇ ਦੇ ਨਾਲ ਸੀ।

ਦਿਆਲੇ ਨੇ ਪੈਸਾ ਧੇਲਾ ਤਾਂ ਘਰ ਬਣਾਉਣ ਤੇ ਵਿਆਹ ਕਰਵਾਉਣ ਤੇ ਖਰਚ ਕਰ ਦਿੱਤਾ ਸੀ...ਵਧੀਆ ਘਰ ਬਣਾਇਆ ਤੇ ਵਿਆਹ ਵੀ ਪੁੱਜਕੇ ਕੀਤਾ ਸੀ। ਖਰਚ ਪਾਣੀ ਖੇਤੀ ਸਿਰੋਂ ਸੋਹਣਾ ਚਲੀ ਜਾਂਦਾ ਸੀ। ਹਲ਼ ਵਾਹੁਣ ਲਈ ਦਿਆਲੇ ਨੇ ਬਲਦਾਂ ਦੀ ਨਵੀਂ ਜੋੜੀ ਖਰੀਦੀ। ਦੋਵੇਂ ਭਰਾ ਉਸ ਜੋੜੀ ਨਾਲ ਖੇਤਾਂ ਦੀ ਵਹਾਈ ਕਰਦੇ। ਜਮੀਨ ਬੇਸ਼ਕ ਵੱਖਰੀ ਵੱਖਰੀ ਸੀ ਪਰ ਸੰਦ ਔਜ਼ਾਰ ਸਾਂਝੇ ਸਨ। ਦਿਆਲਾ ਸਿੰਘਾਪੁਰ ਤੋ ਚੀਨੀ ਦੇ ਬਹੁਤ ਸੋਹਣੇ ਸੋਹਣੇ ਭਾਂਡੇ ਤੇ ਹੋਰ ਬਹੁਤ ਕੀਮਤੀ ਸਮਾਨ ਵੀ ਲਿਆਇਆ ਸੀ। ਸਰਵਣ ਦੀ ਘਰ ਵਾਲੀ ਹੌਲੀ ਹੌਲੀ ਦਿਆਲੇ ਦੇ ਘਰੋਂ ਭਾਂਡੇ ਤੇ ਦੂਜਿਆਂ ਚੀਜਾਂ ਚੋਰੀ ਕਰਕੇ ਆਪਣਾ ਘਰ ਭਰਨ ਲੱਗ ਪਈ ਸੀ। ਦਿਆਲੇ ਦੀ ਪਤਨੀ ਨੇ ਕਈ ਵਾਰ ਦੇਖਿਆ ਉਸਨੂੰ...ਆਪ ਤਾਂ ਉਹ ਕੁਝ ਨਾ ਬੋਲਦੀ ਪਰ ਕਦੀ ਕਦੀ ਦਿਆਲੇ ਨੂੰ ਜਰੂਰ ਦੱਸ ਦਿੰਦੀ। ਦਿਆਲਾ ਹਊ ਪਰ੍ਹੇ ਕਰ ਛੱਡਦਾ... ਜਾਂ ਇਕ ਦੋ ਵਾਰ ਉਸਨੇ ਭਰਜਾਈ ਨੂੰ ਮੰਗਕੇ ਚੀਜ਼ ਲੈਣ ਲਈ ਵੀ ਕਿਹਾ ਸੀ ਜਿਸ ਕਰਕੇ ਭਰਜਾਈ ਨੇ ਬੜਾ ਕਲੇਸ਼ ਪਾਇਆ ਤੇ ਕੋਈ ਚੋਰੀ ਕਰਨ ਤੋਂ ਬਿਲਕੁਲ ਸਾਫ਼ ਮੁੱਕਰ ਗਈ ਸੀ। ਦਿਨ ਲੰਘਦੇ ਗਏ। ਦਿਆਲੇ ਦੇ ਪਤਨੀ ਫ਼ਿਰ ਗਰਭਵਤੀ ਹੋਈ।

ਸਰਦੀਆਂ ਸੇ ਦਿਨ ਸਨ। ਇਕ ਦਿਨ ਦਿਆਲੇ ਦੀ ਪਤਨੀ ਨੇ ਬਾਹਰ ਵੇਹੜੇ ਵਿੱਚ ਪਾਣੀ ਦੀ ਬਾਲਟੀ ਭਰ ਕੇ ਗਰਮ ਹੋਣ ਲਈ ਰੱਖੀ ਸੀ ਤੇ ਆਪ ਉਹ ਰਸੋਈ ਦਾ ਕੋਈ ਕੰਮ ਕਰ ਰਹੀ ਸੀ ਆਪਣੀ ਕੁੜੀ ਨਾਲ ਮਿਲਕੇ। ਭਰਜਾਈ ਆਈ ਤੇ ਪਾਣੀ ਦੀ ਬਾਲਟੀ ਦੇ ਆਲੇ ਦੁਆਲੇ ਘੁੰਮਦੀ ਨੇ ਕੋਈ ਭਵੂਤ ਵਰਗੀ ਚੀਜ਼ ਪਾਣੀ ਵਿਚ ਪਾ ਦਿੱਤੀ। ਦਿਆਲੇ ਦੀ ਪਤਨੀ ਬਾਹਰ ਆਈ ਤੇ ਉਸਨੂੰ ਦੇਖਕੇ ਭਰਜਾਈ ਸੰਭਲ ਗਈ ਤੇ ਗੱਲ ਹੋਰ ਪਾਸੇ ਪਾ ਲਈ ਉਸਨੇ। ਦਿਆਲੇ ਦੀ ਪਤਨੀ ਨੂੰ ਥੋੜ੍ਹਾ ਸ਼ੱਕ ਤਾਂ ਹੋਇਆ ਪਰ ਉਹ ਯਕੀਨੀ ਤੌਰ ਤੇ ਕੁਝ ਕਹਿ ਨਹੀਂ ਸਕਦੀ ਸੀ ਕਿ ?ਕਿ ਉਸਨੇ ਕੁਝ ਦੇਖਿਆ ਨਹੀਂ ਸੀ ....ਹਾਂ ਉਸਨੂੰ ਭਰਜਾਈ ਤੇ ਥੋੜ੍ਹਾ ਸ਼ੱਕ ਤਾਂ ਕਾਫੀ ਦੇਰ ਤੋਂ ਸੀ ਕਿ ਉਹ ਕਿਸੇ ਸਿਆਣੇ ਕੋਲ ਜਾਂਦੀ ਹੈ ਲਾਗਲੇ ਪਿੰਡ.....ਤੇ ਜਾਦੂ ਟੂਣੇ ਵਿਚ ਵੀ ਵਿਸ਼ਵਾਸ ਸੀ ਭਰਜਾਈ ਦਾ.....। ਚਲੋ ਦੋ ਚਾਰ ਦਿਨਾਂ ਵਿਚ ਗੱਲ ਆਈ ਗਈ ਹੋ ਗਈ। ਜਣੇਪੇ ਤੋਂ ਦੋ ਤਿੰਨ ਦਿਨਾਂ ਬਾਅਦ ਹੀ ਦਿਆਲੇ ਦੀ ਪਤਨੀ ਰੱਬ ਨੂੰ ਪਿਆਰੀ ਹੋ ਗਈ...ਉਸਨੇ ਇੱਕ ਹੋਰ ਮੁੰਡੇ ਨੂੰ ਜਨਮ ਦਿੱਤਾ.... ਦਿਆਲੇ ਨੂੰ ਸਮਝ ਨਹੀਂ ਆ ਰਹੀ ਸੀ ਕਿ ਉਹ ਪੁੱਤ ਦੀ ਖੁਸ਼ੀ ਮਨਾਵੇ ਕਿ ਘਰ ਵਾਲੀ ਦੀ ਮੌਤ ਦਾ ਸ਼ੋਕ....। ਦਿਆਲੇ ਦਾ ਵਸਦਾ ਰਸਦਾ ਘਰ ਉੱਜੜ ਗਿਆ। ਬੱਚਿਆਂ ਨੇ ਰੋ ਰੋ ਕੇ ਰੱਬ ਹੇਠਾਂ ਉਤਾਰ ਦਿੱਤਾ... ਦਿਆਲਾ ਵੀ ਰੋ ਰੋ ਕੇ ਅੱਧਾ ਰਹਿ ਗਿਆ। ਸੋਚ ਵਿਚਾਰ ਕਰਕੇ ਨਵੇਂ ਜੰਮੇ ਮੁੰਡੇ ਨੂੰ... ਦਿਆਲੇ ਦੀ ਛੋਟੀ ਭੈਣ ਜੋ ਲਾਗਲੇ ਹੀ ਪਿੰਡ ਵਿਆਹੀ ਹੋਈ ਸੀ... ਆਪਣੇ ਘਰ ਲੈ ਗਈ।

ਦਿਆਲੇ ਤੇ ਦੁੱਖਾਂ ਦਾ ਪਹਾੜ ਟੁੱਟ ਪਿਆ ਸੀ। ਆਪਣੀ ਨਿੱਕੀ ਜਿਹੀ ਧੀ ਨਾਲ ਮਿਲਕੇ ਚੁੱਲ੍ਹੇ ਚੌਂਕੇ ਸੰਭਾਲਦਾ ਰਿਹਾ। ਦੋਹਾਂ ਬੱਚਿਆਂ ਨੂੰ ਪਿੰਡ ਦੇ ਹੀ ਸਕੂਲ ਵਿੱਚ ਦਾਖਲ ਕਰਵਾ ਦਿੱਤਾ ਉਸਨੇ। ਸਵੇਰੇ ਸਵੇਰੇ ਉੱਠ ਕੇ ਆਪ ਚਾਹ ਪਾਣੀ ਬਣਾਉਂਦਾ ਤੇ ਰੋਟੀਆਂ ਰਾੜਦਾ....ਬੱਚਿਆਂ ਨੂੰ ਸਕੂਲ ਭੇਜ ਆਪ ਡੰਗਰ ਬੱਛਾ ਸਾਂਭਦਾ....ਖੇਤੀ ਕਰਦਾ। ਇਕ ਦਿਨ ਦਿਆਲੇ ਦੀ ਕੁੜੀ ਉਸ ਕੋਲ ਮੰਜੇ ਤੇ ਆ ਬੈਠੀ ਤੇ ਬੋਲੀ, "ਭਾਪਾ ..! ਇਕ ਗੱਲ ਦੱਸਣੀ ਸੀ ਤੈਨੂੰ..."

"ਹਾਂ..ਪੁੱਤ..ਦੱਸ.."

"ਭਾਪਾ.... ਡਰ ਲਗਦਾ...."

"ਕੋਈ ਨੀ...ਦੱਸ ਪੁੱਤ... ਡਰਨ ਦੀ ਲੋੜ ਨਹੀਂ..."

"ਭਾਪਾ...ਮੈਨੂੰ ਬੀਬੀ ਨੇ ਦੱਸਿਆ ਸੀ...."

"ਕੀ ਦੱਸਿਆ ਸੀ...ਪੁੱਤ... ?"

"ਉਹਨੂੰ ਵੀ ਪੱਕਾ ਨੀ ਪਤਾ ਸੀ...ਪਰ ਸ਼ੱਕ ਸੀ..."

"ਪੁੱਤ...ਦੱਸ....ਸਹੀ ਸਹੀ...ਕੀ ਕਹਾਣੀਆਂ ਜਿਹੀਆਂ ਪਾਈ ਜਾਂਦੀ ਐ...."

"ਤਾਈ ਨੇ.....ਬੀਬੀ ਦੇ ਨਹਾਉਣ ਵਾਲੇ ਪਾਣੀ ਵਿਚ ਕੁਝ ਪਾ ਦਿੱਤਾ ਸੀ...ਸ਼ਇਦ...ਉਹ ਤਾਂ ਹੀ ਮਰ ਗਈ....."

"ਚੱਲ....ਪਤਾ ਨੀ ਕੀ ਅਵਾ ਤਵਾ ਬੋਲੀ ਜਾਂਦੀ ਆਂ....ਚਲ ਆਪਣਾ ਪੜ੍ਹ ਕੋਈ ਅੱਖਰ..."

ਦਿਆਲੇ ਨੇ ਆਪਣੀ ਧੀ ਨੂੰ ਟਾਲਦਿਆਂ ਕਿਹਾ।

ਕੁੜੀ ਵਿਚਾਰੀ ਆਪਣੀਆਂ ਕਾਪੀਆਂ ਕਿਤਾਬਾਂ ਖੋਲ ਕੇ ਬਹਿ ਗਈ ਪਰ ਦਿਆਲੇ ਨੂੰ ਇੱਕ ਸੋਚ ਆਵੇ ਤੇ ਇਕ ਜਾਵੇ.....ਭਰਜਾਈ ਦੇ ਕਿਸੇ ਬਾਬੇ ਕੋਲ ਜਾਣ ਬਾਰੇ ਤਾਂ ਉਸਨੂੰ ਵੀ ਪਤਾ ਸੀ.....ਪਰ ਉਹ ਵੀ ਯਕੀਨ ਨਹੀਂ ਕਰ ਸਕਦਾ ਸੀ ਪਰ ਕਿਤੇ ਨਾ ਕਿਤੇ ਉਸਨੂੰ ਵੀ ਸ਼ੱਕ ਹੋ ਗਿਆ ਸੀ ਭਰਜਾਈ ਤੇ...ਕਿਉਂਕਿ ਉਸਨੂੰ ਭਰਜਾਈ ਦੇ ਉਸਦੀ ਤੀਵੀਂ ਨਾਲ ਖਾਰ ਖਾਣ ਦਾ ਤੇ ਚੋਰੀ ਦਾ ਤਾਂ ਪਤਾ ਸੀ ਪਰ ਇਨ੍ਹਾਂ ਗਿਰ ਜਾਵੇਗੀ ਭਰਜਾਈ ਇਸਦਾ ਖਿਆਲ ਨਹੀਂ ਸੀ ਉਸਨੂੰ..।

ਰਾਤ ਤੱਕ ਇਹੀ ਗੱਲ ਘੁੰਮਦੀ ਰਹੀ ਉਸਦੇ ਦਿਮਾਗ਼ ਵਿਚ। ਰਾਤ ਨੂੰ ਛੱਤ ਤੇ ਸੁੱਤਾ ਸੀ ਉਸ ਰਾਤ ਉਹ। ਕੋਈ ਬਾਰਾਂ ਕੁ ਵਜੇ ਉਹ ਪਸੀਨੇ ਪਸੀਨੇ ਹੋਇਆ.....ਅਬੜ੍ਹ ਵਾਹੇ ਉਠਿਆ ਤੇ ਮੰਜੇ ਤੇ ਬੈਠ ਗਿਆ। ਉਸਨੇ ਬਹੁਤ ਡਰਾਉਣਾ ਸੁਫ਼ਨਾ ਦੇਖਿਆ। ਉਸਦੀ ਪਤਨੀ ਆਈ ਉਸਦੇ ਸੁਫ਼ਨੇ ਵਿਚ ਤੇ ਉਹ ਰੋ ਰੋ ਕੇ ਕਹਿ ਰਹੀ ਸੀ, " ਤੇਰੀ ਭਰਜਾਈ ਨੇ ਟੂਣਾ ਕਰਤਾ ਮੇਰੇ ਤੇ...ਟੂਣਾ ਕਰਤਾ ਮੇਰੇ ਤੇ....ਮੇਰੀ ਜਾਨ ਲੈ ਲਈ ਉਸਨੇ....ਮੇਰਾ ਮੁੰਡਾ ਵੀ ਮਾਰ ਦੇਣਾ ਸੀ ਉਸਨੇ...ਚੰਗਾ ਕੀਤਾ.....ਭੈਣ ਲੈ ਗ ?9..... ਪਹਿਲਿਆਂ ਦਾ ਵੀ ਖਿਆਲ ਰੱਖੀਂ ....ਦੀਪੇ ਦੇ ਬਾਪੂ....ਸਾਡਾ ਸਭ ਕੁਝ ਲੁੱਟੀ ਜਾਂਦੀ ਹੈ ਤੇਰੀ ਭਰਜਾਈ.....ਬਚਕੇ ਰਹੀਂ.....ਤੂੰ ਬਹੁਤ ਭੋਲਾ .ਉਹ ਬੜੀ ਸ਼ਾਤਰ ਜਨਾਨੀ .ਤੇਰਾ ਭਰਾ ਵੀ ਨਾਲ ਈ ਸਭ ਮਿਲੇ ਹੋਏ . ਸਾਡਾ ਕੁਝ ਨੀ ਛੱਡਣਾ ਇਨ੍ਹਾਂ ਨੇ....."

ਦਿਆਲੇ ਦੇ ਸਾਹ ਨੀ ਰੱਲ ਰਹੇ ਸਨ....ਦੁਬਾਰਾ ਨੀਂਦ ਨੀ ਆਈ ਉਸਨੂੰ.....ਪਾਸੇ ਪੂਸੇ ਮਾਰਦੇ ਗੁਰਦੁਆਰੇ ਦਾ ਪਾਠੀ ਸੁਣ ਪਿਆ ਉਸਨੂੰ ਤੇ ਉਹ ਉਠ ਖੜਿਆ। ਬੜੀ ਗਹਿਰੀ ਸੱਟ ਲੱਗੀ ਦਿਆਲੇ ਨੂੰ....ਇਸ ਸੁਫ਼ਨੇ ਦੀ...ਬੇਸ਼ਕ ਇਹ ਸੁਫ਼ਨਾ ਸੀ ਪਰ....ਆਪਣੀ ਕੁੜੀ ਦੀ ਗੱਲ ਵੀ ਉਸਦੇ ਦਿਮਾਗ ਵਿਚੋਂ ਨਿਕਲ ਨੀ ਰਹੀ ਸੀ....ਕਈ ਦਿਨਾਂ ਤੱਕ ਉਹ ਇਸੇ ਖੌਫ ਵਿਚ ਘੁੰਮਦਾ ਰਿਹਾ....ਹਰ ਵਖਤ ਇਕੋ ਸੋਚ......ਸਾਨੂੰ ਮਾਰ ਦੇਣ ਭਰਜਾਈ ਨੇ..... ਭਾਅ ਵੀ ਨਾਲ ਰਲਾਇਆ ਹੋਇਆ ਭਰਜਾਈ ਨੇ....ਸਾਡਾ ਸਭ ਕੁਝ ਲੁੱਟ ਲੈਣਾ ਦੋਹਾਂ ਨੇ....ਪਿੰਡ ਦੇ ਲੋਕਾਂ ਨੂੰ ਵੀ ਇਹੀ ਕਹੀ ਜਾਵੇ.....ਮੇਰੀਆਂ ਮਈਆਂ....ਮੇਰੇ ਡੰਗਰ...ਮੇਰੇ ਬੱਚੇ ਸਭ ਲੁੱਟ ਲੈਣੇ ..... ਇਨ੍ਹਾਂ ਦੋਹਾਂ ਨੇ...ਮੇਰਾ ਘਰ ਲੁੱਟ ਲੈਣਾ....

ਇਕ ਦਿਨ ਸਰਵਣ ਭਰਾ ਨਾਲ ਵੀ ਸਹਿਮ ਕੇ ਬੋਲਿਆ, "ਭਾਅ....ਮੈਨੂੰ ਮਾਰੀਂ ਨਾ....ਮੇਰੇ ਧੀ ਪੁੱਤ ਨੂੰ ਕੁਝ ਨਾ ਕਰੀਂ...ਮੇਰਾ ਡੰਗਰ ਵੱਛਾ....ਮੇਰੀ ਖੇਤੀ.....ਮੈਂ ਹੱਥ ਜੋੜਦਾਂ....ਮੈਨੂੰ ਮਾਫ਼ ਕਰਦੇ ਭਾਅ....."

ਸਰਵਣ ਦੇ ਮਨ ਵਿਚ ਅਜਿਹਾ ਕੁਝ ਨਹੀਂ ਸੀ...ਹਾਂ ਉਸਦੀ ਪਤਨੀ ਤਾਂ ਸਭ ਕੁਝ ਕਰ ਗੁਜ਼ਰਨ ਲਈ ਤਿਆਰ ਬੈਠੀ ਸੀ। ਦਿਨ ਫ਼ਿਰ ਲੰਘਣ ਲੱਗੇ ਤੇ ਇਕ ਦਿਨ ਦਿਆਲੇ ਦੀ ਕੁੜੀ ਨੇ ਉਸਨੂੰ ਦੱਸਿਆ, " ਭਾਪਾ.....ਜੀਤੋ ਭੈਣ... ਚੁੱਲ੍ਹੇ ਲਾਗਿਓ....ਤੇਰਾ ਸਾਰਾ ਸਮਾਨ ...ਜਿਹੜਾ ਤੂੰ ਡੱਬੇ ਵਿਚ ਪਾ ਕੇ ਦੱਬਿਆ ਹੋਇਆ ਸੀ....ਉਹ ਪੁੱਟ ਕੇ ਲੈ ਗਈ.....ਨਾਲੇ ਤਾਈ ਵੀ ਬੂਹੇ ਵਿਚ ਖੜ੍ਹੀ ਸੀ...ਜੀਤੋ ਭੈਣ ਨੇ ਸਮਾਨ ਵਾਲਾ ਡੱਬਾ ....ਤਾਈ ਨੂੰ ਫੜਾ ਦਿੱਤਾ ਸੀ...."

ਦਿਆਲੇ ਨੇ ਸਿੰਘਾਪੁਰ ਤੋਂ ਲਿਆਂਦਾ ਸੋਨਾ...ਘਰ ਵਾਲੀਆਂ ਦੀਆਂ ਟੂੰਬਾਂ ਤੇ ਨਿਆਣਿਆਂ ਦਾ ਮੁੰਦੀ ਛੱਲਾ ਇਕ ਡੱਬੇ ਵਿੱਚ ਪਾ ਕੇ ਰਸੋਈ ਵਿਚ ਚੁੱਲ੍ਹੇ ਲਾਗੇ ਡੂੰਘਾ ਕਰਕੇ ਦੱਬਿਆ ਹੋਇਆ ਸੀ। ਜੀਤੋ ਭਰਜਾਈ ਦੀ ਵਿਚਕਾਰਲੀ ਕੁੜੀ ਸੀ ਜਿਹੜੀ ਇਹ ਸਭ ਲੈ ਗ ?ੀ ਸੀ।

ਦਿਆਲੇ ਨੇ ਚੀਕ ਚਿਹਾੜਾ ਪਾ ਦਿੱਤਾ....ਪਿੰਡ ਕੱਠਾ ਕਰ ਲਿਆ ਤੇ ਰੋ ਰੋ ਕੇ ਬੋਲਿਆ, " ਓ ਮੈਂ ਲੁੱਟਿਆ ਗਿਆ....ਓ ਪਿੰਡ ਵਾਲਿਓ....ਸਭ ਲੁੱਟ ਕੇ ਲੈ ਗਈ ਮੇਰਾ....ਮੇਰੀ ਉਮਰ ਭਰ ਦੀ ਕਮਾਈ..ਗਹਿਣਾ ਗੱਟਾ...ਸਭ ਲੁੱਟ ਲਿਆ....ਮੇਰੀ ਤੀਵੀਂ ਨੂੰ ਵੀ ਏਸੇ ਨੇ ਮਾਰਿਆ....." ਹੁਣ ਤੱਕ ਹੋਈਆਂ ਸਾਰੀਆਂ ਗੱਲਾਂ ਖੋਲ ਦਿੱਤੀਆਂ ਦਿਆਲੇ ਨੇ ਪੰਚਾਇਤ ਤੇ ਪਿੰਡ ਵਾਲਿਆਂ ਅੱਗੇ।

ਕੋਈ ਖਾਸ ਸਬੂਤ ਨਾ ਹੋਣ ਕਰਕੇ ਪਿੰਡ ਵਾਲੇ ਕੁਝ ਵੀ ਨਹੀਂ ਕਰ ਸਕੇ...ਕੁੜੀ ਦੀ ਗਵਾਹੀ ਛੋਟੀ ਉਮਰ ਕਰਕੇ ਮੰਨੀ ਨੀ ਗਈ। ਦਿਆਲੇ ਨੇ ਥਾਣੇ ਜਾਣ ਦੀ ਗੱਲ ਕਹੀ ਪਰ ਪੰਚਾਇਤ ਨੇ ਪਿੰਡ ਦੀ ਬੇਇਜ਼ਤੀ ਦਾ ਵਾਸਤਾ ਪਾਇਆ ਤੇ ਥਾਣੇ ਨਾ ਜਾਣ ਲਈ ਦਿਆਲੇ ਨੂੰ ਮਨਾ ਲਿਆ। ਸਰਵਣ ਭਾਅ ਨੇ ਵੀ ਕਿਸੇ ਗੱਲ ਦੇ ਪਤਾ ਹੋਣ ਤੋਂ ਸਾਫ ਇਨਕਾਰ ਕਰ ਦਿੱਤਾ।

ਦਿਆਲੇ ਨੂੰ ਹੁਣ ਦਿਨ ਰਾਤ ਆਪਣੀ ਤੀਵੀਂ ਦੀ ਸੁਪਨੇ ਵਾਲੀ ਹਰ ਗੱਲ ਯਾਦ ਆਉਂਦੀ ਰਹਿੰਦੀ...ਦਿਮਾਗੀ ਸੰਤੁਲਨ ਵਿਗੜਨ ਲੱਗ ਪਿਆ ਸੀ ਉਸਦਾ। ਦਿਨ ਰਾਤ ਕਿਸੇ ਹੋਰ ਵੀ ਜਹਾਨ ਵਿਚ ਰਹਿਣ ਲੱਗਾ ਸੀ ਦਿਆਲਾ ਵਿਚਾਰਾ। ਪਿੰਡ ਵਾਲਿਆਂ ਤੇ ਵੱਡੇ ਭਰਾ ਤੋਂ ਵੀ ਬਹੁਤ ਦੁਖੀ ਸੀ ਉਹ ਕਿਉਂਕਿ ਉਨ੍ਹਾਂ ਨੇ ਕੋਈ ਗੱਲ ਨਹੀਂ ਸੁਣੀ ਸੀ ਉਸਦੀ। ਇਨ੍ਹਾਂ ਹੀ ਸੋਚਾਂ ਦੀ ਘੁੰਮਣਘੇਰੀ ਵਿਚ ਦਿਨ ਕੱਟ ਰਿਹਾ ਸੀ ਦਿਆਲਾ....ਤੇ ਇਕ ਰਾਤ ਉਸਦੇ ਸਬਰ ਦਾ ਭਾਂਡਾ ਭਰ ਗਿਆ। ਉਹ ਆਪ ਮੁਹਾਰਾ ਅੱਧੀ ਰਾਤ ਨੂੰ ਉਠਿਆ ਤੇ ਡੰਗਰਾਂ ਵਾਲੇ ਕਮਰੇ ਵਿਚ ਬੜ੍ਹ ਗਿਆ। ਪਠੱਲ ਦਾਤੀ ਤੇ ਕੁਹਾੜਾ ਚੁੱਕ ਉਹ ਬਾਹਰ ਆਇਆ। ਗਰਮੀਆਂ ਦੇ ਦਿਨ ਸਨ। ਘਰੋਂ ਨਿਕਲ ਕੇ ਬਾਹਰ ਟਿਊਬਲ ਵੱਲ ਨੂੰ ਤੁਰ ਪਿਆ.... ਚਾਨਣੀ ਰਾਤ ਵਿਚ ਉਹ ਸਰਵਣ ਦੇ ਖੂਹੀ ਲਾਗੇ ਡੱਠੇ ਮੰਜੇ ਦੇ ਸਿਰਾਣੇ ਵੱਲ ਖੜ੍ਹ ਗਿਆ ਜਿਸ ਉੱਤੇ ਸਰਵਣ ਗੂੜ੍ਹੀ ਨੀਂਦੇ ਸੁੱਤਾ ਪਿਆ ਸੀ। ਇਕ ਦਮ ਪਤਾ ਨੀ ਉਹਦੇ ਦਿਲ ਵਿਚ ਕੀ ਆਇਆ... ਸੱਜੇ ਪਾਸੇ ਤੋਂ ਹੋ ਕੇ ਉਹ ਸਰਵਣ ਦੀ ਛਾਤੀ ਤੇ ਬੈਠ ਗਿਆ ਤੇ ਉਸਦੇ ਹੱਥ ਆਪਣੇ ਗੋਡਿਆਂ ਥੱਲੇ ਨੱਪ ਲਏ.... ਅੱਸੀ ਨੱਬੇ ਕਿੱਲੋ ਭਾਰ ਪੈਣ ਨਾਲ ਸਰਵਣ ਦਾ ਉਪਰਲਾ ਸਾਹ ਉੱਪਰ ਤੇ ਹੇਠਲਾ ਹੇਠਾਂ ਰਹਿ ਗਿਆ। ਉਸਨੇ ਅੱਖਾਂ ਖੋਲ੍ਹੀਆਂ ਬੜ੍ਹੀ ਮੁਸ਼ਕਿਲ ਤੇ ਹਫ਼ਦਾ ਹੋਇਆ ਬੋਲਿਆ, "ਦਿਆਲੇ..!.. ਕੀ ਕਰਨ ਲੱਗਾ ਭਰਾਵਾ....ਤੂੰ ਠੀਕ ਤਾਂ ਹੈਂ... ?

ਦਿਆਲੇ ਨੇ ਸਰਵਣ ਦੀ ਸੰਘੀ ਫੜ੍ਹ ਲਈ ਤੇ ਬੋਲਿਆ, " ਉਸਲੇ ਤਾਂ ਕੁਝ ਬੋਲਿਆ ਨੀ ਭਾਅ....ਤੀਵੀਂ ਨਾਲ ਰੱਲ਼ ਗਿਆ ਤੂੰ ਵੀ....ਮੇਰਾ ਸਭ ਲੁੱਟ ਲਿਆ ਤੁਸੀਂ ਦੋਹਾਂ ਨੇ ਮਿਲਕੇ....ਪੰਚਾਇਤ ਨੇ ਵੀ ਮੇਰੀ ਇਕ ਨੀ ਸੁਣੀ.....ਥਾਣੇ ਵੀ ਜਾਣ ਨੀ ਦਿੱਤਾ ਮੈਨੂੰ....ਹੁਣ ਮੌਤ ਸਾਹਮਣੇ ਬੜ੍ਹਾ ਬੋਲਣ ਲੱਗ ਪਿਆ ਤੂੰ....."

ਸਰਵਣ ਬੋਲਣਾ ਚਾਉਂਦਾ ਸੀ ਪਰ ਦਿਆਲੇ ਦੀ ਪਕੜ ਇੰਨੀ ਮਜ਼ਬੂਤ ਸੀ ਕਿ ਉਹ ਬੋਲ ਨਾ ਸਕਿਆ। ਦਿਆਲੇ ਨੇ ਦੇਖਦੇ ਹੀ ਦੇਖਦੇ ਦਾਤੀ ਸਰਵਣ ਦੀ ਸਾਹ ਰਗ ਤੇ ਕੋਈ ਚਾਰ ਪੰਜ ਇੰਚ ਲੰਮੀ ਫੇਰ ਦਿੱਤੀ ਤੇ ਉਸਦੇ ਹੱਥ ਖੂਨ ਨਾਲ ਲੱਥ ਪੱਥ ਹੋ ਗਏ....ਸਰਵਣ ਹੱਥ ਪੈਰ ਮਾਰਦਾ ਰਿਹਾ ਪਰ ਕੋਈ ਵੱਸ ਨੀ ਚਲਿਆ। ਦੋ ਤਿੰਨ ਮਿੰਟਾਂ ਵਿਚ ਹੀ ਸਰਵਣ ਦਾ ਸਰੀਰ ਅਹਿੱਲ ਹੋ ਗਿਆ ਤੇ ਸਰਵਣ ਦੇ ਪ੍ਰਾਣ ਪੰਖੇਰੂ ਉੱਡ ਗਏ।

ਦਿਆਲੇ ਦੇ ਸਿਰ ਅੱਜ ਰਾਤ ਮੌਤ ਸਵਾਰ ਸੀ...ਖੂਹੀ ਤੇ ਭਰਾ ਨੂੰ ਕਤਲ ਕਰਕੇ ਉਹ ਸਰਵਣ ਦੇ ਘਰ ਵੱਲ ਨੂੰ ਤੁਰ ਪਿਆ....ਸਾਰਾ ਟੱਬਰ ਬਾਹਰ ਹੀ ਵੇਹੜੇ ਵਿੱਚ ਸੁੱਤਾ ਪਿਆ ਸੀ...ਦਿਆਲੇ ਨੇ ਚੰਨ ਦੀ ਚਾਨਣੀ ਵਿਚ ਭਰਜਾਈ ਦੀ ਮੰਜੀ ਲੱਭ ਲਈ.....ਭਰਜਾਈ ਚਾਦਰ ਲਈ ਮੱਥੇ ਤੇ ਹੱਥ ਰੱਖੀ ਬੇਖਬਰ ਸੁੱਤੀ ਪਈ ਸੀ...ਦਿਆਲੇ ਨੇ ਦੇਖਿਆ ਕਿ ਮੱਥੇ ਤੇ ਰੱਖੇ ਹੱਥ ਵਿਚ ਇਕ ਚੂੜੀ ਜਾਂ ਕੜਾ ਪਾਇਆ ਹੋਇਆ ਸੀ.....ਉਸਨੂੰ ਯਕੀਨ ਹੋ ਗਿਆ ਕਿ ਇਹੀ ਭਰਜਾਈ ਸੀ...ਉਸਨੇ ਕੁਹਾੜੇ ਦਾ ਇਕ ਵਾਰ ਪੂਰੇ ਜ਼ੋਰ ਨਾਲ ਕਰ ਦਿੱਤਾ...ਹੱਥ ਤੇ ਮੱਥੇ ਨੂੰ ਚੀਰਦਾ ਕੁਹਾੜਾ ਅੱਧੇ ਕੰਨ ਨੂੰ ਵੱਢ ਗਿਆ..... ਅਚਾਨਕ ਹੋਏ ਇਸ ਹਮਲੇ ਤੇ ਦਰਦ ਨਾਲ ਚੀਕਦਾ ਹੋਇਆ ਦਿਆਲ ਦਾ ਨਿੱਕਾ ਭਤੀਜਾ ਉੱਠ ਕੇ ਬੈਠ ਗਿਆ ਤੇ ਖੂਨ ਨਾਲ ਲੱਥ ਪੱਥ ਹੋ ਗਿਆ। ਉਸਦੇ ਰੌਲੇ ਨਾਲ ਸਾਰਾ ਟੱਬਰ ਉੱਠ ਗਿਆ ਤੇ ਨਾਲੇ ਭਰਜਾਈ ਵੀ......ਦਿਆਲੇ ਨੂੰ ਸਮਝ ਆਈ ਕਿ ਭਰਜਾਈ ਦੇ ਭੁਲੇਖੇ ਉਹ ਭਤੀਜੇ ਤੇ ਹਮਲਾ ਕਰ ਬੈਠਾ ਸੀ। ਜਦੋਂ ਸਾਰੇ ਜਣੇ ਉੱਠ ਗਏ ਤਾਂ ਦਿਆਲਾ ਕੁਹਾੜਾ ਉਥੇ ਹੀ ਸੁੱਟ ਘਰੋਂ ਬਾਹਰ ਦੌੜ ਗਿਆ।

ਸਵੇਰ ਤੱਕ ਪਿੰਡ ਵਿਚ ਲਹੂਰ ਪੈ ਗਿਆ....ਸਭ ਗੱਲਾਂ ਕਰਨ ਲੱਗੇ ...ਦਿਆਲੇ ਨੇ ਸਰਵਣ ਨੂੰ ਜਾਨੋਂ ਮਾਰ ਮੁਕਾਇਆ ਤੇ ਭਤੀਜੇ ਦਾ ਸਿਰ ਪਾੜ ਦਿੱਤਾ..... ਦਿਨ ਚੜਦੇ ਤੱਕ ਪੁਲਿਸ ਦੀ ਗੱਡੀ ਪਿੰਡ ਪਹੁੰਚ ਗਈ। ਸਰਵਣ ਦੀ ਲਾਸ਼ ਨੂੰ ਕਬਜ਼ੇ ਵਿਚ ਲੈ ਕੇ ਪੋਸਟ ਮਾਰਟਮ ਲਈ ਭੇਜ ਦਿੱਤਾ ਤੇ ਭਤੀਜੇ ਨੂੰ ਬਿਆਨਾਂ ਤੋਂ ਬਾਅਦ ਨਜ਼ਦੀਕੀ ਹਸਪਤਾਲ਼ । ਸਭ ਹੈਰਾਨ ਰਹਿ ਗਏ ਕਿ ਕੋਈ ਇਨ੍ਹਾਂ ਬੇਦਰਦ ਤੇ ਨਿਰਦਈ ਕਿਦਾਂ ਹੋ ਸਕਦਾ ਹੈ...ਆਪਣੇ ਸਕੇ ਪਿਉ ਵਰਗੇ ਭਰਾ ਤੇ ਪੁੱਤ ਵਰਗੇ ਭਤੀਜੇ ਨੂੰ ਕੋਈ ਕਿਵੇਂ ਮਾਰ ਦੇਣ ਬਾਰੇ ਸੋਚ ਸਕਦਾ ਹੈ..... ਜਿੰਨੇ ਮੂੰਹ ਓਨੀਆਂ ਹੀ ਗੱਲਾਂ.......

ਪਿੰਡ ਤੋਂ ਬਾਹਰ ਨਿਕਲਦੇ ਹੀ ਅਗਲੇ ਪਿੰਡ ਤੋਂ ਪਹਿਲਾਂ ਇਕ ਭਾਰੀ ਅੰਬ ਦਾ ਦਰੱਖਤ ਸੀ.... ਇਨ੍ਹਾ ਮੋਟਾ ਕਿ ਸਧਾਰਨ ਵਿਅਕਤੀ ਦੇ ਕਲਾਵੇ ਵਿਚ ਨਹੀਂ ਆਉਂਦਾ ਸੀ.... ਦਿਆਲਾ ਰਾਤ ਦਾ ਹੀ ਇਸ ਅੰਬ ਤੇ ਚੜ੍ਹਕੇ ਲੁਕਿਆ ਬੈਠਾ ਸੀ। ਸਵੇਰ ਤੋਂ ਉਹ ਪਿੰਡ ਵਿਚ ਹੋ ਰਹੀ ਹਰ ਗਤੀਵਿਧੀ ਦੇਖ ਰਿਹਾ ਸੀ.....ਪੁਲਿਸ ਦਾ ਆਉਣਾ, ਸਰਵਣ ਦੀ ਲਾਸ਼ ਨੂੰ ਪੋਸਟਮਾਰਟਮ ਲਈ ਭੇਜਣਾ, ਭਤੀਜੇ ਨੂੰ ਹਸਪਤਾਲ਼ ਭੇਜਣਾ ਤੇ ਪਿੰਡ ਦੇ ਲੋਕਾਂ ਨੂੰ ਚੱਕਰਾਂ ਵਿਚ ਪਏ ਹੋਏ....ਇਹ ਸਭ ਕੁਝ ਉਹ ਦੇਖ ਰਿਹਾ ਸੀ ਅੰਬ ਦੇ ਦਰੱਖਤ ਤੇ ਬੈਠਾ।

ਰਾਤ ਹੋਣ ਤੇ ਉਹ ਅੰਬ ਤੋ ਉਤਰਿਆ ਤੇ ਚਾਨਣੀ ਰਾਤ ਵਿਚ ਲਾਗਲੇ ਪਿੰਡ ਦੀ ਇਕ ਸੁੱਕੀ ਖੂਹੀ ਵਿਚ ਉੱਤਰ ਗਿਆ। ਪੂਰਾ ਦਿਨ ਭੁੱਖਣ ਭਾਣਾ ਉਥੇ ਹੀ ਲੁਕਿਆ ਰਿਹਾ। ਸ਼ਾਮ ਨੂੰ ਕੋਈ ਬੰਦਾ ਖੇਤ ਗਿਆ ਤੇ ਉਸਨੇ ਦਿਆਲੇ ਨੂੰ ਖੂਹੀ ਵਿਚ ਬੈਠੇ ਨੂੰ ਦੇਖਿਆ। ਪਿੰਡ ਕੱਠਾ ਹੋ ਗਿਆ...,ਪੁਲਿਸ ਆ ਗਈ ਤੇ ਦਿਆਲੇ ਨੂੰ ਗਿਰਫ਼ਤਾਰ ਕਰ ਲਿਆ ਗਿਆ।

ਦਿਆਲੇ ਨੂੰ 14 ਸਾਲ ਦੀ ਉਮਰ ਕੈਦ ਸੁਣਾਈ ਗਈ। ਦਿਆਲਾ ਜੇਲ ਵਿਚ ਚਲਾ ਗਿਆ ਤੇ ਉਸਦੇ ਪੁੱਤ ਧੀ ਇਕੱਲੇ ਰਹਿ ਗਏ....ਮੁੰਡਾ ਤਾਂ 16-17 ਸਾਲਾਂ ਦਾ ਹੋ ਚੁੱਕਾ ਸੀ ਪਰ ਕੁੜੀ ਅਜੇ 13-14 ਸਾਲਾਂ ਦੀ ਹੀ ਸੀ......ਉਸਨੂੰ ਫਿਰ ਉਹੀ ਲਾਗਲੇ ਪਿੰਡ ਵਾਲੀ ਭੂਆ ਜਿਹੜੀ ਨਵੇਂ ਜੰਮੇ ਬੱਚੇ ਨੂੰ ਲੈ ਗ ?9 ਸੀ.. ਇਸ ਕੁੜੀ ਨੂੰ ਵੀ ਲੈ ਗਏ। ਮੁੰਡਾ ਪਿੰਡ ਦੇ ਹੀ ਇੱਕ ਪਰਿਵਾਰ ਨਾਲ ਦਿੱਲੀ ਚਲਾ ਗਿਆ ਤੇ ਟੈਕਸੀ ਡਰਾਈਵਰ ਬਣ ਗਿਆ......ਹੌਲੀ ਹੌਲੀ ਉਸਨੇ ਆਪਣੀ ਪਹਿਲੀ ਟੈਕਸੀ ਖਰੀਦ ਲਈ.... ਤੇ ਫ਼ਿਰ ਦੂਜੀ। ਜਮੀਨ ਸਾਰੀ ਮਾਮਲੇ ਤੇ ਦੇ ਦਿੱਤੀ ਸੀ। ਅੱਠ ਨੌਂ ਸਾਲਾਂ ਬਾਅਦ ਉਸਨੇ ਆਪਣੀ ਭੈਣ ਦਾ ਵਿਆਹ ਕਰ ਦਿੱਤਾ ਤੇ ਫਿਰ ਪਿੰਡ ਕੇ ਆਪਣਾ ਵਿਆਹ ਕਰਵਾ ਲਿਆ। ਤਾਏ ਦੇ ਪਰਿਵਾਰ ਨਾਲ ਮੂੰਹ ਮੁਲਾਜ਼ਾ ਬਣਾਈ ਰੱਖਿਆ। ਚਾਰ ਪੰਜ ਸਾਲ ਪਿੰਡ ਰਹਿਣ ਤੋਂ ਬਾਅਦ ਉਸਨੇ ਸਾਰੀ ਜਮੀਨ ਵੇਚ ਕੇ ਕਿਸੇ ਹੋਰ ਪਿੰਡ ਜਾ ਕੇ ਲਗਭਗ ਓਨੀ ਹੀ ਜਮੀਨ ਖਰੀਦ ਲਈ ਤੇ ਘਰ ਵੀ ਬਣਾ ਲਿਆ।

ਉਧਰ ਦੂਸਰੇ ਪਾਸੇ ਸਰਵਣ ਦੇ ਪਰਿਵਾਰ ਦਾ ਗੁਜਾਰਾ ਬੜੀ ਮੁਸ਼ਕਿਲ ਨਾਲ ਚਲਦਾ ਸੀ। ਸਰਵਣ ਦੇ ਤਿੰਨੇ ਪੁੱਤ ਇਕ ਨੰਬਰ ਦੇ ਸ਼ਰਾਬੀ ਨਿਕਲੇ। ਇਕ ਦਾ ਤਲਾਕ ਹੋ ਗਿਆ, ਇਕ ਛੜਾ ਰਹਿ ਗਿਆ ਤੇ ਸਭ ਤੋਂ ਛੋਟਾ ਜਿਸਤੇ ਗਲਤੀ ਨਾਲ ਹਮਲਾ ਹੋ ਗਿਆ ਸੀ ਉਹ ਵੀ ਸ਼ਰਾਬੀ ਨਿਕਲਿਆ ਪਰ ਉਸਦਾ ਵਿਆਹ ਹੋਇਆ ਤੇ ਮੁੰਡਾ ਕੁੜੀ ਹੋਏ ਉਸਦੇ ਘਰ ਪਰ ਉਹ ਵੀ ਜਲਦੀ ਮਰ ਗਿਆ....ਵੱਡਾ ਵੀ ਚਲ ਵੱਸਿਆ.....ਛੜੇ ਨੇ ਆਪਣੀ ਤੇ ਵੱਡੇ ਭਰਾ ਵਾਲੀ ਜਮੀਨ ਸ਼ਰਾਬ ਦੀ ਭੇਂਟ ਚੜ੍ਹਾ ਦਿੱਤੀ। ਜੀਤੋ ਜਿਸਨੇ ਗਹਿਣੇ ਤੇ ਸੋਨਾ ਚੁਰਾਇਆ ਸੀ ਵਿਆਹ ਤੋਂ ਬਾਅਦ ਦਿਮਾਗੀ ਸੰਤੁਲਨ ਵਿਗੜਨ ਕਰਕੇ ਸਹੁਰਿਆਂ ਨੇ ਘਰੋਂ ਕੱਢ ਦਿੱਤੀ ਤੇ ਕੁਝ ਸਾਲਾਂ ਬਾਅਦ ਮਰ ਮੁੱਕ ਗਈ। ਭਰਜਾਈ ਨੂੰ ਵੀ ਸਾਰੀ ਉਮਰ ਚੱਜਦਾ ਦਾ ਕੱਪੜਾ ਨਸੀਬ ਨਹੀਂ ਹੋਇਆ। ਛੋਟੇ ਮੁੰਡੇ ਦੀ ਮੌਤ ਤੋਂ ਬਾਅਦ ਉਸਦੀ ਪਤਨੀ ਨੇ ਆਪਣੇ ਹਿੱਸੇ ਦੀ ਸਾਰੀ ਜਮੀਨ ਵੇਚ ਦਿੱਤੀ ਤੇ ਪਿੰਡ ਛੱਡ ਕੇ ਕਿਤੇ ਹੋਰ ਜਾ ਕੇ ਨਵਾਂ ਵਿਆਹ ਕਰਵਾ ਲਿਆ ਤੇ ਸਰਵਣ ਦੀ ਪਤਨੀ ਕੱਲੀ ਆਪਣੇ ਘਰ ਗਰੀਬੀ ਨਾਲ ਲੜ੍ਹਦੀ ਲੜ੍ਹਦੀ ਚਲ ਵਸੀ।

ਦਿਆਲੇ ਦੇ ਵਧੀਆ ਚਾਲ ਚਲਣ ਕਰਕੇ ਉਸਦੀ ਸਜਾ ਘਟਾ ਕੇ ਦੱਸ ਸਾਲ ਕਰ ਦਿੱਤੀ ਗਈ ਤੇ ਉਹ ਆਪਣੀ ਸਜਾ ਭੁਗਤਣ ਤੋਂ ਬਾਅਦ ਆਪਣੇ ਨੂੰਹ ਪੁੱਤ ਕੋਲ ਵਾਪਿਸ ਗਿਆ । ਆਪਣੇ ਪੁੱਤ ਦੀ ਲਾਇਕੀ ਦੇਖ ਦੇ ਬਹੁਤ ਖੁਸ਼ ਹੋਇਆ। ਚਾਰ ਪੰਜ ਸਾਲ ਬੜੇ ਠਾਠ ਨਾਲ ਕੱਟ ਕੇ ਦਿਆਲਾ ਵੀ ਚਲ ਵੱਸਿਆ......ਉਸਦਾ ਛੋਟਾ ਮੁੰਡਾ ਆਪਣੀ ਭੂਆ ਕੋਲ ਹੀ ਰਿਹਾ ਤੇ ਬਾਅਦ ਵਿਚ ਇੰਗਲੈਂਡ ਚਲਾ ਗਿਆ ਤੇ ਆਪਣੀ ਜ਼ਿੰਦਗੀ ਬੜੇ ਸੋਹਣੇ ਤਰੀਕੇ ਨਾਲ ਜੀ ਰਿਹਾ ਹੈ...ਇਸ ਤਰਾਂ ਦਿਆਲੇ ਦਾ ਵੰਸ਼ ਅੱਜ ਵੀ ਬੜੀ ਖੁਸ਼ਹਾਲ ਜ਼ਿੰਦਗੀ ਬਤੀਤ ਕਰ ਰਿਹਾ ਹੈ ਪਰ ਦੂਜੇ ਪਾਸੇ ਸਰਵਣ ਤੇ ਭਰਜਾਈ ਦੇ ਵੰਸ਼ ਦਾ ਪਿੰਡ ਤੇ ਜਹਾਨ ਤੋਂ ਨਾਮੋ ਨਿਸ਼ਾਨ ਮਿਟ ਗਿਆ। ਸਿਆਣਿਆਂ ਨੇ ਸੱਚ ਹੀ ਕਿਹਾ ਹੈ ਸਵਰਗ ਨਰਕ ਸਭ ਏਥੇ ਹੀ.... ਏਸੇ ਜਹਾਨ ਵਿਚ ਹੀ ਹਨ....ਏਸੇ ਧਰਤੀ ਤੇ ਭੋਗਕੇ ਜਾਂਦਾ ਹੈ ਹਰ ਬੰਦਾ....ਅਗਲਾ ਜਹਾਨ ਕਿਸ ਨੇ ਦੇਖਿਆ ਹੈ.........।

**ਹਰਪਾਲ ਸਿੰਘ ਹੁਸਿਆਰਪੁਰ**
94170746693

PREETNAMA ਪ੍ਰੀਤਨਾਮਾ ਖਰਾ ਸੱਚ
Online and Print Media



# ਆਖਿਰ ਹੈਕਰ ਸਾਡੇ ਸਮਾਰਟ ਫੋਨ ਜਾਂ ਕੰਪਿਊਟਰ ਨੂੰ ਕਿਵੇਂ ਕਰਦੇ ਹਨ ਹੈਕ






ਚਾਨਣ ਦੀਪ ਸਿੰਘ ਔਲਖ,
ਮੋ: 9876888177

ਅੱਜ ਟੈਕਨਾਲੋਜੀ ਦੇ ਇਸ ਯੁੱਗ ਵਿੱਚ ਹਰ ਕੋਈ ਕੰਪਿਊਟਰ ਦੀ ਵਰਤੋਂ ਕਿਸੇ ਨਾ ਕਿਸੇ ਰੂਪ ਵਿੱਚ ਜਰੂਰ ਕਰ ਰਿਹਾ ਹੈ।ਸਮਾਰਟਫੋਨ ਤਾਂ ਹਰ ਇੱਕ ਦੀ ਜਿੰਦਗੀ ਦਾ ਅੰਗ ਹੀ ਬਣ ਗਿਆ ਹੈ। ਹੁਣ ਸਿਰਫ਼ ਗੱਲਬਾਤ ਹੀ ਨਹੀਂ ਬਲਕਿ ਵੀਡੀਓ ਗੱਲਬਾਤ , ਈ-ਮੇਲ ਸੁਨੇਹਾ ਭੇਜਣ, ਈ-ਬੈਂਕਿੰਗ ਲੈਣ-ਦੇਣ, ਸੋਸ਼ਲ ਮੀਡੀਆ 'ਤੇ ਜੁੜਨ ਆਦਿ ਕਾਰਜਾਂ ਲਈ ਕੰਪਿਊਟਰ ਦੇ ਨਾਲ ਨਾਲ ਸਮਾਰਟ ਫੋਨ ਦੀ ਵਰਤੋਂ ਵੱਡੀ ਗਿਣਤੀ ਵਿੱਚ ਲੋਕਾਂ ਵੱਲੋਂ ਕੀਤੀ ਜਾਂਦੀ ਹੈ।

ਜਿੱਥੇ ਇਨ੍ਹਾਂ ਉਪਕਰਨਾਂ ਦੀ ਵਰਤੋਂ ਵਧੀ ਹੈ ਉਥੇ ਇਨ੍ਹਾਂ ਨਾਲ ਸਬੰਧਤ ਚੋਰੀਆਂ, ਠੱਗੀਆਂ ਅਤੇ ਧੋਖਾਧੜੀਆਂ ਨੇ ਵੀ ਜਨਮ ਲਿਆ ਹੈ। ਜਿਨ੍ਹਾਂ ਨੂੰ ਸਾਇਬਰ ਅਪਰਾਧ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਆਏ ਦਿਨ ਇਸ ਤਰ੍ਹਾਂ ਦੀਆਂ ਅਨੇਕਾਂ ਘਟਨਾਵਾਂ ਪੜਨ-ਸੁਣਨ ਨੂੰ ਮਿਲਦੀਆਂ ਹਨ। ਲਾਕਡਾਊਨ ਦੌਰਾਨ ਇਨ੍ਹਾਂ ਘਟਨਾਵਾਂ ਵਿੱਚ ਕਾਫੀ ਵਾਧਾ ਹੋਇਆ ਹੈ। ਭਾਰਤ ਦੇ ਚੀਨ ਨਾਲ ਛਿੜੇ ਤਤਕਾਲੀ ਤਣਾਅ ਤੋਂ ਬਾਅਦ ਚੀਨੀ ਹੈਕਰਾਂ ਵੱਲੋਂ ਭਾਰਤ ਵਿੱਚ ਸਾਇਬਰ ਅਟੈਕ ਦੀਆਂ ਖਬਰਾਂ ਆ ਰਹੀਆਂ ਹਨ। ਪਿਛਲੇ ਕੁਝ ਦਿਨਾਂ ਵਿੱਚ ਹਜ਼ਾਰਾਂ ਦੀ ਗਿਣਤੀ ਵਿੱਚ ਸਾਇਬਰ ਅਟੈਕ ਦੇ ਮਾਮਲੇ ਸੁਣਨ ਨੂੰ ਮਿਲੇ ਹਨ। ਇਨ੍ਹਾਂ ਖਬਰਾਂ ਵਿੱਚ ਕਿੰਨੀ ਸੱਚਾਈ ਹੈ ਇਸ ਬਾਰੇ ਕੁਝ ਨਹੀਂ ਕਿਹਾ ਜਾ ਸਕਦਾ ਪਰ ਫਿਰ ਵੀ ਸਾਨੂੰ ਚੌਕੰਨੇ ਜਰੂਰ ਹੋ ਜਾਣਾ ਚਾਹੀਦਾ ਹੈ। ਸਾਡੇ ਵਿੱਚੋਂ ਬਹੁਤੇ ਕੰਪਿਊਟਰ ਅਤੇ ਸਮਾਰਟ ਫੋਨ ਵਰਤੋਂਕਾਰ ਨਿਸਚਿਤ ਤੌਰ ਤੇ ਇਸ ਤੋਂ ਅਣਜਾਣ ਹੋਣਗੇ। ਇਸ ਲਈ ਸਾਨੂੰ ਇਹ ਜਾਣਕਾਰੀ ਹੋਣਾ ਜਰੂਰੀ ਹੈ ਕਿ ਆਖਿਰ ਹੈਕਰ ਸਾਡੇ ਕੰਪਿਊਟਰ ਜਾਂ ਸਮਾਰਟ ਫੋਨ ਨੂੰ ਕਿਵੇਂ ਹੈਕ ਕਰ ਲੈਂਦੇ ਹਨ ਅਤੇ ਸਾਇਬਰ ਅਟੈਕ ਕਿਵੇਂ ਕਰਦੇ ਹਨ। ਸਾਧਾਰਨ ਭਾਸ਼ਾ ਵਿੱਚ ਜਿਵੇਂ ਮੱਛੀ ਨੂੰ ਫੜਨ ਲਈ ਜਾਲ ਜਾਂ ਕੁੰਡੀ ਤੇ ਮੱਛੀ ਦੀ ਮਨਪਸੰਦ ਚੀਜ਼ ਲਗਾਈ ਜਾਂਦੀ ਹੈ ਜਿਸ ਨਾਲ ਮੱਛੀ ਆਪਣੇ-ਆਪ ਉਸ ਜਾਲ ਵੱਲ ਖਿੱਚੀ ਆਉਂਦੀ ਹੈ ਅਤੇ ਜਾਲ ਵਿੱਚ ਫਸ ਜਾਂਦੀ ਹੈ। ਬਿਲਕੁਲ ਉਸੇ ਤਕਨੀਕ ਦੀ ਵਰਤੋਂ ਇਹਨਾਂ ਹੈਕਰਾਂ ਵੱਲੋਂ ਉਪਕਰਨਾਂ ਨੂੰ ਹੈਕ ਕਰਨ ਲਈ ਕੀਤੀ ਜਾਂਦੀ ਹੈ। ਇੱਥੇ ਹੈਕਰ ਵਰਤੋਂਕਾਰਾਂ ਦੇ ਸਾਹਮਣੇ ਚਾਰੇ ਦੇ ਰੂਪ ਵਿੱਚ ਕੁਝ ਲੁਭਾਵਣੀਆਂ ਚੀਜ਼ਾਂ ਦੀ ਨੁਮਾਇਸ਼ ਕਰਦਾ ਹੈ ਤਾਂ ਜੋ ਉਹ ਛੇਤੀ ਨਾਲ ਆਕਰਸ਼ਿਤ ਹੋ ਜਾਣ। ਜਿਵੇਂ ਉਹ ਕੁਝ ਆਕਰਸ਼ਕ ਆਫਰ ਰੱਖਦਾ ਹੈ ਜਾਂ ਉਹ ਮੈਸੇਜ ਭੇਜਦਾ ਹੈ ਜਿਸ ਵਿੱਚ ਦੱਸਿਆ ਜਾਂਦਾ ਹੈ ਕਿ ਬੈਂਕ ਤੋਂ ਤੁਹਾਨੂੰ ਇਨਾ ਕੈਸਬੈਕ ਮਿਲ ਰਿਹਾ ਹੈ ਜਾਂ ਤੁਸੀਂ ਇੰਨੇ ਲੱਖ ਰੁਪਏ ਜਾਂ ਡਾਲਰ ਜਿੱਤ ਲਏ ਹਨ। ਜਿਸ ਨੂੰ ਕਲੇਮ ਕਰਨ ਲਈ ਇਸ ਲਿੰਕ ਤੇ ਕਲਿਕ ਕਰੋ ਜਾਂ ਇਹ ਐਪ ਡਾਉਨਲੋਡ ਕਰੋ। ਮੈਸੇਜ ਜਾਂ ਈ-ਮੇਲ ਇਸ ਤਰ੍ਹਾਂ ਤਿਆਰ ਕੀਤੀ ਗਈ ਹੁੰਦੀ ਹੈ ਕਿ ਉਹ ਕਿਸੇ ਅਸਲੀ ਬੈਂਕ ਜਾਂ ਦਫ਼ਤਰ ਵਲੋਂ ਭੇਜੀ ਗਈ ਹੋਵੇ। ਕੋਈ ਵੀ ਵਿਅਕਤੀ ਉਸ ਨੂੰ ਪੜ੍ਹ ਕੇ ਫਟਾਫਟ ਉਸ ਲਿੰਕ ਨੂੰ ਖੋਲਦਾ ਹੈ ਜਾਂ ਐਪ ਡਾਉਨਲੋਡ ਕਰ ਕੇ ਹਰ ਤਰਾਂ ਦੀ ਪਰਮੀਸ਼ਨ ਅਲਾਓ ਕਰ ਦਿੰਦਾ ਹੈ, ਜਿਵੇਂ ਕਾਲ, ਮੈਸਜ, ਲੋਕੇਸ਼ਨ, ਕੈਮਰਾ, ਸਟੋਰੇਜ ਅਨੁਮਤੀ ਆਦਿ। ਕਈ ਲੋਕ ਪੇਡ ਐਪਲੀਕੇਸ਼ਨ/ ਸਾਫਟਵੇਅਰ ਨੂੰ ਮੁਫ਼ਤ ਵਿੱਚ ਇਸਤੇਮਾਲ ਕਰਨ ਲਈ ਥਰਡ ਪਾਰਟੀ ਐਪਲੀਕੇਸ਼ਨ ਜਾਂ ਕਰੈਕ ਸਾਫਟਵੇਅਰ ਡਾਊਨਲੋਡ ਕਰ ਲੈਂਦੇ ਹਨ ਜੋ ਕਿ ਭਰੋਸੇਯੋਗ ਨਹੀਂ ਹੁੰਦੇ। ਜਦੋਂ ਅਸੀਂ ਇਨ੍ਹਾਂ ਐਪਸ ਜਾਂ ਸਾਫਟਵੇਅਰਾਂ ਨੂੰ ਹਰ ਤਰ੍ਹਾਂ ਦੀਆਂ ਬਹੁਤ ਸਾਰੀਆਂ ਅਨੁਮਤੀਆਂ ਦੇ ਦਿੰਦੇ ਹਾਂ ਤਾਂ ਸਾਡਾ ਸਮਾਰਟ ਫੋਨ ਜਾਂ ਕੰਪਿਊਟਰ ਹੈਕ ਹੋ ਜਾਂਦਾ ਹੈ ਭਾਵ ਉਸ ਦਾ ਹਰ ਤਰ੍ਹਾਂ ਦਾ ਕੰਟਰੋਲ ਹੈਕਰ ਦੇ ਹੱਥ ਵਿੱਚ ਆ ਜਾਂਦਾ ਹੈ ਅਤੇ ਸਾਨੂੰ ਪਤਾ ਵੀ ਨਹੀਂ ਲੱਗਦਾ। ਇਸ ਤਰ੍ਹਾਂ ਦੀਆਂ ਐਪਸ ਨੂੰ ਸਪਾਈਵੇਅਰ ਐਪਸ ਜਾਂ ਸਪਾਈ ਸਾਫਟਵੇਅਰ ਕਿਹਾ ਜਾਂਦਾ ਹੈ ਅਤੇ ਈ-ਮੇਲ ਮੈਸਜ ਦੁਆਰਾ ਭੇਜੇ ਜਾਂਦੇ ਲਿੰਕ ਨੂੰ ਸਪੈਮ ਕਿਹਾ ਜਾਂਦਾ ਹੈ।

ਇੱਕ ਵਾਰ ਜੇਕਰ ਹੈਕਰ ਕਿਸੇ ਵੀ ਤਰੀਕੇ ਨਾਲ ਤੁਹਾਡੇ ਫੋਨ ਜਾਂ ਕੰਪਿਊਟਰ ਵਿੱਚ ਇਹ ਸਪਾਈਵੇਅਰ ਇੰਸਟਾਲ ਕਰਨ ਵਿੱਚ ਕਾਮਯਾਬ ਹੋ ਗਿਆ ਤਾਂ ਉਹ ਇੰਟਰਨੈੱਟ ਦੀ ਮਦਦ ਨਾਲ ਘਰ ਬੈਠਾ ਤੁਹਾਡੇ ਫੋਨ ਨੂੰ ਰਿਮੋਟਲੀ ਨਿਯੰਤਰਿਤ ਕਰ ਸਕਦਾ ਹੈ। ਉਹ ਤੁਹਾਡੇ ਫੋਨ ਤੋਂ ਕਾਲ ਕਰ ਸਕਦਾ ਹੈ, ਤੁਹਾਡੀ ਕਾਲ ਰਿਕਾਰਡ/ਸੁਣ ਸਕਦਾ ਹੈ, ਤੁਹਾਡੇ ਮੈਸਜ/ਈ-ਮੇਲ ਪੜ੍ਹ ਸਕਦਾ ਹੈ , ਕਿਸੇ ਨੂੰ ਵੀ ਭੇਜ ਸਕਦਾ ਹੈ , ਕੈਮਰਾ ਵਰਤ ਸਕਦਾ ਹੈ। ਕਈ ਪ੍ਰਸਥਿਤੀਆਂ ਵਿੱਚ ਤੁਹਾਨੂੰ ਇਸ ਵਰਤਾਰੇ ਦੀ ਭਿਣਕ ਵੀ ਨਹੀਂ ਲੱਗੇਗੀ।

ਹੁਣ ਇੱਥੇ ਇਹ ਗੱਲ ਸਾਹਮਣੇ ਆਉਂਦੀ ਹੈ ਕਿ ਜੇਕਰ ਹੈਕਰ ਨੇ ਤੁਹਾਡੇ ਕੰਪਿਊਟਰ ਜਾਂ ਸਮਾਰਟ ਫੋਨ ਦਾ ਕੰਟਰੋਲ ਹਾਸਲ ਕਰਨਾ ਹੈ ਤਾਂ ਉਸ ਨੂੰ ਤੁਹਾਡੇ ਉਪਕਰਨਾਂ ਵਿੱਚ ਕੋਈ ਸਪਾਈਵੇਅਰ ਸਾਫਟਵੇਅਰ ਇੰਸਟਾਲ ਕਰਨਾ ਲਾਜ਼ਮੀ ਹੈ ਇਸ ਤੋਂ ਬਿਨਾਂ ਉਸ ਵੱਲੋਂ ਅਜਿਹਾ ਕਰਨਾ ਸੰਭਵ ਨਹੀਂ ਹੈ। ਹੁਣ ਸਵਾਲ ਇਹ ਉੱਠਦਾ ਹੈ ਕਿ ਆਖਿਰ ਅਸੀਂ ਆਪਣੇ ਸਮਾਰਟ ਫੋਨ ਜਾਂ ਕੰਪਿਊਟਰ ਨੂੰ ਹੈਕ ਹੋਣ ਤੋਂ ਕਿਵੇਂ ਬਚਾਅ ਸਕਦੇ ਹਾਂ ? ਇਸਦਾ ਜਵਾਬ ਉਪਰੋਕਤ ਚਰਚਾ ਦੇ ਵਿੱਚ ਹੀ ਛੁਪਿਆ ਹੋਇਆ ਹੈ। ਬਸ ਹੈਕਰ ਆਪਣੇ ਜਾਲ ਵਿੱਚ ਫਸਾਉਣ ਲਈ ਜੋ ਜੋ ਕਦਮ ਚੁੱਕਦਾ ਹੈ ਉਨ੍ਹਾਂ ਤੋਂ ਸਾਨੂੰ ਸਾਵਧਾਨ ਰਹਿਣਾ ਹੈ ਜਿਵੇਂ ਕਿ ਕਿਸੇ ਵੀ ਤਰ੍ਹਾਂ ਦੇ ਮੋਡੀਫਾਈਡ ਜਾਂ ਥਰਡ ਪਾਰਟੀ ਐਪਲੀਕੇਸ਼ਨ ਜਾਂ ਕਰੈਕ ਸਾਫਟਵੇਅਰ ਨੂੰ ਡਾਉਨਲੋਡ ਨਹੀਂ ਕਰਨਾ ਚਾਹੀਦਾ। ਜੇਕਰ ਤੁਹਾਨੂੰ ਅਜਿਹਾ ਮੈਸਜ ਜਾਂ ਈ-ਮੇਲ ਆਵੇ ਜਿਸ ਵਿੱਚ ਕੋਈ ਲਾਲਚ ਦਿੱਤਾ ਗਿਆ ਹੋਵੇ ਕਿ ਤੁਸੀਂ ਏਨੇ ਪੈਸੇ ਜਿੱਤ ਗਏ ਹੋ ਉਸ ਨੂੰ ਕਲੇਮ ਕਰਨ ਲਈ ਲਿੰਕ ਨੂੰ ਕਲਿਕ ਕਰੋ ਜਾਂ ਬੈਂਕ ਸਬੰਧੀ ਜਾਣਕਾਰੀ ਦਿਓ ਅਜਿਹਾ ਕਰਨ ਦੀ ਗਲਤੀ ਕਦੇ ਵੀ ਨਾ ਕਰੋ। ਇਸ ਦੇ ਨਾਲ ਹੀ ਜਦੋਂ ਅਸੀਂ ਆਪਣੇ ਸਮਾਰਟ ਫੋਨ ਵਿਚ ਕੋਈ ਐਪ ਪਲੇਅ ਸਟੋਰ ਜਾਂ ਐਪ ਸਟੋਰ ਤੋਂ ਡਾਉਨਲੋਡ ਕਰ ਕੇ ਇੰਸਟਾਲ ਕਰਦੇ ਹਾਂ ਤਾਂ ਉਹ ਕਈ ਕਿਸਮ ਦੀਆਂ ਅਨੁਮਤੀਆਂ ਦੀ ਮੰਗ ਕਰਦੀ ਹੈ ਅਸੀਂ ਬਿਨਾਂ ਪੜ੍ਹੇ ਸਾਰੀਆਂ ਅਨੁਮਤੀਆਂ ਦੀ ਆਗਿਆ ਦੇ ਦਿੰਦੇ ਹਾਂ। ਅਜਿਹਾ ਕਰਨਾ ਬਹੁਤ ਭਾਰੀ ਪੈ ਸਕਦਾ ਹੈ ਇਸ ਨਾਲ ਆਪਣੇ ਫੋਨ ਵਿਚਲੀ ਜਾਣਕਾਰੀ ਚੋਰੀ ਹੋ ਸਕਦੀ ਹੈ ਅਤੇ ਫੋਨ ਹੈਕ ਹੋ ਸਕਦਾ ਹੈ। ਹਮੇਸ਼ਾ ਚੰਗੀ ਤਰ੍ਹਾਂ ਪੜ੍ਹਕੇ ਹੀ ਪਰਮੀਸ਼ਨ ਦੇਣੀ ਚਾਹੀਦੀ ਹੈ। ਖਾਸ ਕਰ ਥਰਡ ਪਾਰਟੀ ਐਪਸ ਜਾਂ ਮੋਡੀਫਾਈਡ ਐਪਸ ਨੂੰ ਬਿਨਾਂ ਲੋੜੀਂਦੀਆਂ ਪਰਮੀਸ਼ਨਜ ਨਹੀਂ ਦੇਣੀਆਂ ਚਾਹੀਦੀਆਂ ਅਤੇ ਹਮੇਸ਼ਾ ਸਾਵਧਾਨ ਰਹਿਣਾ ਚਾਹੀਦਾ ਹੈ। ਹੈਕਰ ਤੁਹਾਡੇ ਉਪਕਰਨਾਂ ਨੂੰ ਹੈਕ ਕਰਕੇ ਹਰ ਤਰ੍ਹਾਂ ਦੀ ਜਾਣਕਾਰੀ ਜਿਵੇਂ ਕਾਲ ਡਿਟੇਲ, ਮੈਸਜ, ਪਰਸਨਲ ਫੋਟੋਆਂ, ਈ-ਮੇਲ, ਬੈਂਕ ਜਾਣਕਾਰੀ, ਪਾਸਵਰਡ ਆਦਿ ਡਾਟਾ ਚੁਰਾ ਕੇ ਤੁਹਾਡਾ ਬੈਂਕ ਖਾਤਾ ਖਾਲੀ ਕਰ ਸਕਦਾ ਹੈ ਜਾਂ ਤੁਹਾਨੂੰ ਹੋਰ ਕਈ ਤਰ੍ਹਾਂ ਦੀਆਂ ਮੁਸ਼ਕਲਾਂ ਵਿੱਚ ਪਾ ਸਕਦਾ ਹੈ। ਇਸ ਤਰ੍ਹਾਂ ਦੇ ਸਾਇਬਰ ਅਟੈਕ ਤੋਂ ਬਚਣ ਲਈ ਹਮੇਸ਼ਾ ਸੁਚੇਤ ਅਤੇ ਚੌਕੰਨਾ ਰਹਿਣਾ ਚਾਹੀਦਾ ਹੈ। ਜਦੋਂ ਵੀ ਕੋਈ ਐਪਲੀਕੇਸ਼ਨ ਜਾਂ ਸਾਫਟਵੇਅਰ ਡਾਊਨਲੋਡ ਕਰਨਾ ਹੋਵੇ ਤਾਂ ਭਰੋਸੇਯੋਗ ਵੈਬਸਾਈਟ ਜਾਂ ਐਪ ਸਟੋਰ ਤੋਂ ਹੀ ਡਾਉਨਲੋਡ ਕਰਨੀ ਚਾਹੀਦੀ ਹੈ , ਥਰਡ ਪਾਰਟੀ ਐਪਲੀਕੇਸ਼ਨਾ ਜਾਂ ਕਰੈਕ ਸਾਫਟਵੇਅਰਾਂ ਨੂੰ ਇੰਸਟਾਲ ਕਰਨ ਤੋਂ ਗੁਰੇਜ਼ ਕਰਨਾ ਚਾਹੀਦਾ ਹੈ ਅਤੇ ਫਾਲਤੂ ਦੇ ਲਾਲਚਨੁਮਾ ਲਿੰਕਾਂ ਨੂੰ ਕਦੇ ਨਹੀਂ ਖੋਲਣਾ ਚਾਹੀਦਾ।

# ਸੌਖਾ ਨਹੀਂ ਹੈ ਚੀਨੀ ਸਮਾਨ ਦਾ ਬਾਈਕਾਟ ਕਰਨਾ

ਹਰਪ੍ਰੀਤ ਸਿੰਘ ਬਰਾੜ

ਪਿਛਲੇ ਕੁਝ ਸਾਲਾਂ 'ਚ ਜਦੋਂ ਵੀ ਭਾਰਤ ਅਤੇ ਚੀਨ ਦਰਮਿਆਨ ਸਬੰਧਾ 'ਚ ਤਣਾਅ ਪੈਦਾ ਹੋਇਆ ਹੈ ਜਾਂ ਚੀਨੀ ਸਰਹੱਦ 'ਤੇ ਕੋਈ ਵਿਵਾਦ ਖੜਾ ਹੋਇਆ ਹੈ ਤਾਂ ਸਾਡੇ ਸਾਰੇ ਦੇਸ਼ 'ਚ ਉਸ 'ਤੇ ਪ੍ਰਤੀਕਿਰਿਆ ਦੇਖਣ ਨੂੰ ਮਿਲਦੀ ਰਹੀ ਹੈ।ਉਹੀ ਇੱਕੋ ਗੱਲ ਯਾਨੀ ਕਿ ਦੇਸ਼ 'ਚ ਚੀਨੀ ਸਮਾਨ ਦੇ ਬਾਈਕਾਟ ਦੀ ਮੁਹਿੰਮ ਚੱਲ ਪੈਂਦੀ ਹੈ। ਸੋਸ਼ਲ ਮੀਡੀਆ 'ਤੇ ਅਜਿਹੀਆਂ ਪੋਸਟਾਂ ਦੀ ਭਰਮਾਰ ਹੋ ਜਾਂਦੀ ਹੈ ਜਿੰਨ੍ਹਾਂ 'ਚ ਚੀਨੀ ਸਮਾਨ ਨਾ ਖਰੀਦਣ ਦਾ ਮੁੱਦਾ ਹੁੰਦਾ ਹੈ। ਕਿਸੇ ਵੀ ਨਾਗਰਿਕ ਦਾ ਆਪਣੇ ਦੇਸ਼ ਪ੍ਰਤੀ ਪਿਆਰ ਅਤੇ ਦੁਸ਼ਮਣ ਪ੍ਰਤੀ ਗੁੱਸਾ ਜਾਇਜ਼ ਹੁੰਦਾ ਹੈ।ਪਰ ਜਦੋਂ ਗੁੱਸੇ 'ਚ ਆ ਕੇ ਇਹ ਕਿਹਾ ਜਾਂਦਾ ਹੈ ਕਿ ਚੀਨ ਨੂੰ ਸਬਕ ਸਿਖਾਉਣ ਦੇ ਲਈ ਚੀਨੀ ਸਮਾਨ ਦਾ ਬਾਈਕਾਟ ਕੀਤਾ ਜਾਵੇਗਾ ਤਾਂ ਇਹ ਗੱਲ ਅਮਲੀ ਰੂਪ 'ਚ ਖ਼ਰੀ ਉੱਤਰਦੀ ਨਜਰ ਨਹੀਂ ਆਉਂਦੀ। ਚੀਨੀ ਸਮਾਨ ਸਾਡੇ ਬਜ਼ਾਰਾਂ ਅਤੇ ਘਰਾਂ 'ਚ ਐਨੀ ਕੁ ਘੁਸਪੈਠ ਕਰ ਚੁੱਕਿਆ ਹੈ ਕਿ ਤੁਸੀਂ ਚਾਹ ਕੇ ਵੀ ਚੀਨੀ ਸਮਾਨ ਤੋਂ ਗੁਰੇਜ਼ ਨਹੀਂ ਕਰ ਸਕਦੇ। ਤੁਸੀਂ ਆਪਣੇ ਚਾਰੇ ਪਾਸੇ ਨਜਰ ਘੁਮਾ ਕੇ ਦੇਖੋਂਗੇ ਤਾਂ ਤੁਹਾਨੂੰ ਇੱਕ-ਦੋ ਨਹੀਂ ਸਗੋਂ ਸੈਂਕੜੇ ਦੀ ਗਿਣਤੀ 'ਚ ਅਜਿਹੀਆਂ ਚੀਜ਼ਾਂ ਨਜਰ ਆਉਣਗੀਆਂ ਜੋ ਚੀਨ ਦੀਆਂ ਬਣੀਆਂ ਹਨ। ਮੀਡੀਆ ਰਿਪੋਰਟਾਂ ਦੇ ਮੁਤਾਬਿਕ ਮੌਜ਼ੂਦਾ ਸਮੇਂ 'ਚ ਭਾਰਤ ਵੱਲੋਂ ਲਗਭਗ 5 ▲25 ਲੱਖ ਕਰੋੜ ਯਾਨੀ 70 ਅਰਬ ਡਾਲਰ ਦਾ ਸਮਾਨ ਸਾਲਾਨਾ ਚੀਨ ਤੋਂ ਮੰਗਵਾਇਆ ਜਾਂਦਾ ਹੈ।

ਗਲਵਾਨ ਘਾਟੀ ਦੀ ਘਟਨਾ ਤੋਂ ਬਾਅਦ ਦੇਸ਼ 'ਚ ਨਵੇਂ ਸਿਰੇ ਤੋਂ ਚੀਨੀ ਸਮਾਨ ਦਾ ਬਾਈਕਾਟ ਕਰਨ ਦੀ ਜੰਗ ਸੋਸ਼ਲ ਮੀਡੀਆ 'ਚ ਛਿੜ ਚੁੱਕੀ ਹੈ। ਇਹ ਅਲੱਗ ਗੱਲ ਹੈ ਕਿ ਇਸ ਮੁੱਦੇ 'ਤੇ ਸਰਕਾਰ ਦੇ ਪੱਧਰ 'ਤੇ ਅਜਿਹਾ ਕਰਨਾ ਸੌਖਾ ਨਹੀਂ ਹੈ, ਕਿਉਂਕਿ ਭਾਰਤ ਵਿਸ਼ਵ ਵਪਾਰ ਸੰਗਠਨ ਦੇ ਕਾਇਦੇ -ਕਾਨੂੰਨਾਂ 'ਚ ਜਕੜਿਆ ਹੋਇਆ ਹੈ। ਇਸ ਦੇ ਬਾਵਜੂਦ ਭਾਰਤ ਸਰਕਾਰ ਨੇ ਚੀਨੀ ਬਾਈਕਾਟ ਦੀ ਸ਼ੁਰੂਆਤ ਕੀਤੀ ਹੈ। ਭਾਰਤੀ ਰੇਲਵੇ ਨੇ ਇਕ ਚੀਨੀ ਕੰਪਨੀ ਦਾ 471 ਕਰੋੜ ਰੁਪਏ ਦਾ ਠੇਕਾ ਰੱਦ ਕਰ ਦਿੱਤਾ ਹੈ। ਚੀਨੀ ਕੰਪਨੀ ਦਾ ਠੇਕਾ ਰੱਦ ਕਰਨ ਪਿੱਛੇ ਦਲੀਲ ਦਿੱਤੀ ਗਈ ਹੈ ਕਿ ਪਿਛਲੇ ਚਾਰ ਸਾਲਾਂ ਦੌਰਾਨ ਕੰਪਨੀ ਨੇ ਸਿਰਫ 20 ਫੀਸਦ ਕੰਮ ਕੀਤਾ ਹੈ। ਦੂਰਸੰਚਾਰ ਵਿਭਾਗ ਨੇ ਬੀਐਸਐਨਐਲ ਨੂੰ ਹਦਾਇਤਾਂ ਜਾਰੀ ਕੀਤੀਆਂ ਹਨ ਕਿ ਬੀਐਸਐਨਐਲ ਦੇ ਕਿਸੇ ਵੀ ਉਪਕਰਣ ਵਿਚ ਚੀਨੀ ਸਮਾਨ ਦੀ ਵਰਤੋਂ ਨਾ ਕੀਤੀ ਜਾਵੇ।

ਇਸੇ ਸਿਲਸਿਲੇ 'ਚ ਅੱਗੇ ਵਧਦੇ ਹੋਏ ਕੇਂਦਰੀ ਖਾਦ ਮੰਤਰੀ ਨੇ ਵੀ ਆਪਣੇ ਮਹਿਕਮੇ ਨੂੰ ਚੀਨੀ ਸਮਾਨ ਨਾ ਖਰੀਦਣ ਦੀਆਂ ਹਦਾਇਤਾਂ ਦਿੱਤੀਆਂ ਹਨ।ਸਰਕਾਰੀ ਸੂਤਰਾਂ ਤੋਂ ਮਿਲੀ ਜਾਣਕਾਰੀ ਮੁਤਾਬਿਕ ਦੇਸ਼ 'ਚ ਲੱਗੀਆਂ ਅਨੇਕਾਂ ਚੀਨੀ ਮਸ਼ੀਨਰੀਆਂ ਨੂੰ ਵੀ ਮੁਲਕ 'ਚੋਂ ਬਾਹਰ ਕੱਢਣ ਦੀ ਵਿਉ▲ਤਬੰਦੀ ਬਣਾਈ ਜਾ ਰਹੀ ਹੈ। ਹਾਲਾਂਕਿ ਇਸ ਦਿਸ਼ਾ 'ਚ ਕਿੰਨੀ ਸਫਲਤਾ ਹਾਸਲ ਹੋਵੇਗੀ, ਇਹ ਕਹਿਣਾ ਮੁਸ਼ਕਿਲ ਹੈ ਪਰ ਦੇਸ਼ ਦੀ ਜਨਤਾ ਲੰਮੇ ਸਮੇਂ ਤੋਂ ਇਹ ਕਹਿੰਦੀ ਆ ਰਹੀ ਸੀ ਕਿ ਉਨ੍ਹਾਂ ਤੋਂ ਤਾਂ ਸਵਦੇਸ਼ੀ ਚੀਜਾਂ ਅਪਣਾਉਣ ਦੀ ਉਮੀਦ ਕੀਤੀ ਜਾਂਦੀ ਸੀ ਪਰ ਸਰਕਾਰ ਵਿਸ਼ਵ ਵਪਾਰ ਸੰਗਠਨ ਦੇ ਨਾਲ ਸਮਝੌਤੇ ਦੇ ਪਰਦੇ 'ਚ ਖੁ▲ਦ ਚੀਨੀ ਸਮਾਨ ਨੂੰ ਦੇਸ਼ ਵਿਚ ਬਿਨਾਂ ਕਿਸੇ ਰੋਕਟੋਕ ਤੋ▲ ਧੜੱਲੇ ਨਾਲ ਮੰਗਵਾ ਰਹੀ ਸੀ। ਵੈਸੇ ਪਿਛਲੇ ਕੁਝ ਸਮੇਂ 'ਚ ਕੇਂਦਰ ਸਰਕਾਰ ਨੇ ਚੀਨ ਤੋਂ ਆਉਣ ਵਾਲੀਆਂ ਅਨੇਕਾਂ ਚੀਜ਼ਾਂ 'ਚ ਆਯਾਤ ਦਰਾਂ ਵਧਾ ਕੇ ਘਰੇਲੂ ਉ▲ਤਪਾਦਕਾਂ ਅਤੇ ਵਪਾਰੀਆਂ ਨੂੰ ਰਾਹਤ ਪਹੁੰਚਾਉਣ ਦੀ ਕੋਸ਼ਿਸ਼ ਕੀਤੀ ਹੈ। ਪਰ ਪ੍ਰਧਾਨ ਮੰਤਰੀ ਵੱਲੋਂ ਜਦੋਂ ਤੋਂ ਸਵੈ-ਨਿਰਭਰਤਾ ਦਾ ਨਾਅਰਾ ਦਿੱਤਾ ਗਿਆ ਉਦੋਂ ਤੋਂ ਦੇਸ਼ ਇਹ ਉਮੀਦ ਕਰ ਰਿਹਾ ਸੀ ਕਿ ਜਨਤਾ ਦੇ ਨਾਲ ਹੀ ਸਰਕਾਰ ਵੀ ਇਸ ਦਿਸ਼ਾ 'ਚ ਪਹਿਲ ਕਰੇ। ਹਾਲਾਂਕਿ ਮੌਜ਼ੂਦਾ ਹਲਾਤਾਂ 'ਚ ਚੀਨ ਤੋਂ ਆਯਾਤ ਨੂੰ ਪੂਰੀ ਤਰ੍ਹਾਂ ਰੋਕ ਪਾਉਣਾ ਨਾ ਤਾਂ ਸੰਭਵ ਹੈ ਅਤੇ ਨਾ ਹੀ ਯਥਾਯੋਗ ਹੈ, ਪਰ ਸ਼ੁਰੂਆਤ ਤਾਂ ਕਰਨੀ ਹੀ ਹੋਵੇਗੀ।

ਹੁਣ ਸਵਾਲ ਇਹ ਹੈ ਕਿ ਜੇਕਰ ਚੀਨ ਸਾਡੇ ਬਜਾਰਾਂ 'ਚ ਐਨੇ ਡੂੰਘੇ ਪੈਰ ਪਸਾਰ ਚੁੱਕਿਆ ਹੈ ਤਾਂ ਅਸੀਂ ਕਿਸ ਅਧਾਰ 'ਤੇ ਚੀਨੀ ਸਮਾਨ ਦੇ ਬਾਈਕਾਟ ਦੀ ਗੱਲ ਕਰਦੇ ਹਾਂ।ਬੇਸ਼ੱਕ ਗੈਰ-ਜਰੂਰੀ ਸਮਾਨ ਦੀ ਸਪਲਾਈ ਭਾਰਤ ਸਰਕਾਰ ਅਤੇ ਬਜ਼ਾਰ ਇਕੋਦਮ ਰੋਕ ਸਕਦੇ ਹਨ,ਕਿਉਂਕਿ ਅਸੀਂ ਇਹਨਾਂ ਚੀਜਾਂ ਨੂੰ ਆਪਣੇ ਦੇਸ਼ 'ਚ ਅਸਾਨੀ ਨਾਲ ਬਣਾ ਸਕਦੇ ਹਾਂ, ਪਰ ਇਹ ਸੱਚ ਹੈ ਕਿ ਭਾਰਤ ਦੇ ਔਸਤਨ 70 ਫੀਸਦ ਉਦਯੋਗ ਚੀਨ ਦੇ ਸਹਾਰੇ ਹੀ ਚੱਲਦੇ ਹਨ।

ਦਵਾਈ ਕੰਪਨੀਆਂ ਦਾ 70 ਫੀਸਦ ਕੱਚਾ ਮਾਲ ਚੀਨ ਹੀ ਸਪਲਾਈ ਕਰਦਾ ਹੈ। ਦੇਸ਼ ਵਿਚ ਸਮਾਰਟਫੋਨ ਬਜ਼ਾਰ 2 ਲੱਖ ਕਰੋੜ ਰੁਪਏ ਦਾ ਹੈ, ਜਿਸ 'ਚ ਚੀਨ ਦੀ ਹਿੱਸੇਦਾਰੀ 72 ਫੀਸਦ ਹੈ। ਦੂਰਸੰਚਾਰ ਉਪਕਰਣਾਂ ਦਾ ਬਜਾਰ 12000 ਕਰੋੜ ਦਾ ਹੈ ਜਿਸ 'ਚ ਚੀਨ ਦੀ ਹਿੱਸੇਦਾਰੀ 25 ਫੀਸਦ ਹੈ। ਸਮਾਰਟ ਟੈਲੀਵੀਜ਼ਨ ਬਜ਼ਾਰ 'ਚ ਚੀਨੀ ਕੰਪਨੀਆਂ ਦੀ ਹਿੱਸੇਦਾਰੀ 42-45 ਫੀਸਦ ਅਤੇ ਗੈਰ ਸਮਾਰਟ ਟੈਲੀਵੀਜ਼ਨ ਮਾਰਕਿਟ 'ਚ 7 -9 ਫੀਸਦ ਹੈ। ਦੇਸ਼ 'ਚ ਬਿਜ਼ਲੀ ਦੇ ਘਰੇਲੂ ਸਾਜੋ ਸਮਾਨ ਦਾ ਬਜ਼ਾਰ 50 ਹਜ਼ਾਰ ਕਰੋੜ ਰੁਪਏ ਹੈ, ਜਿਸ 'ਚ ਚੀਨੀ ਹਿੱਸੇਦਾਰੀ 10 -12 ਫੀਸਦ ਹੈ। ਇਸ ਹਿੱਸੇ 'ਚ ਅਸੀਂ ਅਸਾਨੀ ਨਾਲ ਚੀਨੀ ਮਾਲ ਤੋਂ ਛੁਟਕਾਰਾ ਪਾ ਸਕਦੇ ਹਾਂ, ਪਰ ਜੇਕਰ ਕੋਈ ਵੱਡੀ ਚੀਨੀ ਕੰਪਨੀ ਇਸ ਸਸਤੇ ਸਮਾਨ ਦੇ ਨਾਲ ਬਜਾਰ 'ਚ ਆਉਂਦੀ ਹੈ ਤਾਂ ਫਿਰ ਬੇਹੱਦ ਮੁਸ਼ਕਿਲ ਹੋ ਜਾਵੇਗੀ।

ਦੇਸ਼ 'ਚ ਆਟੋਮੋਬਾਇਲ ਸਪੇਅਰ ਪਾਰਟਸ ਦਾ ਬਜ਼ਾਰ 4.27 ਲੱਖ ਕਰੋੜ ਰੁਪਏ ਦਾ ਹੈ, ਜਿਸ 'ਚ ਚੀਨੀ ਕੰਪਨੀਆਂ ਦੀ ਹਿੱਸੇਦਾਰੀ 26 ਫੀਸਦ ਹੈ। ਸੋ ਇਕੋਦਮ ਬਾਈਕਾਟ ਕਰਨਾ ਫਿਜ਼ੂਲ ਦੀ ਭਾਵੁਕਤਾ ਹੀ ਹੈ। ਪਿਛਲੇ ਸਾਲ ਭਾਰਤ -ਚੀਨ ਨੇ ਤਕਰੀਬਨ 92 ਅਰਬ ਡਾਲਰ ਦਾ ਆਪਸੀ ਕਾਰੋਬਾਰ ਕੀਤਾ ਹੈ। ਇਸ 'ਚ ਚੀਨ ਦੀ ਹਿੱਸੇਦਾਰੀ ਸਾਡੇ ਤੋਂ ਚਾਰ ਗੁਣਾ ਤੋਂ ਵੀ ਜਿਆਦਾ ਦੀ ਹੈ। ਸਵਾਲ ਇਹ ਵੀ ਹੈ ਕਿ ਚੀਨੀ ਸਮਾਨ ਦਾ ਹੋਰ ਕੋਈ ਬਦਲ ਵੀ ਸਾਡੇ ਕੋਲ ਮੌਜ਼ੂਦ ਨਹੀਂ ਹੈ। ਮੋਬਾਇਲ ਫੋਨ ਤੋਂ ਲੈਕੇ ਦਵਾਈਆਂ ਤੱਕ ਚੀਨ ਦਾ ਸਾਡੇ ਲਗਭਗ ਹਰ ਇਕ ਬਜ਼ਾਰ 'ਚ ਚੰਗਾ ਦਖ਼ਲ ਹੈ। ਅਜਿਹੇ 'ਚ ਚੀਨੀ ਸਮਾਨ ਦਾ ਬਾਈਕਾਟ ਕਰਨ ਦੇ ਨਾਅਰੇ ਦਾ ਦਾਅਵਾ ਹਵਾ-ਹਵਾਈ ਲੱਗਦਾ ਹੈ। ਦੇਸ਼ ਦੀ ਜਨਤਾ ਦੀਆਂ ਭਾਵਨਾਵਾਂ ਦਾ ਸਤਿਕਾਰ ਕਰਦੇ ਹੋਏ ਅਤੇ ਚੀਨ 'ਤੇ ਮਾਨਸਕ ਦਬਾਅ ਵਧਾਉਣ ਦੇ ਲਈ ਸਰਕਾਰ ਚੀਨ ਦੇ 371 ਉਤਪਾਦਾਂ 'ਤੇ ਰੋਕ ਲਾਉਣ ਦੀ ਪ੍ਰਕਿਰਿਆ 'ਚ ਤੇਜੀ ਲਿਆਉਣ 'ਤੇ ਵਿਚਾਰ ਕਰ ਰਹੀ ਹੈ। ਨਾਲ ਹੀ ਦੇਸ਼ ਦੇ ਸ਼ੇਅਰ ਬਜਾਰ 'ਚ ਚੀਨੀ ਕੰਪਨੀਆਂ ਦੀ ਹਿੱਸੇਦਾਰੀ 'ਤੇ ਪਾਬੰਦੀ ਲਗਾਈ ਜਾ ਸਕਦੀ ਹੈ। ਵੈਸੇ ਭਾਰਤ ਦੀਆਂ ਵਪਾਰਕ ਜੱਥੇਬੰਦੀਆਂ ਨੇ ਚੀਨ ਦੇ 3000 ਉਤਪਾਦਾ ਦਾ ਬਾਈਕਾਟ ਕਰਨਾ ਤੈਅ ਕੀਤਾ ਹੈ, ਪਰ ਇਹ ਸਭ ਇਕੋਦਮ ਸੰਭਵ ਨਹੀਂ ਹੈ।ਜੇਕਰ ਭਾਰਤ ਵਿਚੋਂ ਚੀਨ ਦਾ ਕਾਰੋਬਾਰ ਖ਼ਤਮ ਹੁੰਦਾ ਹੈ ਤਾਂ ਉਸ ਨੂੰ 5 ▲7 ਲੱਖ ਕਰੋੜ ਦਾ ਨੁਕਸਾਨ ਹੋ ਸਕਦਾ ਹੈ।

ਜ਼ਮੀਨੀ ਹਕੀਕਤ ਇਹ ਹੈ ਕਿ ਭਾਰਤ ਦਾ ਸਭ ਤੋਂ ਵੱਡਾ ਕਾਰੋਬਾਰੀ ਮਿੱਤਰ ਚੀਨ ਹੀ ਹੈ, ਪਰ ਇਸ ਸੰਦਰਭ 'ਚ ਚੀਨ ਦੇ ਲਈ ਭਾਰਤ 11ਵੀਂ ਥਾਂ 'ਤੇ ਹੈ।ਇਸ ਲਈ ਚੀਨੀ ਸਮਾਨ ਦਾ ਇਕੋਦਮ ਬਾਈਕਾਟ ਕਰਨ ਨਾਲ ਚੀਨ ਨੂੰ ਕੋਈ ਬਹੁਤ ਵੱਡਾ ਨੁਕਸਾਨ ਨਹੀ ਹੋਵੇਗਾ। ਭਾਰਤ ਚੀਨ ਸਰਹੱਦ ਤੇ ਦੋਹਾਂ ਦੇਸ਼ਾ ਦਰਮਿਆਨ ਤਲਖੀ ਵਧਣ ਦੇ ਕਾਰਨ ਆਮ ਲੋਕਾਂ ਵਿਚਕਾਰ ਚੀਨੀ ਸਮਾਨ ਦੇ ਬਾਈਕਾਟ ਦੀਆਂ ਬਹੁਤ ਗੱਲਾਂ ਭਖ ਰਹੀਆਂ ਹਨ। ਸੋਸ਼ਲ ਮੀਡੀਆ ਦੇ ਲਗਭਗ ਸਾਰੇ ਮੰਚ ਇਸ ਤਰ੍ਹਾਂ ਦੀਆਂ ਪੋਸਟਾਂ ਨਾਲ ਭਰੇ ਪਏ ਹਨ, ਪਰ ਸੱਚਾਈ ਇਸ ਤੋਂ ਕੁਝ ਅਲੱਗ ਹੈ। ਅਸਲੀ ਦੁਨੀਆਂ 'ਚ ਆਈਏ ਤਾਂ ਈ -ਕਾਮਰਸ ਸਾਈਟਾਂ ਅਤੇ ਸਾਡੇ ਆਲੇ -ਦੁਆਲੇ ਦੀਆਂ ਦੁਕਾਨਾਂ ਅਤੇ ਸ਼ਾਪਿੰਗ ਮਾਲਾਂ 'ਚ ਆਮ ਦਿਨਾਂ 'ਚ ਇਸਤੇਮਾਲ ਹੋਣ ਵਾਲੀਆਂ ਚੀਨੀ ਵਸਤਾਂ ਹਜੇ ਵੀ ਪਹਿਲਾਂ ਵਾਂਗ ਹੀ ਵਿਕ ਰਹੀਆਂ ਹਨ।

# ਸੁਪਨਿਆਂ ਦਾ ਮਨੋਵਿਗਿਆਨ



ਮਨੋਵਿਗਿਆਨ ਵਿਚ ਕਿਹਾ ਜਾਂਦਾ ਹੈ ਕਿ ਕਥਾ-ਕਹਾਣੀਆਂ ਮਨੁੱਖੀ ਮਨ ਦੀਆਂ ਉਹ ਅਧੂਰੀਆਂ ਇੱਛਾਵਾਂ ਹੁੰਦੀਆਂ ਹਨ ਜਿਹੜੀਆਂ ਕਿ ਅਸਲ ਜੀਵਨ 'ਚ ਕਦੇ ਪੂਰੀਆਂ ਨਹੀਂ ਹੋਈਆਂ ਹੁੰਦੀਆਂ। ਸ਼ਾਇਰ/ ਲੇਖਕ/ ਕਲਮਕਾਰ ਇਹਨਾਂ ਅਧੂਰੀਆਂ ਇੱਛਾਵਾਂ ਨੂੰ ਆਪਣੀਆਂ ਲਿਖਤਾਂ/ ਰਚਨਾਵਾਂ ਵਿਚ ਪੂਰਾ ਕਰਦੇ ਹਨ। ਸਮੁੱਚਾ ਸਾਹਿਤ ਜਗਤ ਇਸੇ ਮਨੋਵਿਗਿਆਨਕ ਸਿਧਾਂਤ ਅਧੀਨ ਸਿਰਜਣਾ/ ਰਚਨਾ ਕਰਦਾ ਹੈ। ਹਾਂ, ਇਤਿਹਾਸਕ ਪਾਤਰਾਂ ਵੇਲੇ ਕੁਝ ਛੋਟ ਕਹੀ ਜਾ ਸਕਦੀ ਹੈ ਕਿਉਂਕਿ ਇਤਿਹਾਸਕ ਪਾਤਰਾਂ/ ਹਵਾਲਿਆਂ ਨਾਲ ਛੇੜਛਾੜ ਲਿਖਤ ਨੂੰ ਅਰਥਹੀਣ ਕਰ ਦਿੰਦੀ ਹੈ। ਪਰੰਤੂ ਜਦੋਂ ਅਸੀਂ ਇਸ ਵਿਧਾ ਦਾ ਗਹਿਰਾਈ ਨਾਲ ਅਧਿਐਨ ਕਰਦੇ ਹਾਂ ਤਾਂ ਇਹ ਵਿਧਾ ਵਿਚ ਕੁਝ ਹੱਦ ਤੀਕ ਕਲਪਣਾ ਦੇ ਘੇਰੇ ਵਿਚ ਆ ਜਾਂਦੀ ਹੈ।

ਪ੍ਰਸਿੱਧ ਮਨੋਵਿਗਿਆਨੀ ਸਿਗਮੰਡ ਫ੍ਰਾਇਡ ਨੇ ਸੁਪਨਿਆਂ ਦੇ ਮਨੋਵਿਗਿਆਨ ਅਤੇ ਸਿਧਾਂਤਾਂ ਬਾਰੇ ਬਹੁਤ ਖੁੱਲ ਕੇ ਲਿਖਿਆ ਹੈ। ਉਸਦਾ ਮੰਨਣਾ ਹੈ ਕਿ ਸੁਪਨੇ ਸਾਡੀਆਂ ਗਹਿਰੀਆਂ ਚਿੰਤਾਵਾਂ ਅਤੇ ਇੱਛਾਵਾਂ ਦੀ ਦਿੱਸਦੀ/ ਪ੍ਰਤੱਖ ਪ੍ਰਤੀਕ੍ਰਿਆ ਹੈ; ਜਿਹੜੀ ਬਚਪਨ, ਜਨੂੰਨ ਜਾਂ ਯਾਦਾਂ ਨਾਲ ਸੰਬੰਧ ਰੱਖਦੀ ਹੈ।

ਜਿੱਥੋਂ ਤੱਕ ਪੰਜਾਬੀ ਲੋਕਧਾਰਾ ਦੀ ਗੱਲ ਹੈ ਤਾਂ ਇਸ ਵਿਧਾ ਵਿਚ ਵੀ ਮਨੁੱਖੀ ਮਨ ਦੇ ਮਿਲਾਪ, ਵਿਛੋੜੇ ਨੂੰ ਸੁਪਨੇ ਦੇ ਮਾਧਿਅਮ ਦੁਆਰਾ ਪੇਸ਼ ਕੀਤਾ ਜਾਂਦਾ ਹੈ। ਸੁਪਨੇ ਅੰਦਰ ਪ੍ਰੀਤਮ/ ਪਿਆਰਾ ਮਿਲ ਜਾਂਦਾ ਹੈ ਅਤੇ ਅੱਖ ਖੁੱਲਣ ਮਗਰੋਂ ਇਹ ਮਿਲਾਪ ਮੁੱਕ ਜਾਂਦਾ ਹੈ;

'ਸੁਪਨਿਆਂ ਤੂੰ ਸੁਲਤਾਨ ਹੈ ਉੱਤਮ ਤੇਰੀ ਜਾਤ
ਸੌ ਵਰ੍ਹਿਆਂ ਦੇ ਵਿੱਛੜੇ ਆਣ ਮਿਲਾਵੇ ਰਾਤ।' (ਲੋਕ ਤੱਥ)

ਗੁਰਮਤਿ ਕਾਵਿ ਦੀ ਗੱਲ ਕਰਦਿਆਂ ਵੀ ਇਹ ਪਤਾ ਲੱਗਦਾ ਹੈ ਕਿ ਗੁਰੂ ਸਾਹਿਬਾਨ ਵੱਲੋਂ ਸੁਪਨਿਆਂ ਅੰਦਰ ਜਿਉਂਦੇ ਮਨੁੱਖ ਨੂੰ ਤਾਕੀਦ ਕੀਤੀ ਗਈ ਹੈ ਕਿ ਉਹ ਅਸਲ ਜੀਵਨ ਵਿਚ ਆਪਣਾ ਜੀਵਨ ਬਤੀਤ ਕਰੇ। ਗੁਰਬਾਣੀ ਅੰਦਰ ਸੁਪਨਿਆਂ ਦੇ ਸੰਸਾਰ ਬਾਰੇ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੀ ਬਾਣੀ ਨੂੰ ਵਿਸ਼ੇਸ਼ ਤੌਰ 'ਤੇ ਵਾਚਿਆ ਜਾ ਸਕਦਾ ਹੈ/ ਪੜ੍ਹਿਆ ਜਾ ਸਕਦਾ ਹੈ;

'ਜਿਉ ਸੁਪਨਾ ਅਰੁ ਪੇਖਨਾ ਐਸੇ ਜਗ ਕਉ ਜਾਨਿ।।
ਇਨ ਮੈ ਕਛੁ ਸਾਚੋ ਨਹੀ ਨਾਨਕ ਬਿਨੁ ਭਗਵਾਨ।।' (ਗੁਰੂ ਗ੍ਰੰਥ ਸਾਹਿਬ ਜੀ, ਪੰਨਾ-1427)

ਗੁਰੂ ਗ੍ਰੰਥ ਸਾਹਿਬ ਜੀ ਵਿਚ ਤਾਂ ਸਮੁੱਚੇ ਮਨੁੱਖੀ ਜੀਵਨ ਨੂੰ ਹੀ ਸੁਪਨੇ ਦੀ ਨਿਆਈਂ ਪੇਸ਼ ਕੀਤਾ ਗਿਆ ਹੈ। ਮਨੁੱਖ ਦਾ ਸਰੀਰ ਨਾਸ਼ਮਾਨ ਹੈ ਅਤੇ ਇਹ ਜੀਵਨ ਸੁਪਨੇ ਦੇ ਵਾਂਗਰਾਂ ਕੁਝ ਸਮੇਂ ਦਾ ਭੁਲੇਖਾ ਹੈ। ਇਸ ਸੱਚਾਈ ਨੂੰ ਪੇਸ਼ ਕਰਦਿਆਂ ਗੁਰੂ ਸਾਹਿਬ ਨੇ ਮਨੁੱਖ ਨੂੰ ਚੰਗੇ ਕਰਮਾਂ ਲਈ ਪ੍ਰੇਰਿਤ ਕੀਤਾ ਹੈ;

'ਝੂਠਾ ਤਨੁ ਸਾਚਾ ਕਰਿ ਮਾਨਿਓ ਜਿਉ ਸੁਪਨਾ ਰੈਨਾਈ।।' (ਗੁਰੂ ਗ੍ਰੰਥ ਸਾਹਿਬ ਜੀ, ਪੰਨਾ-219)

ਪੰਜਾਬੀ ਸਾਹਿਤ ਵਿਚ ਸੁਪਨਿਆਂ ਬਾਰੇ ਬਹੁਤ ਸਾਰੀਆਂ ਕਵਿਤਾਵਾਂ/ ਰਚਨਾਵਾਂ ਪੜ੍ਹੀਆਂ ਜਾ ਸਕਦੀਆਂ ਹਨ। ਇਹ ਰਚਨਾਵਾਂ ਮਨੁੱਖੀ ਮਨ ਦੀਆਂ ਇੱਛਾਵਾਂ ਨੂੰ ਬਿਆਨ ਕਰਦੀਆਂ ਹਨ ਜਿਹੜੀਆਂ ਸੁਪਨਿਆਂ ਅੰਦਰ ਪੂਰੀਆਂ ਹੁੰਦੀਆਂ ਹਨ;

'ਸੁਪਨੇ ਵਿਚ ਤੁਸੀਂ ਮਿਲੇ ਅਸਾਂ ਨੂੰ
ਅਸਾਂ ਧਾ ਗਲਵੱਕੜੀ ਪਾਈ
ਨਿਰਾ ਨੂਰ ਤੁਸੀਂ ਹੱਥ ਨਾ ਆਏ
ਸਾਡੀ ਕੰਬਦੀ ਰਹੀ ਕਲਾਈ।' (ਭਾਈ ਵੀਰ ਸਿੰਘ)

ਇਤਿਹਾਸਕ ਪ੍ਰਸੰਗ ਦੀ ਗੱਲ ਕਰਦਿਆਂ ਬਹੁਤ ਸਾਰੇ ਇਤਿਹਾਸਕਾਰ ਕਲਪਣਾ ਦੇ ਆਵੇਸ਼ ਵਿਚ ਆ ਜਾਂਦੇ ਹਨ। ਇਸ ਵਿਧਾ ਵਿਚ ਦੂਜਾ ਪੱਖ ਇਹ ਵੀ ਕਿਹਾ ਜਾਂਦਾ ਹੈ ਕਿ ਆਪਣੇ ਇਸ਼ਟ/ ਦੇਵਤਾ ਨੂੰ ਦੂਜਿਆਂ ਧਰਮਾਂ ਦੇ ਇਸ਼ਟਾਂ/ ਦੇਵਤਿਆਂ ਦੇ ਬਰਾਬਰ ਖੜਾ ਕਰਨ ਲਈ ਕਈ ਵਾਰ ਕਲਪਣਾ ਨੂੰ ਸ਼ਬਦੀਜ਼ਾਮਾ ਪਹਿਨਾ ਦਿੱਤਾ ਜਾਂਦਾ ਹੈ। ਇਸੇ ਲਈ ਮਨੁੱਖ ਵੀ ਸੁਪਨਿਆਂ 'ਚ ਵਧੇਰੇ ਖ਼ੁਸ਼ ਰਹਿੰਦਾ ਹੈ/ ਆਨੰਦ ਮਹਿਸੂਸ ਕਰਦਾ ਹੈ;

'ਸੁਪਨੇ ਹਰ ਬੱਚਾ, ਬੁੱਢਾ ਤੇ ਜਵਾਨ ਦੇਖਦਾ ਹੈ। ਬੱਚੇ ਜਿਹੜੇ ਦਿਨਾਂ ਜਾਂ ਮਹੀਨਿਆਂ ਦੇ ਹੁੰਦੇ ਹਨ, ਉਹ ਵੀ ਕਈ ਵਾਰ ਸੁੱਤੇ ਪਏ ਮੁਸਕਰਾਉਂਦੇ ਦਿਸਦੇ ਹਨ। ਬੱਚਾ ਕਦੇ ਬੁੱਲ੍ਹ ਗੋਲ ਕਰ ਕੇ ਮਚਾਕੇ ਮਾਰਦਾ ਹੈ ਜਿਵੇਂ ਦੁੱਧ ਚੁੰਘ ਰਿਹਾ ਹੋਵੇ। ਕਦੀ ਅੱਖਾਂ ਕੱਠੀਆਂ ਕਰ ਕੇ ਅਤੇ ਬੁੱਲ੍ਹ ਲਟਕਾ ਕੇ ਰੋਣ ਵਾਲੀ ਸੂਰਤ ਬਣਾਉਂਦਾ ਹੈ। ਲਗਦਾ ਹੈ ਜਿਵੇਂ ਬੱਚਾ ਸੁਪਨੇ ਵਿਚ ਰੋਂਦਾ, ਹੱਸਦਾ ਜਾਂ ਦੁੱਧ ਚੁੰਘਦਾ ਹੋਵੇ।' (ਕਿਰਪਾਲ ਕੌਰ, (ਲੇਖ), ਸੁਪਨਿਆਂ ਦਾ ਸੰਸਾਰ, ਪ੍ਰਕਾਸ਼ਨ ਮਿਤੀ- 25 ਮਈ 2016)

ਅਲ੍ਹਾਦੀਨ ਦਾ ਚਿਰਾਗ਼, ਰੱਬ ਦੇ ਤਿੰਨ ਵਰਦਾਨ, ਦੱਬਿਆ ਖ਼ਜ਼ਾਨਾ ਅਤੇ ਜਾਦੂਈ ਮੁੰਦਰੀ ਆਦਿਕ ਮਨੋਕਲਪਿਤ ਕਹਾਣੀਆਂ; ਇਹਨਾਂ ਸੁਪਨਿਆਂ ਦੇ ਨਤੀਜੇ ਵੱਜੋਂ ਹੋਂਦ ਵਿਚ ਆਈਆਂ ਹਨ। ਸ਼ੇਖਚਿੱਲੀ ਦੀਆਂ ਕਹਾਣੀਆਂ ਨੂੰ ਬਹੁਤ ਸਾਰੇ ਲੋਕ ਅੱਜ ਵੀ ਦਿਲਚਸਪੀ ਨਾਲ ਪੜ੍ਹਦੇ ਵੇਖੇ ਜਾ ਸਕਦੇ ਹਨ ਕਿਉਂਕਿ ਉਹ ਦਿਨ ਵਿਚ ਹੀ ਸੁਪਨੇ ਵੇਖਦਾ ਸੀ/ ਸੁਪਨਿਆਂ ਵਿਚ ਜਿਉਂਦਾ ਸੀ; ਹਾਲਾਂਕਿ ਉਹ ਖ਼ੁਦ ਕਲਪਣਾ ਦੀ ਉਪਜ ਹੈ। ਅਜਿਹਾ ਕੋਈ ਪਾਤਰ ਇਤਿਹਾਸ ਵਿਚ ਨਹੀਂ ਹੋਇਆ। ਪਰ! ਸੁਪਨਿਆਂ ਵਿਚ ਜਿਉਂਦੇ ਲੋਕਾਂ ਨੇ ਆਪਣੇ ਸੁਪਨਿਆਂ ਲਈ ਇੱਕ ਹੋਰ ਸੁਪਨਾ (ਸ਼ੇਖਚਿੱਲੀ) ਘੜ ਲਿਆ।

ਖ਼ੈਰ! ਉਪਰੋਕਤ ਕਹਾਣੀਆਂ/ ਵਿਸ਼ਵਾਸਾਂ ਦਾ ਮੂਲ ਕਾਰਣ ਮਨੁੱਖ ਦਾ ਸੁਪਨਿਆਂ ਵਿਚ ਜਿਉਣਾ ਹੁੰਦਾ ਹੈ। ਮਨੁੱਖ ਦੇ ਮਨ ਨੂੰ ਪੜ੍ਹਣ ਵਾਲੇ ਸਮੁੱਚੇ ਵਿਸ਼ਿਆਂ ਨੂੰ ਮਨੋਵਿਗਿਆਨਕ ਖ਼ੇਤਰ ਦੇ ਅਧੀਨ ਮੰਨਿਆ ਜਾਂਦਾ ਹੈ। ਇਹ ਖ਼ੇਤਰ ਮਨੁੱਖ ਦੇ ਜੀਵਨ ਵਿਚ ਵਿਸ਼ਾਲ ਅਤੇ ਗਹਿਰਾ ਅਸਰ ਰੱਖਦਾ ਹੈ। ਉਂਝ ਇਹ ਲਾਜ਼ਮੀ ਵੀ ਨਹੀਂ ਕਿ ਮਨੋਵਿਗਿਆਨ ਅੰਦਰ ਬਿਲਕੁਲ 100% ਸਟੀਕ ਨਤੀਜੇ ਪ੍ਰਾਪਤ ਕੀਤੇ ਜਾ ਸਕਣ ਪਰੰਤੂ ਫੇਰ ਵੀ ਮਨੁੱਖ ਦੇ ਬਾਹਰੀ ਹਾਵਾਂ-ਭਾਵਾਂ ਤੋਂ ਅੰਦਾਜ਼ੇ ਲਗਾਏ ਜਾਂਦੇ ਹਨ ਜਿਹੜੇ ਕਿ ਅਮੁਮਨ ਸਹੀ ਅਤੇ ਸਟੀਕ ਹੀ ਹੁੰਦੇ ਹਨ। ਬਹੁਤੀ ਵਾਰ ਗੱਲਬਾਤ ਦੇ ਢੰਗ ਨੂੰ ਵੀ ਆਧਾਰ ਬਣਾਇਆ ਜਾਂਦਾ ਹੈ। ਖ਼ੈਰ!

**ਸਿਨੇਮਾ ਸੰਦਰਭ:**

ਮਨੋਵਿਗਿਆਨ ਵਿਚ ਫ਼ਿਲਮ/ ਨਾਟਕ/ ਗੀਤ-ਸੰਗੀਤ ਨੂੰ 'ਜਾਗਦੀਆਂ ਅੱਖਾਂ ਨਾਲ ਵੇਖੇ ਜਾਂਦੇ ਸੁਪਨੇ' ਕਿਹਾ ਜਾਂਦਾ ਹੈ। ਯਕੀਨਨ, ਇਹ ਗੱਲ ਬਿਲਕੁਲ ਦਰੁੱਸਤ ਹੈ ਕਿ ਮਨੁੱਖ ਜਾਗਦੀਆਂ ਅੱਖਾਂ ਨਾਲ ਸੁਪਨੇ ਵਿਚ ਮਸਤ ਹੋ ਜਾਂਦਾ ਹੈ/ ਖ਼ੁਸ਼ ਹੋ ਜਾਂਦਾ ਹੈ। ਮਨੁੱਖ ਨੂੰ ਕੁਝ ਸਮੇਂ ਲਈ ਆਲੇ-ਦੁਆਲੇ ਦਾ ਅਹਿਸਾਸ ਭੁੱਲ ਜਾਂਦਾ ਹੈ। ਇਸੇ ਲਈ ਬਹੁਤੇ ਭਾਵੁਕ ਲੋਕ ਫ਼ਿਲਮਾਂ ਵਿਚ ਨਾਇਕ ਦੀ ਮੌਤ ਉੱਪਰ ਰੋਂਦੇ ਹੋਏ ਵੇਖੇ ਜਾ ਸਕਦੇ ਹਨ। ਕਈ ਵਾਰ ਬਹੁਤ ਭਾਵੁਕ ਦ੍ਰਿਸ਼ ਇਸੇ ਉਦੇਸ਼ ਨੂੰ ਮੁੱਖ ਰੱਖ ਕੇ ਫ਼ਿਲਮਾਏ ਜਾਂਦੇ ਹਨ ਤਾਂ ਕਿ ਲੋਕ ਉਸ ਫ਼ਿਲਮ ਨਾਲ/ ਦ੍ਰਿਸ਼ ਨਾਲ ਭਾਵੁਕਤਾ ਵੱਸ ਜੁੜ ਜਾਣ। ਹਾਲਾਂਕਿ ਫ਼ਿਲਮ ਵੇਖਣ ਵਾਲਾ ਸ਼ਖ਼ਸ ਵੀ ਜਾਣਦਾ ਹੈ ਕਿ ਇਹ ਸਭ ਨਾਟਕ ਹੈ/ ਡਰਾਮਾ ਹੈ/ ਨਕਲੀ ਹੈ ਪਰੰਤੂ ਉਹ ਆਪਣੇ-ਆਪ ਨੂੰ ਇਸ ਸੁਪਨੇ ਨਾਲੋਂ ਅੱਡ ਨਹੀਂ ਕਰ ਪਾਉਂਦਾ।

ਫ਼ਿਲਮ ਨਿਰਮਾਤਾ ਇਹਨਾਂ ਮਨੋਵਿਗਿਆਨਕ ਨੁਕਤਿਆਂ ਨੂੰ ਜਾਣਦੇ ਹਨ/ ਸਮਝਦੇ ਹਨ। ਇਸੇ ਲਈ ਇਸ ਤਰ੍ਹਾਂ ਦੀ ਫ਼ਿਲਮਾਂ ਵੱਧ ਕਾਮਯਾਬ ਹੁੰਦੀਆਂ ਹਨ ਜਿਹੜੀਆਂ ਵੱਧ ਲੋਕਾਂ ਦੇ ਸੁਪਨਿਆਂ ਦੇ ਹਾਣ ਦੀਆਂ ਹੋਣ/ ਮੇਚ ਦੀਆਂ ਹੋਣ। ਫ਼ਿਲਮੀ ਖ਼ੇਤਰ ਦੇ ਲੋਕ ਜਾਣਦੇ ਹਨ ਕਿ ਮਨੁੱਖ ਆਪਣੀ ਅਸਲ ਜ਼ਿੰਦਗੀ ਨਾਲੋਂ ਕੁਝ ਸਮੇਂ ਲਈ ਟੁੱਟਣਾ ਚਾਹੁੰਦਾ ਹੈ/ ਕਲਪਣਾ ਵਿਚ ਜਿਉਣਾ ਚਾਹੁੰਦਾ ਹੈ। ਇਸ ਲਈ ਉਹ ਦਰਸ਼ਕਾਂ ਦੇ ਸੁਪਨਿਆਂ ਦੇ ਹਾਣ ਦੀ ਫ਼ਿਲਮ ਨੂੰ ਬਣਾਉਂਦਾ ਹੈ/ ਪੇਸ਼ ਕਰਦਾ ਹੈ ਤਾਂ ਕਿ ਉਹਨਾਂ ਦੀ ਫ਼ਿਲਮ ਕਾਮਯਾਬ ਹੋ ਸਕੇ।

ਇਹ ਗੱਲ ਸਿਰਫ਼ ਫ਼ਿਲਮਾਂ ਉੱਪਰ ਹੀ ਨਹੀਂ ਢੁੱਕਦੀ ਬਲਕਿ ਗੀਤ-ਸੰਗੀਤ, ਪੁਸਤਕਾਂ, ਖਾਣ-ਪੀਣ ਅਤੇ ਕੱਪੜੇ ਪਹਿਨਣ ਉੱਪਰ ਵੀ ਪੂਰੀ ਤਰ੍ਹਾਂ ਫਿੱਟ ਬੈਠਦੀ ਹੈ। ਨੌਜੁਵਾਨ ਵਰਗ ਬੇਰੁਜ਼ਗਾਰੀ ਦੀ ਆਲਮ ਵਿਚ ਘਿਰਿਆ ਬੈਠਾ ਹੈ ਇਸ ਲਈ ਉਹ ਬੇਰੁਜ਼ਗਾਰੀ ਵਾਲੇ ਗੀਤ ਨਹੀਂ ਸੁਣਨਾ ਚਾਹੁੰਦਾ। ਉਹ ਗੁਰਬੱਤ ਨੂੰ ਕੁਝ ਸਮੇਂ ਲਈ ਆਪਣੇ ਜੀਵਨ ਵਿਚੋਂ ਕੱਢਣਾ ਚਾਹੁੰਦਾ ਹੈ। ਇਸੇ ਲਈ ਉਹ ਬੰਦੂਕਾਂ/ ਬੁਲਟਾਂ/ ਗੱਡੀਆਂ ਆਦਿ ਦੇ ਗੀਤ ਸੁਣ ਕੇ ਸੁਪਨਿਆਂ ਅੰਦਰ ਸੁਖ ਮਹਿਸੂਸ ਕਰਦਾ ਹੈ/ ਖ਼ੁਸ਼ ਹੁੰਦਾ ਹੈ/ ਆਨੰਦ ਮਾਣਦਾ ਹੈ।



ਡਾ-ਨਿਸ਼ਾਨ ਸਿੰਘ
ਪਿੱਪਲੀ, ਕੁਰੂਕਸ਼ੇਤਰ
ਸੰਪਰਕ 75892- 33437

ਸੁਪਨਿਆਂ 'ਚ ਜਿਉਂਦੇ ਮਨੁੱਖ ਦੇ ਇਸ ਮਨੋਵਿਗਿਆਨ ਨੂੰ ਅਜੋਕੇ ਗਾਇਕ/ ਗੀਤਕਾਰ ਬਾਖ਼ੂਬੀ ਜਾਣਦੇ ਹਨ/ ਸਮਝਦੇ ਹਨ। ਇਸੇ ਲਈ ਹੱਥਿਆਰਾਂ ਵਾਲੇ/ ਮਾਰ ਕੁੱਟ ਵਾਲੇ 99% ਗੀਤ ਮਕਬੂਲ ਹੋ ਜਾਂਦੇ ਹਨ ਅਤੇ ਅਸਲ ਜੀਵਨ ਨਾਲ ਬਾਵਸਤਾ ਗੀਤ ਲੋਕ-ਮਨਾਂ ਵਿਚ ਆਪਣੀ ਥਾਂ ਨਹੀਂ ਬਣਾ ਪਾਉਂਦੇ ਕਿਉਂਕਿ ਅਸਲ ਜੀਵਨ ਦੀਆਂ ਤੰਗੀਆਂ- ਤੁਰਸੀਆਂ ਤੋਂ ਮਨੁੱਖ ਪਹਿਲਾਂ ਦੀ ਪ੍ਰੇਸ਼ਾਨ ਹੁੰਦਾ ਹੈ/ ਦੁਖੀ ਹੁੰਦਾ ਹੈ। ਉਹ ਕੁਝ ਚਿਰ ਲਈ ਆਪਣੇ ਅਸਲ ਜੀਵਨ ਤੋਂ ਨਿਜਾਤ ਚਾਹੁੰਦਾ ਹੈ। ਇਸੇ ਲਈ ਉਹ ਮਨ-ਇੱਛਤ ਗੀਤ ਜਾਂ ਫ਼ਿਲਮ ਦੀ ਚੋਣ ਕਰਦਾ ਹੈ ਜਿਸ ਨਾਲ ਉਹ ਖ਼ੁਸ਼ ਹੋ ਸਕੇ/ ਆਪਣੀਆਂ ਚਿੰਤਾਵਾਂ ਤੋਂ ਨਿਜਾਤ ਪਾ ਸਕੇ/ ਸੁਪਨਿਆਂ ਵਿਚ ਜ਼ਿੰਦਗੀ ਬਤੀਤ ਕਰ ਸਕੇ। ਇੱਥੇ ਧਿਆਨ ਦੇਣ ਵਾਲੀ ਖ਼ਾਸ ਗੱਲ ਇਹ ਹੈ ਕਿ ਉਪਰੋਕਤ ਪ੍ਰਭਾਵ ਕਿਸੇ ਖ਼ਾਸ ਧਰਮ/ ਖਿੱਤੇ ਜਾਂ ਮੁਲਕ ਦੇ ਮਨੁੱਖ ਉੱਪਰ ਪ੍ਰਭਾਵ ਨਹੀਂ ਪਾਉਂਦੇ ਬਲਕਿ ਇਹ ਸਮੁੱਚੇ ਸੰਸਾਰ ਦੇ ਮਨੁੱਖ ਉੱਪਰ ਆਪਣਾ ਅਸਰ ਪਾਉਂਦੇ ਹਨ ਕਿਉਂਕਿ ਸਮੁੱਚੇ ਸੰਸਾਰ ਦਾ ਮਨੁੱਖ ਸੁਪਨਿਆਂ ਵਿਚ ਆਨੰਦ ਮਹਿਸੂਸ ਕਰਦਾ ਹੈ। ਨਵੇਂ ਜੰਮੇ ਬੱਚੇ ਤੋਂ ਲੈ ਕੇ ਮਰਨ ਤੋਂ ਚੰਦ ਵਕਤ ਪਹਿਲਾਂ ਤੱਕ ਮਨੁੱਖ ਸੁਪਨਿਆਂ ਨੂੰ ਜਿਉਂਦਾ ਹੈ/ ਮਾਣਦਾ ਹੈ।

ਆਖ਼ਿਰ ਵਿਚ ਉੱਪਰ ਕੀਤੀ ਗਈ ਵਿਚਾਰ-ਚਰਚਾ ਦੇ ਆਧਾਰ 'ਤੇ ਕਿਹਾ ਜਾ ਸਕਦਾ ਹੈ ਕਿ ਮਨੁੱਖ ਨੂੰ ਸੁਪਨਿਆਂ ਵਿਚ ਖ਼ੁਸ਼ੀ ਤਾਂ ਮਹਿਸੂਸ ਕਰਨੀ ਚਾਹੀਦੀ ਹੈ ਪਰ ਜਿਉਣਾ ਨਹੀਂ ਚਾਹੀਦਾ ਕਿਉਂਕਿ ਇਹ ਕਲਪਣਾ ਦਾ ਸੰਸਾਰ ਬਹੁਤੀ ਦੇਰ ਤੱਕ ਸੁੱਖ ਨਹੀਂ ਪਹੁੰਚਾ ਸਕਦਾ। ਜੀਵਨ ਵਿਚ ਲੰਮੇ ਸਮੇਂ ਤੱਕ ਸੁੱਖ ਪ੍ਰਾਪਤ ਕਰਨ ਲਈ ਸਖ਼ਤ ਮਿਹਨਤ ਦੀ ਲੋੜ ਹੁੰਦੀ ਹੈ ਅਤੇ ਜਿਹੜੇ ਲੋਕ ਇਸ ਰਾਹ ਉੱਪਰ ਤੁਰ ਪੈਂਦੇ ਹਨ ਉਹ ਸੁਪਨਿਆਂ ਦੇ ਆਨੰਦ ਨੂੰ ਅਸਲ ਜੀਵਨ ਵਿਚ ਮਹਿਸੂਸ ਕਰਨ ਲੱਗਦੇ ਹਨ।



# ਵਸੇਬਾ

ਸੁੱਖਾ ਬਹੁਤਾ ਪੜਿਆ ਲਿਖਿਆ ਬੰਦਾ ਨਹੀਂ ਸੀ। ਉਹ ਖੇਤੀਬਾੜੀ ਕਰਦਾ ਸੀ। ਟੱਬਰ ਵੀ ਬਹੁਤਾ ਭਾਰਾ ਨਹੀਂ ਸੀ। ਘਰ ਵਿੱਚ ਉਸ ਦੀ ਪਤਨੀ ਤੇ ਦੋ ਹੀ ਨਿਆਣੇ ਸਨ। ਵੱਡੀ ਕੁੜੀ ਬਬਲੀ ਸੀ ਤੇ ਉਸ ਤੋਂ ਪੰਜ ਛੇ ਸਾਲ ਛੋਟਾ ਮੁੰਡਾ ਰਾਜਾ ਸੀ। ਬਬਲੀ ਦਸ ਜਮਾਤਾਂ ਪੜ੍ਹ ਕੇ ਹਟ ਗਈ ਸੀ ਤੇ ਸ਼ਹਿਰ ਕੰਪਿਊਟਰ ਦਾ ਕੋਰਸ ਕਰਨ ਲੱਗੀ ਸੀ। ਸ਼ਹਿਰ ਵੀ ਪਿੰਡ ਤੋਂ ਬਹੁਤੀ ਦੂਰ ਨਹੀਂ ਸੀ।ਇਸ ਲਈ ਉਹ ਸਕੂਟਰੀ ਤੇ ਹੀ ਜਾਂਦੀ ਆਉਂਦੀ ਸੀ। ਹਜੇ ਉਸ ਨੂੰ ਉਥੇ ਜਾਂਦੀ ਨੂੰ ਦੋ ਕੁ ਮਹੀਨੇ ਹੀ ਹੋਏ ਸਨ ਕਿ ਪਿੰਡ ਵਿੱਚੋਂ ਹੀ ਕਿਸੇ ਨੇ ਬਬਲੀ ਲਈ ਰਿਸ਼ਤੇ ਦੀ ਦੱਸ ਪਾਈ ਤਾਂ ਸੁੱਖਾ ਆਪਣੇ ਦੋਸਤ ਰਣਜੀਤ ਕੋਲ ਉਸ ਮੁੰਡੇ ਬਾਰੇ ਪਤਾ ਕਰਨ ਲਈ ਆਇਆ ਕਿਉਂ ਕਿ ਉਸ ਨੂੰ ਪਤਾ ਲੱਗਿਆ ਸੀ ਕਿ ਉਸ ਦੀ ਮੁੰਡੇ ਵਾਲਿਆਂ ਦੇ ਪਿੰਡ ਆਉਣੀ ਜਾਣੀ ਸੀ। ਰਣਜੀਤ ਨੇ ਪਤਾ ਕਰਕੇ ਦੱਸਿਆ,÷ ਮੁੰਡਾ ਤਾਂ ਸਾਊ ਹੈ ਤੇ ਹੈ ਵੀ ਇਕੱਲਾ ਹੀ.....ਬੱਸ ਇੱਕ ਛੋਟੀ ਭੈਣ ਹੈ... ਉਹ ਕਿਤੇ ਹੋਸਟਲ ਵਿੱਚ ਪੜ੍ਹਦੀ ਹੈ....ਪਿਓ ਨੂੰ ਮਰੇ ਨੂੰ ਦੋ ਕੁ ਸਾਲ ਹੋ ਗਏ ਨੇ, ਜ਼ਮੀਨ ਵੀ ਛੇ ਕਿੱਲੇ ਨੇ ਤੇ ਘਰੇ ਮਾਂ ਪੁੱਤ ਈ ਨੇ..... ਮੁੰਡਾ ਆਪਣੇ ਛੇ ਕਿੱਲਿਆਂ ਦੀ ਤੇ ਹੋਰ ਦਸ ਕੁ ਕਿੱਲੇ ਜ਼ਮੀਨ ਠੇਕੇ ਤੇ ਲੈ ਕੇ ਪੰਦਰਾਂ ਸੋਲਾਂ ਕਿੱਲਿਆਂ ਦੀ ਖੇਤੀ ਕਰਦਾ ਹੈ....!÷ ਸੁੱਖੇ ਨੇ ਵਿਚੋਲੇ ਨੂੰ ਹਾਂ ਕਰ ਦਿੱਤੀ ਤੇ ਅਗਲੇ ਐਤਵਾਰ ਨੂੰ ਸ਼ਹਿਰ ਰਣਜੀਤ ਦੇ ਘਰ ਹੀ ਕੁੜੀ ਨੂੰ ਦਿਖਾਉਣ ਦਾ ਪ੍ਰੋਗਰਾਮ ਰੱਖ ਲਿਆ।

ਨਿਸ਼ਚਿਤ ਦਿਨ ਅਨੁਸਾਰ ਐਤਵਾਰ ਨੂੰ ਪਹਿਲਾਂ ਸੁੱਖਾ ਆਪਣੇ ਭਰਾ ਭਰਜਾਈਆਂ ਤੇ ਆਪਣੀ ਪਤਨੀ ਨਾਲ ਦੋ ਤਿੰਨ ਗੱਡੀਆਂ ਵਿੱਚ ਰਣਜੀਤ ਦੇ ਘਰ ਆ ਗਏ। ਮੁੰਡੇ ਵਾਲਿਆਂ ਨੇ ਹਜੇ ਦੋ ਘੰਟੇ ਰੁਕ ਕੇ ਆਉਣਾ ਸੀ। ਰਣਜੀਤ ਦੀ ਪਤਨੀ ਜਿਵੇਂ ਹੀ ਸਭ ਨੂੰ ਚਾਹ ਪਾਣੀ ਪਰੋਸਣ ਲਈ ਤਿਆਰੀ ਕਰ ਰਹੀ ਸੀ, ਬਬਲੀ ਉਸ ਕੋਲ ਆ ਕੇ ਜਾਰ ਜਾਰ ਰੋਣ ਲੱਗੀ ਤੇ ਆਖਣ ਲੱਗੀ,÷.... ਚਾਚੀ ਜੀ ਮੈਂ ਤੁਹਾਡੇ ਨਾਲ ਇੱਕ ਗੱਲ ਕਰਨੀ ਐਂ....!÷ ਰਣਜੀਤ ਦੀ ਪਤਨੀ ਵਰਿੰਦਰ ਬਬਲੀ ਨੂੰ ਰੋਂਦੀ ਨੂੰ ਵੇਖ ਕੇ ਬਹੁਤ ਹੈਰਾਨ ਹੋਈ.... ਤੇ ਬਬਲੀ ਨੂੰ ਰਸੋਈ ਵਿੱਚ ਹੀ ਮੂੰਹ ਧੁਆ ਕੇ ਉਸ ਨੂੰ ਅੱਡ ਕਮਰੇ ਵਿੱਚ ਬਿਠਾ ਆਈ। ਸਭ ਨੂੰ ਚਾਹ ਪਾਣੀ ਦੇ ਕੇ ਜਦ ਉਹ ਬਬਲੀ ਕੋਲ ਗਈ ਤੇ ਉਸ ਨੂੰ ਰੋਣ ਦਾ ਕਾਰਨ ਪੁੱਛਿਆ ਤਾਂ ਬਬਲੀ ਫੇਰ ਰੋਣ ਲੱਗੀ। ਵਰਿੰਦਰ ਨੇ ਉਸ ਨੂੰ ਵਿਸ਼ਵਾਸ ਵਿੱਚ ਲੈ ਕੇ ਉਸ ਦੇ ਦਿਲ ਦੀ ਗੱਲ ਪੁੱਛੀ ਤਾਂ ਬਬਲੀ ਆਖਣ ਲੱਗੀ,÷ ਚਾਚੀ ਜੀ..... ਮੈਂ ਕਿਸੇ ਹੋਰ ਮੁੰਡੇ ਨੂੰ ਪਿਆਰ ਕਰਦੀ ਆਂ..... ਜਿੱਥੇ ਮੈਂ ਕੰਪਿਊਟਰ ਸਿੱਖਦੀ ਆਂ....!÷ ਰਣਜੀਤ ਉਸ ਦੀ ਗੱਲ ਸੁਣ ਕੇ ਸੁੰਨ ਜਿਹੀ ਹੋ ਗਈ ਤੇ ਹਜੇ ਹੋਰ ਅਗਾਂਹ ਉਸ ਨਾਲ ਗੱਲ ਤੋਰਨ ਈ ਲੱਗੀ ਸੀ ਕਿ ਜਦ ਨੂੰ ਬਬਲੀ ਦੀ ਮਾਂ ਅੰਦਰ ਆ ਗਈ। ਬਬਲੀ ਨੂੰ ਰੋਂਦੀ ਨੂੰ ਵੇਖ ਕੇ ਆਖਣ ਲੱਗੀ,÷ .... ਮੈਂ ਤੈਨੂੰ ਘਰੇ ਵੀ ਕਿਹਾ ਸੀ.... ਜੇ ਤੇਰੇ ਪਿਓ ਤੇ ਚਾਚਿਆਂ ਨੂੰ ਪਤਾ ਲੱਗ ਗਿਆ..... ਤੇਰੇ ਤਾਂ ਵੱਢ ਕੇ ਡੱਕਰੇ ਕਰਨਗੇ ਈ.... ਤੇ ਮੈਨੂੰ ਵੀ ਨੀ ਛੱਡਣਾ ਓਹਨਾਂ ਨੇ.... ਕਿਉਂ ਘਰ ਖ਼ਰਾਬ ਕਰਨ ਤੇ ਤੁਲੀ ਹੋਈ ਆਂ.... ਘਰੋਂ ਮੈਂ ਤੈਨੂੰ ਸਮਝਾ ਕੇ ਤੁਰੀ ਆਂ..... ਐਥੇ ਆ ਕੇ ਫਿਰ ਓਹੀ ਲੱਛਣ ਕਰਨ ਲੱਗ ਗਈ.... ਉੱਠ... ਜਾ ਕੇ ਮੂੰਹ ਧੋ ਕੇ ਆ..... ਤੇ ਜੇ ਹੁਣ ਪਖੰਡ ਕੀਤੇ ਤਾਂ ਮੇਰੇ ਤੋਂ ਬੁਰਾ ਕੋਈ ਨਹੀਂ....!÷ ਬਬਲੀ ਕਮਰੇ ਦੇ ਨਾਲ ਹੀ ਬਾਥਰੂਮ ਅੰਦਰ ਜਾ ਕੇ ਮੂੰਹ ਧੋ ਕੇ ਆਉਂਦੀ ਹੈ।

ਐਨੇ ਨੂੰ ਮੁੰਡੇ ਵਾਲੇ ਵੀ ਆ ਜਾਂਦੇ ਹਨ। ਮੁੰਡਾ ਤਾਂ ਉੱਚਾ ਲੰਮਾ ਬਥੇਰਾ ਸੀ ਪਰ ਖੇਤੀ ਬਾੜੀ ਕਰਦਾ ਹੋਣ ਕਰਕੇ ਉਸ ਨੂੰ ਬਹੁਤਾ ਪਹਿਨਣ ਪਚਰਨ ਦਾ ਸਲੀਕਾ ਨਹੀਂ ਸੀ। ਬਬਲੀ ਨੇ ਜਿਹੋ ਜਿਹੇ ਮੁੰਡੇ ਨਾਲ ਜ਼ਿੰਦਗੀ ਬਿਤਾਉਣ ਦੇ ਸੁਫ਼ਨੇ ਸਜਾਏ ਸਨ ਇਹ ਉਸ ਤੋਂ ਬਿਲਕੁਲ ਉਲਟ ਸੀ। ਬਬਲੀ ਵਾਰ ਵਾਰ ਰੋਂਦੀ ਤੇ ਵਾਰ ਵਾਰ ਮੂੰਹ ਧੋਂਦੀ। ਇਹਨਾਂ ਨੂੰ ਮੁੰਡਾ ਤੇ ਮੁੰਡੇ ਵਾਲਿਆਂ ਨੂੰ ਕੁੜੀ ਪਸੰਦ ਆ ਗਈ, ਉਸੇ ਸਮੇਂ ਮਠਿਆਈਆਂ ਦੇ ਡੱਬੇ ਲਿਆ ਕੇ ਰੋਕਾ ਹੋ ਗਿਆ। ਪਰ ਵਰਿੰਦਰ ਨੂੰ ਇਸੇ ਗੱਲ ਦੀ ਚਿੰਤਾ ਖਾਈ ਜਾ ਰਹੀ ਸੀ । ਜਦ ਸ਼ਗਨ ਤੋਂ ਬਾਅਦ ਮੁੰਡੇ ਵਾਲੇ ਖੁਸ਼ੀ ਖੁਸ਼ੀ ਚਲੇ ਗਏ ਤੇ ਇਹ ਵੀ ਜਾਣ ਦੀ ਤਿਆਰੀ ਵਿੱਚ ਸਨ ਤਾਂ ਵਰਿੰਦਰ ਨੇ ਬਬਲੀ ਨੂੰ

ਬਰਜਿੰਦਰ ਕੌਰ ਬਿਸਰਾਓ...
9988901324

ਇਕੱਲੇ ਦੂਜੇ ਕਮਰੇ ਵਿੱਚ ਲਿਜਾ ਕੇ ਸਾਫ਼ ਸਾਫ਼ ਪੁੱਛਿਆ, ÷ਬੇਟਾ..... ਕਿਤੇ ਤੂੰ ਉਸ ਮੁੰਡੇ ਨਾਲ ? ਭੱਜ ਤਾਂ ਨੀ ਜਾਏਂਗੀ....?÷

÷..... ਨਹੀਂ ਚਾਚੀ ਜੀ...... ਮੈਂ ਐਨੇ ਜੋਗੀ ਨਹੀਂ.... !÷ ਬਬਲੀ ਨੇ ਫਿਰ ਰੋਂਦੀ ਹੋਈ ਨੇ ਕਿਹਾ। ਵਰਿੰਦਰ ਨੇ ਉਸ ਨੂੰ ਆਪਣਾ ਫੋਨ ਨੰਬਰ ਦੇ ਕੇ ਉਸ ਨੂੰ ਘਰ ਜਾ ਕੇ ਗੱਲ ਕਰਨ ਲਈ ਕਿਹਾ ਕਿਉਂਕਿ ਇੱਥੇ ਸਾਰਿਆਂ ਵਿੱਚੋਂ ਅਲੱਗ ਜਾ ਕੇ ਕੁੜੀ ਨਾਲ ਘੁਸਰ ਮੁਸਰ ਕਰਨਾ ਉਚਿਤ ਨਹੀਂ ਸਮਝਿਆ ਸੀ। ਬਬਲੀ ਦੀ ਮਾਂ ਵੀ ਉਸ ਦਾ ਧਿਆਨ ਰੱਖ ਰਹੀ ਸੀ। ਸ਼ਾਮ ਤੱਕ ਸਾਰੇ ਖੁਸ਼ੀ ਖੁਸ਼ੀ ਆਪਣੇ ਆਪਣੇ ਘਰਾਂ ਨੂੰ ਚਲੇ ਗਏ। ਬਬਲੀ ਨੇ ਦੂਜੇ ਦਿਨ ਜਾ ਕੇ ਵਰਿੰਦਰ ਨੂੰ ਫ਼ੋਨ ਕੀਤਾ ਤੇ ਕਿਹਾ,÷ ਚਾਚੀ ਜੀ.... ਮੈਨੂੰ ਮੁੰਡਾ ਬਿਲਕੁਲ ਚੰਗਾ ਨਹੀਂ ਲੱਗਿਆ.... ਉਸ ਦੇ ਤਾਂ ਕੱਪੜੇ ਵੀ ਦੇਸੀ ਜਿਹੇ ਪਾਏ ਹੋਏ ਸਨ... ਹਾਏ ਮੈਂ ਉਸ ਦੇਸੀ ਜਿਹੇ ਮੁੰਡੇ ਨਾਲ ਕਿਵੇਂ ਜ਼ਿੰਦਗੀ ਕੱਢੂੰਗੀ....?÷

ਵਰਿੰਦਰ ਨੇ ਬਬਲੀ ਨੂੰ ਸਮਝਾਉਂਦੇ ਹੋਏ ਕਿਹਾ,÷ ਦੇਖ ਬੇਟਾ..... ਜੇ ਤੂੰ ਆਪਣੀ ਪਸੰਦ ਦੇ ਲੜਕੇ ਬਾਰੇ ਪਹਿਲਾਂ ਦੱਸ ਦਿੰਦੀ ਤਾਂ ਵਿੱਚ ਕੋਈ ਵਿਚੋਲਾ ਪਾ ਕੇ ਤੇਰਾ ਰਿਸ਼ਤਾ ਉੱਥੇ ਕਰਵਾ ਦਿੰਦੇ..... ਹੁਣ ਤਾਂ ਸਭ ਕੁਝ ਹੱਥੋਂ ਨਿਕਲ ਗਿਆ ਹੈ.... ਹੁਣ ਤੂੰ ਇਹਨਾਂ ਨਾਲ ? ਮੋਹ ਪਾਉਣ ਦੀ ਕੋਸ਼ਿਸ਼ ਕਰ.... ਤੇ.... ਉਸ ਮੁੰਡੇ ਨੂੰ ਮਿਲਣਾ ਬੰਦ ਕਰ ਦੇ.... ਮੈਂ ਤੇਰੇ ਪਿਆਰ ਦੀ ਵਿਰੋਧੀ ਬਿਲਕੁਲ ਨਹੀਂ ਹਾਂ..... ਪਰ ਹੁਣ ਸਮਾਂ ਨਿਕਲ ? ਚੁੱਕਿਆ ਹੈ..... ਜੇ ਤੂੰ ਉਸ ਲੜਕੇ ਨੂੰ ਮਿਲਣਾ ਨਾ ਛੱਡਿਆ ਤਾਂ ਤੇਰੀ ਹਾਲਤ ਦੋ ਬੇੜੀਆਂ ਦੇ ਮਲਾਹ ਵਾਲੀ ਹੋ ਜਾਵੇਗੀ.....ਤੂੰ ਆਪਣੇ ਆਪ ਨੂੰ ਉਸ ਘਰ ਦੀ ਨੂੰਹ ਬਣਨ ਲਈ ਮਾਨਸਿਕ ਤੌਰ ਤੇ ਤਿਆਰ ਕਰ.... ਹੁਣ ਤਿੰਨ ਘਰਾਂ ਦੀ ਇੱਜ਼ਤ ਦਾ ਧੁਰਾ ਤੂੰ ਹੈਂ..... ਜੇ ਤੂੰ ਥੋੜ੍ਹਾ ਜਿਹਾ ਵੀ ਉਲਟ ਫੈਸਲਾ ਲੈ ਲਿਆ ਤਾਂ ਤਿੰਨ ਘਰਾਂ ਦੀ ਇੱਜ਼ਤ ਦਾ ਜਨਾਜ਼ਾ ਨਿਕਲ ਜਾਵੇਗਾ..... ਤੂੰ ਇਸ ਲੜਕੇ ਨਾਲ ? ਗੱਲ ਕਰ.... ਉਸ ਵਿੱਚੋਂ ਪਤੀ ਵਾਲੀਆਂ ਖੂਬੀਆਂ ਤਲਾਸ਼ਣਾ ਸ਼ੁਰੂ ਕਰ... !÷ ਬਬਲੀ ਵਿੱਚੋਂ ਟੋਕ ਕੇ ਹੀ ਬੋਲੀ,÷ਚਾਚੀ ਜੀ.... ਤੁਸੀਂ ਬੇ ਫ਼ ?ਕਰ ਰਹੋ.... ਮੇਰਾ ਮਨ ਚਾਹੇ ਸਮੁੰਦਰ ਦੀਆਂ ਲਹਿਰਾਂ ਵਾਂਗ ਉਛਾਲੇ ਮਾਰ ਰਿਹਾ ਪਰ..... !÷ ਕੁਛ ਕਹਿੰਦੀ ਕਹਿੰਦੀ ਦਾ ਗਲ ? ਭਰ ਆਇਆ ਤੇ ਉਹ ਚੁੱਪ ਕਰ ਗਈ ਤੇ ਫੋਨ ਕੱਟ ਦਿੱਤਾ।

ਵਰਿੰਦਰ ਨੂੰ ਬਬਲੀ ਦੀ ਬਹੁਤ ਚਿੰਤਾ ਸੀ ਤੇ ਉਹ ਸੋਚਦੀ ਸੀ ਕਿ ਉਹ ਪਤਾ ਨਹੀਂ ਕਿਸ ਤਰ੍ਹਾਂ ਆਪਣੇ ਆਪ ਨੂੰ ਵਿਆਹ ਲਈ ਤਿਆਰ ਕਰੇਗੀ ਕਿਉਂਕਿ ਦੋ ਮਹੀਨੇ ਬਾਅਦ ਉਸ ਦੇ ਵਿਆਹ ਦੀ ਤਰੀਕ ਨਿਸ਼ਚਿਤ ਹੋ ਗਈ ਸੀ। ਦੋ ਮਹੀਨੇ ਬਾਅਦ ਉਸ ਦਾ ਧੂਮ ਧਾਮ ਨਾਲ ਵਿਆਹ ਹੋ ਗਿਆ। ਰਣਜੀਤ ਤੇ ਵਰਿੰਦਰ ਕਿਸੇ ਕੰਮ ਕਾਰਨ ਦਿੱਲੀ ਗਏ ਹੋਣ ਕਰਕੇ ਉਸ ਦੇ ਵਿਆਹ ਤੇ ਨਹੀਂ ਜਾ ਸਕੇ ਸਨ। ਸੁੱਖਾ ਤੇ ਰਣਜੀਤ ਚਾਹੇ ਬਚਪਨ ਦੇ ਦੋਸਤ ਸਨ ਪਰ ਇੱਕ ਦੂਜੇ ਦੇ ਘਰ ਕਦੇ ਕਦਾਈਂ ਹੀ ਆਉਂਦੇ ਜਾਂਦੇ ਸਨ। ਬਬਲੀ ਦੇ ਵਿਆਹ ਤੋਂ ਦੋ ਕੁ ਸਾਲ ਬਾਅਦ ਸੁੱਖੇ ਨੇ ਆਪਣੇ ਘਰੇ ਆਖੰਡ ਪਾਠ ਕਰਵਾਇਆ ਤਾਂ ਭੋਗ ਤੇ ਰਣਜੀਤ ਤੇ ਵਰਿੰਦਰ ਵੀ ਗਏ। ਉੱਥੇ ਉਹਨਾਂ ਨੂੰ ਬਬਲੀ ਵੀ ਮਿਲੀ ਤੇ ਉਸ ਦਾ ਪ੍ਰਾਹੁਣਾ ਵੀ.... ਤੇ ਉਹਨਾਂ ਦਾ ਛੋਟਾ ਜਿਹਾ ਪੁੱਤਰ ਜੋ ਬਹੁਤ ਹੀ ਪਿਆਰਾ ਸਾਲ ਕੁ ਦਾ ਬੱਚਾ ਸੀ। ਜਦ ਬਬਲੀ ਦਾ ਪ੍ਰਾਹੁਣਾ ਕੋਲੋਂ ਉੱਠ ਕੇ ਗਿਆ ਤਾਂ ਵਰਿੰਦਰ ਨੇ ਪੁੱਛਿਆ ਕਿ ਉਸ ਦਾ ਘਰ ਕਿਸ ਤਰ੍ਹਾਂ ਚੱਲ ਰਿਹਾ ਹੈ ?

÷ਚਾਚੀ ਜੀ..... ਸਹੁਰੇ ਘਰ ਵਿੱਚ....ਪਹਿਲਾਂ ਪਹਿਲ ਮੈਨੂੰ ਕਿਸੇ ਦਾ ਮੋਹ ਨੀ ਆਉਂਦਾ ਸੀ .... ਮੈਨੂੰ ਇਹ (ਬਬਲੀ ਦਾ ਪ੍ਰਾਹੁਣਾ)ਬਿਲਕੁਲ ਨਹੀਂ ਚੰਗੇ ਲੱਗਦੇ ਸੀ..... ਪਰ ਇਹ ਐਨੇ ਸ਼ਰੀਫ਼ ਨੇ ਕਿ ਇਹਨਾਂ ਦੀ ਸ਼ਰਾਫ਼ਤ ਨੇ ਹੀ ਮੇਰੇ ਦਿਲ ਨੂੰ ਇਹਨਾਂ ਨਾਲ ? ਪਿਆਰ ਕਰਨ ਲਈ ਮਜ਼ਬੂਰ ਕਰ ਦਿੱਤਾ.... ਇਹ ਮੈਨੂੰ ਐਨਾ ਪਿਆਰ ਕਰਦੇ ਨੇ ਕਿ ਮੈਂ ਕਿਸੇ ਹੋਰ ਬਾਰੇ ਭਲਾ ਕਿਵੇਂ ਸੋਚ ਸਕਦੀ ਆਂ..... !÷

ਵਰਿੰਦਰ ਨੇ ਜਿਹੜੀ ਬਬਲੀ ਨੂੰ ਇਹ ਵਿਆਹ ਨਾ ਹੋਣ ਖ਼ਾਤਰ ਰੋਂਦੀ ਕੁਰਲਾਉਂਦੀ ਨੂੰ ਹੀ ਦੇਖਿਆ ਸੀ.... ਉਸ ਨੂੰ ਖੁਸ਼ ਵੇਖਕੇ ਉਸ ਦੀ ਖੁਸ਼ੀ ਦੀ ਕੋਈ ਹੱਦ ਨਹੀਂ ਰਹੀ ਤੇ ਬਬਲੀ ਦੇ ਮੋਢੇ ਤੇ ਹੱਥ ਧਰਕੇ ਆਖਣ ਲੱਗੀ,÷ ਬੇਟਾ..... ਧੀਆਂ ਨੂੰ ਜਦ ਪਤੀ ਤੋਂ ਸਤਿਕਾਰ ਤੇ ਪਿਆਰ ਮਿਲੇ ਤਾਂ ਉਸ ਵਿੱਚੋਂ ਉਪਜੇ ਇਸ ਜਜ਼ਬੇ ਨੂੰ ਹੀ ਤਾਂ ਵਸੇਬਾ ਕਹਿੰਦੇ ਹਨ....!÷ਉਹ ਖੁਸ਼ ਸੀ ਕਿ ਬਬਲੀ ਦੇ ਵਸੇਬੇ ਨੇ ਤਿੰਨ ਘਰਾਂ ਦੀ ਇੱਜ਼ਤ ਰੱਖ ਲਈ ਸੀ।




ਜਸਵੀਰ ਸ਼ਰਮਾਂ ਦੱਦਾਹੂਰ
95691-49556

ਬਹੁਤ ਹੀ ਸਤਿਕਾਰਿਤ ਦੋਸਤੋ ਇਹੋ ਜਿਹੀ ਗੰਦੀ ਅਤੇ ਗੰਧਲੀ ਹੋਈ ਰਾਜਨੀਤੀ ਮੈਂ ਆਪਦੀ ਉਮਰ ਦੇ ਵਿੱਚ ਕਦੇ ਨਹੀਂ ਵੇਖੀ 73 ਸਾਲ ਦੀ ਮੇਰੀ ਉਮਰ ਹੈ ਔਰ ਇਹ ਜੋ ਗੰਧਲੀ ਰਾਜਨੀਤੀ ਹੁਣ ਹੋ ਰਹੀ ਹੈ ਜਾਂ ਚੱਲ ਰਹੀ ਆ ਇਹ ਤਕਰੀਬਨ 2015 ਤੋਂ ਬਾਅਦ ਬਾਅਦ ਪੰਜਾਬ ਵਿੱਚ ਵੇਖਣ ਸੁਨਣ ਦੇ ਵਿੱਚ ਮਿਲ ਰਹੀ ਹੈ। ਇਹੋ ਜਿਹਾ ਪੰਜਾਬ ਤਾਂ ਆਪਣਾ ਕਦੇ ਵੀ ਨਹੀਂ ਸੀ ਇੱਕ ਦੂਜੇ ਦੀ ਇੱਜਤ ਕਰਨਾ ਇੱਕ ਦੂਜੇ ਦੀ ਮਦਦ ਕਰਨਾ ਇੱਕ ਦੂਜੇ ਦੀ ਧਿਰ ਬਣ ਕੇ ਮੋਢੇ ਨਾਲ ਮੋਢਾ ਲਾਉਣਾ ਮਦਦ ਕਰਨੀ ਇਹੋ ਜਿਹਾ ਪੰਜਾਬ ਤਾਂ ਵੇਖਿਆ ਸੀ ਜਰੂਰ। ਪਰ ਜੋ ਹਾਲਾਤ ਅੱਜ ਚੱਲ ਰਹੇ ਹਨ ਇਹੋ ਜਿਹਾ ਪੰਜਾਬ ਨਹੀਂ ਵੇਖਿਆ ਇੱਕ ਦੂਜੇ ਦੇ ਉਝਾਂ ਲਾਉਣੀਆਂ ਇੱਕ ਦੂਜੇ ਤੇ ਚਿੱਕੜ ਉਛਾਲਣਾ ਘਟੀਆ ਰਾਜਨੀਤੀ ਦੇ ਮੱਦੇ ਨਜ਼ਰ ਪਰਿਵਾਰਾਂ ਤੱਕ ਪਹੁੰਚਣਾ ਇਹੋ ਜਿਹੀਆਂ ਕੋਝੀਆਂ ਹਰਕਤਾਂ ਕਦੇ ਵੀ ਕਿਸੇ ਵੀ ਸਿਆਸੀ ਇਨਸਾਨ ਦੇ ਮੂਹੋਂ ਅੱਜ ਤੱਕ ਨਹੀਂ ਸੁਣੀਆਂ ਸੀ ਨਾ ਹੀ ਕਿਸੇ ਦਾ ਬਿਆਨ ਸੁਣਿਆ ਸੀ। ਬੇਸ਼ੱਕ ਕੋਈ ਵਿਰੋਧੀ ਪਾਰਟੀ ਹੋਵੇ ਜਾਂ ਸਤਾ ਧਿਰ ਵਾਲੀ ਪਾਰਟੀ ਹੋਵੇ ਕਦੇ ਵੀ ਇਹੋ ਜਿਹਾ ਕੁੱਝ ਨਹੀਂ ਦੇਖਿਆ ਸੀ ਜੋ ਅੱਜ ਕੱਲ ਹੋ ਰਿਹਾ ਹੈ।ਦੋਸਤੋ ਮੈਂ ਕਿਸੇ ਵੀ ਸਿਆਸੀ ਪਾਰਟੀ ਨਾਲ ਕੋਈ ਸਬੰਧ ਨਹੀਂ ਰੱਖਦਾ ਸਿਰਫ਼ ਇੱਕ ਪੰਜਾਬੀ ਹਿੰਦੂ ਜਾਤੀ ਨਾਲ ਸਬੰਧ ਰੱਖਦਾ ਕੇਸਾਧਾਰੀ ਇਨਸਾਨ ਹਾਂ।

ਅੱਜ ਦੇ ਹਾਲਾਤ ਵੇਖ ਕੇ ਆਪਣੇ ਆਪ ਚ ਹੀ ਸ਼ਰਮ ਆਉਂਦੀ ਹੈ ਕਿ ਕੀ ਅਸੀਂ ਇਸ ਪੰਜਾਬ ਦੇ ਵਾਸੀ ਹਾਂ ਜਿਸ ਵਿੱਚ ਕੋਈ ਕਿਸੇ ਦੀ ਇੱਜਤ ਕਰਨਾ ਹੀ ਭੁੱਲ ਗਿਆ ਹੈ ? ਕੀ ਵਿਧਾਨ ਸਭਾ ਕੀ ਲੋਕ ਸਭਾ ਕੀ ਰਾਜ ਸਭਾ ਸੱਭ ਥਾਂ ਤੇ ਮਿਹਣੋ ਮਿਹਣੀ ਔਰ ਇੱਕ ਦੂਜੇ ਤੇ ਉਝਾਂ ਲਾਉਣੀਆਂ ਉਂਗਲਾਂ ਕਰ ਕਰ ਕੇ ਗੱਲਾਂ ਕਰਨੀਆਂ ਕੀ ਹੋ ਗਿਆ ਆਪਣੇ ਪੰਜਾਬ ਨੂੰ ਜਾਂ ਕਹਿ ਲਈਏ ਦੇਸ਼ ਨੂੰ ? ਇਹ ਸਾਰੀਆਂ ਥਾਵਾਂ ਇੱਕ ਲੜਾਈ ਦਾ ਅਖਾੜਾ ਬਣ ਕੇ ਰਹਿ ਗਈਆਂ ਹਨ। ਜੋ ਗੱਲਾਂ ਸੂਬਿਆਂ ਲਈ ਜਾਂ ਦੇਸ਼ ਵਾਸੀਆਂ ਲਈ ਕੋਈ ਭਲਾਈ ਦੀਆਂ ਜਾ ਓਨਾਂ ਦਾ ਜੀਵਨ ਪੱਧਰ ਉੱਚਾ ਚੁੱਕਣ ਜਾਂ ਕੋਈ ਅਗਾਂਹ ਵਧੂ ਸਕੀਮਾਂ ਲਿਆਉਣੀਆਂ ਉਹ ਤਾਂ ਬਿਲਕੁਲ ਹੀ ਅੱਜ ਦੇ ਸਿਆਸੀ ਲੋਕ ਭੁੱਲ ਗਏ ਹਨ ਸਿਰਫ ਆਪਣੇ ਤੇ ਨਿਰਭਰ ਜਾਂ ਰਿਸ਼ਤੇਦਾਰਾਂ ਨੂੰ ਕਿਵੇਂ ਉੱਚਾ ਚੁੱਕਣਾ ਹੈ ਸਿਰਫ ਇਹੀ ਗੱਲਾਂ ਯਾਦ ਨੇ। ਕੀ ਧਾਰਮਿਕ ਤੇ ਕੀ ਸਿਆਸੀ ਇਨਸਾਨ ਸਾਰੇ ਹੀ ਲੋਕਾਂ ਦੇ ਟੈਕਸਾਂ ਦਾ ਨਜਾਇਜ਼ ਫਾਇਦਾ ਉਠਾ ਰਹੇ ਹਨ ਆਪੋ ਆਪਣੀਆਂ ਤੇਜੋਰੀਆਂ ਭਰਨ ਤੇ ਲੱਗੇ ਹੋਏ ਹਨ ਲੋਕਾਂ ਦੀ ਭਲਾਈ ਲੋਕਾਂ ਦੀ ਸਿਹਤ ਲੋਕਾਂ ਨੂੰ ਕਿਵੇਂ ਉਤਾਹ ਚੱਕਣਾ ਇਹ ਗੱਲਾਂ ਸਭ ਹੀ ਭੁੱਲ ਚੁੱਕੇ ਹਨ ਇਹ ਕਿਹਾ ਜਮਾਨਾ ਆ ਗਿਆ ਇਹ ਕਿਹੋ ਜਿਹਾ ਦੇਸ਼ ਤੇ ਕਿਹੋ ਜਿਹੇ ਸੂਬੇ ਬਣ ਗਏ ਆਪਣੇ ਦੇਸ਼ ਦੇ ਵਿੱਚ। ਥਾਂ ਥਾਂ ਤੇ ਰਿਸ਼ਵਤ ਖੋਰੀ ਥਾਂ ਥਾਂ ਤੇ ਗੈਂਗਵਾਰ ਫਰੌਤੀਆਂ ਮੰਗਣਾ ਕਤਲੋਗਾਰਦ ਬੰਬ ਚਲਣੇ ਇਹ ਆਮ ਵਤੀਰਾ ਹੋ ਗਿਆ ਹੈ ਹਰ ਰੋਜ਼ ਹੀ ਸਕੂਲਾਂ ਨੂੰ ਕਚਹਿਰੀਆਂ ਨੂੰ ਚੰਗੇ ਚੰਗੇ ਕਿਸੇ ਇਮਾਨਦਾਰ ਬੰਦਿਆਂ ਦੇ ਘਰਾਂ ਨੂੰ ਬੰਬਾਂ ਨਾਲ ਉਡਾਉਣ ਦੀਆਂ ਧਮਕੀਆਂ ਮਿਲ ਰਹੀਆਂ ਹਨ ਹੋਰ ਤਾਂ ਹੋਰ ਦੇਸ਼ ਦੀਆਂ ਜਾਂ ਕਹਿ ਲਈਏ ਸੂਬਿਆਂ ਦੀਆਂ ਜੇਲਾਂ ਵੀ ਗੈਂਗਸਟਰਾਂ ਨਾਲ ਭਰੀਆਂ ਪਈਆਂ ਹਨ ਤੇ ਓਥੇ ਓਨਾ ਦੀ ਆਓ ਭਗਤ ਕੀਤੀ ਜਾ ਰਹੀ ਹੈ। ਵਾਹ ਓਹ ਮੇਰੇ ਦੇਸ਼ ਦੇ ਸਿਆਸਤਦਾਨੋਂ। ਇਹ ਕਿਹੜੇ ਪਾਸੇ ਤੁਰ ਪਿਆ ਹੈ ਸਾਡਾ ਦੇਸ਼ ਕੋਈ ਵੀ ਸਮਝ ਨਹੀਂ ਆ ਰਹੀ ਤੇ ਨਾ ਹੀ ਇਹ ਪਤਾ ਲੱਗਦਾ ਹੈ ਕਿ ਇਸ ਕਾਲਿਆਂ ਕਾਰਨਾਮਿਆਂ ਨੂੰ ਕਦੇ ਠੱਲ ਵੀ ਪਊ ਕਿ ਨਹੀਂ ? ਸਵੇਰੇ ਘਰੋਂ ਨਿਕਲ ਕੇ ਸ਼ਾਮ ਨੂੰ ਸਹੀ ਸਲਾਮਤ ਘਰ ਆ ਵੀ ਜਾਊਂ ਹਰ ਇਨਸਾਨ ਨੂੰ ਅੱਜ ਕੱਲ ਫਿਕਰ ਹੈ। ਹੋਰ ਤਾਂ ਹੋਰ ਘਰਾਂ ਦੇ ਵਿੱਚ ਵੀ ਔਰਤਾਂ ਬੱਚੇ ਸੁਰੱਖਿਸ਼ਤ ਨਹੀਂ ਹਨ। ਉਸ ਅਕਾਲ ਪੁਰਖ ਵਾਹਿਗੁਰੂ ਨੇ ਤਾਂ ਸਭਨਾਂ ਨੂੰ ਹੀ ਇੱਕੋ ਜਿਹੇ ਇਨਸਾਨ ਬਣਾਇਆ ਹੈ ਸਭਨਾਂ ਦੀ ਕਦਰ ਕਰਨੀ ਇੱਜਤ ਮਾਨ ਕਰਨਾ ਉਸ ਪ੍ਰਭੂ ਦਾ ਨਾਮ ਜਪਣਾ ਇਹੀ ਆਪਾਂ ਨੂੰ ਸਿਖਾ ਕੇ ਭੇਜਿਆ ਹੈ ਤੇ ਇੱਥੇ ਕੀ ਕੁਝ ਹੋਈ ਜਾਂਦਾ ਹੈ। ਉਹ ਗੱਲ ਵੱਖਰੀ ਹੈ ਕਿ ਵਾਹਿਗੁਰੂ ਸੱਚੇ ਪਾਤਸ਼ਾਹ ਨੇ ਸਭ ਦੀ ਡਿਊਟੀ ਲਾਈ ਹੈ ਕੋਈ ਸਿਆਸੀ ਇਨਸਾਨ ਬਣ ਗਏ ਕੋਈ ਬਿਜਨਸਮੈਨ ਬਣ ਗਏ ਕੁਝ ਦੁਕਾਨਦਾਰ ਬਣ ਗਏ ਕੋਈ ਕੋਈ ਕਿੱਤਾ ਕਰਦਾ ਹੈ ਕੋਈ ਕੋਈ ਕਿੱਤਾ ਕਰਦਾ ਹੈ ਉਸ ਵਾਹਿਗੁਰੂ ਨੂੰ ਯਾਦ ਕਰਨਾ ਸਭ ਹੀ ਭੁੱਲ ਚੁੱਕੇ ਹਨ ਕੀ ਕਹਿਣਾ ਕੋਈ 100 ਦੇ ਵਿੱਚੋਂ ਦੋ ਜਾਂ ਤਿੰਨ ਪਰਸੈਂਟ ਇਹ ਕਾਰਜ ਕਰਦੇ ਹੋਣ ਨਹੀਂ ਤਾਂ ਇੱਕ ਦੂਜੇ ਦੀਆਂ ਚੁਗਲੀਆਂ ਨਿੰਦਿਆ ਇੱਕ ਦੂਜੇ ਤੇ ਉਝਾਂ ਲਾਉਣੀਆਂ ਬੱਸ ਇਹੀ ਕਾਰਜ ਰਹਿ ਗਿਆ ਹੈ। ਕਿਸੇ ਦੀ ਤਰੱਕੀ ਵੇਖ ਕੇ ਓਹਨੂੰ ਪਿਛਾੜਨਾ ਵੀ ਅੱਜ ਦੇ ਇਨਸਾਨ ਦੀ ਫਿਤਰਤ ਬਣ ਚੁੱਕੀ ਹੈ। ਇਸੇ ਕਰਕੇ ਹੀ ਉਪਰਲਾ ਜੋ ਇਸ ਲੇਖ ਦਾ ਮੈਂ ਨਾਂ ਰੱਖਿਆ ਹੈ ਉਹ ਕਹਿਣ ਨੂੰ ਮਨ ਕਾਹਲਾ ਪੈ ਰਿਹਾ ਸੀ ਵੀ ਪੰਜਾਬ ਸਿਹਾਂ ਤੇ ਭਾਰਤ ਦੇਸ਼ ਹੁਣ ਤਾਂ ਤੇਰਾ ਰੱਬ ਹੀ ਰਾਖਾ ਹੈ ਕੋਈ ਐਸਾ ਮਰਦ ਅਗੰਮੜਾ ਉੱਠੇ ਜੋ ਇਹਨਾਂ ਚੀਜ਼ਾਂ ਨੂੰ ਠਲ ਪਾਵੇ ਤਾਂ ਹੀ ਕਿਤੇ ਭਰਾਤਰੀ ਭਾਈਚਾਰਾ ਕਾਇਮ ਹੋ ਸਕਦਾ ਹੈ ਤੇ ਇਹਨਾਂ ਗੱਲਾਂ ਤੋਂ ਛੁਟਕਾਰਾ ਮਿਲ ਸਕਦਾ ਹੈ। ਦੋਸਤੋ ਗੱਲਾਂ ਜਿੰਨੀਆਂ ਮਰਜੀ ਕਰ ਲਈਏ ਲੇਖ ਬਹੁਤ ਲੰਬਾ ਹੁੰਦਾ ਹੈ। ਇਹ ਸਿਰਫ਼ ਮੇਰੇ ਦਿਲ ਦੇ ਵਲਵਲੇ ਸੀ ਜੋ ਮੈਂ ਤੁਹਾਡੇ ਨਾਲ ਸਾਂਝੇ ਕੀਤੇ ਹਨ। ਕਾਸ਼ ! ਕਿਤੇ ਅੱਜ ਦੇ ਹਰ ਇਨਸਾਨ ਦੇ ਵਿੱਚ ਇਹੋ ਜਿਹੀਆਂ ਚੰਗੀਆਂ ਭਾਵਨਾਵਾਂ ਭਾਵ ਇੱਕ ਦੂਜੇ ਦੀ ਇੱਜ਼ਤ ਕਰਨੀ ਸਤਿਕਾਰ ਸਨਮਾਨ ਦੇਣਾ ਆ ਜਾਣ ਤਾਂ ਪੰਜਾਬ ਸੂਬਾ ਇਕੱਲਾ ਹੀ ਨਹੀਂ ਪੂਰਾ ਭਾਰਤ ਦੇਸ਼ ਇੱਕ ਨਮੂਨਾ ਬਣ ਸਕਦਾ ਹੈ।

# ਪਛਤਾਵਾ ਜ਼ਿੰਦਗੀ ਦਾ..



– ਪਛਤਾਵਾ ਸ਼ਬਦ ਜਦ ਸਾਡੇ ਦਿਮਾਗ ਤੇ ਆ ਕੇ ਜਦ ਤੈਰਨ ਲੱਗ ਜਾਵੇ ਤਾਂ ਅਸੀਂ ਬਹੁਤ ਵਾਰ ਸੋਚਦੇ ਹਾਂ ਕਿ ਇਹ ਪਛਤਾਵਾ ਸ਼ਬਦ ਸਾਡੇ ਦਿਲ ਦਿਮਾਗ ਤੇ ਇਨਾ ਕਿਉਂ ਚੜ ਕੇ ਬੋਲਦਾ ਹੈ ।ਜੇਕਰ ਪਛਤਾਵੇ ਦੀ ਵਿਆਖਿਆ ਕਰਨੀ ਹੋਵੇ ਤਾਂ ਸ਼ਾਇਦ ਬਹੁਤ ਲੰਬਾ ਸਮਾਂ ਲੱਗ ਜਾਵੇ ਕਿ ਪਛਤਾਵਾ ਅਸਲ ਵਿੱਚ ਹੈ ਕੀ ।ਜੇਕਰ ਪਛਤਾਵੇ ਨੂੰ ਅਸਲ ਢੰਗ ਦੇ ਨਾਲ ਮਾਪਣਾ ਹੋਵੇ ਤਾਂ ਸ਼ਾਇਦ ਕਿੰਨਾ ਸਮਾਂ ਲੱਗ ਜਾਵੇ ਜਾਂ ਕਿੰਨੇ ਸਫੇ ਭਰ ਜਾਣ ।ਪੰਜਾਬੀ ਦੇ ਬਹੁਤ ਸਾਰੇ ਲੇਖਕਾਂ ਨੇ ਪਛਤਾਵੇ ਦੀ ਵਿਆਖਿਆ ਕੀਤੀ ਹੈ ਪਰ ਪਛਤਾਵਾ ਆਪਣੇ ਆਪ ਦੇ ਅੰਦਰ ਇੱਕ ਐਸਾ ਸ਼ਬਦ ਹੈ ਜੋ ਸਾਨੂੰ ਸਦੀਆਂ ਤੱਕ ਯਾਦ ਰਹਿੰਦਾ । ਕੁੱਲ ਮਿਲਾ ਕੇ ਦੁਨਿਆਵੀ ਖੇਤਰ ਦੇ ਅੰਦਰ ਕਿਸੇ ਨਾ ਕਿਸੇ ਇਨਸਾਨ ਨੂੰ ਹਰ ਮੋੜ ਤੇ ਆ ਕੇ ਪਛਤਾਵੇ ਦਾ ਸਾਹਮਣਾ ਕਰਨਾ ਪੈਂਦਾ ਹੈ ।ਇਹ ਹਰ ਇੱਕ ਦੀ ਆਪੋ ਆਪਣੀ ਸੋਚ ਹੈ ਕਿ ਉਸ ਨੇ ਪਛਤਾਵਾ ਸ਼ਬਦ ਨੂੰ ਕਿਵੇਂ ਸੋਚਣਾ ਤੇ ਕਿਵੇਂ ਮਾਪਣਾ ਹੈ ।ਕਈ ਇਨਸਾਨ ਪਛਤਾਵਾ ਬਹੁਤ ਜਿਆਦਾ ਕਰਦੇ ਹਨ ਪਰ ਕਈ ਇਨਸਾਨ ਪਛਤਾਵੇ ਨੂੰ ਆਮ ਗੱਲ ਮੰਨਦੇ ਹਨ ਅਤੇ ਉਹ ਪਛਤਾਵਾ ਕਰਦੇ ਹੀ ਨਹੀਂ ।

ਬਹੁਤ ਸਾਰੇ ਇਨਸਾਨ ਜ਼ਿੰਦਗੀ ਅੰਦਰ ਅਜਿਹੇ ਹਨ ਜਿਨਾਂ ਨੇ ਪਛਤਾਵਾ ਸ਼ਬਦ ਭੋਗਿਆ ਤੇ ਵੇਖਿਆ ਹੈ ਅਤੇ ਕਈ ਇਨਸਾਨ ਅਜਿਹੇ ਹਨ ਜੋ ਪਛਤਾਵੇ ਨੂੰ ਮੰਨਣ ਤੋਂ ਇਨਕਾਰੀ ਹਨ ।ਜਿਵੇਂ ਅਸੀਂ ਉੱਪਰ ਲਿਖਿਆ ਹੈ ਕਿ ਪਛਤਾਵੇ ਦੇ ਮਾਮਲੇ ਤੇ ਸਭ ਦੀ ਸੋਚ ਵੱਖੋ ਵੱਖਰੀ ਹੈ ।ਇਹ ਵੀ ਸੱਚ ਹੈ ਕਿ ਬਹੁਤ ਸਾਰੇ ਇਨਸਾਨਾਂ ਨੂੰ ਆਪਦੀ ਜ਼ਿੰਦਗੀ ਦੇ ਅੰਦਰ ਕਿਸੇ ਨਾ ਕਿਸੇ ਮੋੜ ਤੇ ਆ ਕੇ ਪਛਤਾਵੇ ਦਾ ਅਜਿਹਾ ਸਾਹਮਣਾ ਕਰਨਾ ਪੈਂਦਾ ਹੈ ਕਿ ਉਹ ਤੜਫ ਉਠਦਾ ਹੈ ।ਉਸ ਨੂੰ ਕਿਸੇ ਸੱਜਣ ਵੱਲੋਂ ਦਿੱਤੇ ਧੋਖੇ ਸਦਕਾ ਪਛਤਾਵਾ ਕਰਨਾ ਪੈਂਦਾ ਹੈ ਜਾਂ ਜਿੰਦਗੀ ਦੇ ਅੰਦਰ ਆਪਣੇ ਦੋਸਤ ਮਿੱਤਰ ਵੱਲੋਂ ਦਿੱਤੇ ਧੋਖੇ ਦੇ ਸਦਕਾ ਪਛਤਾਵੇ ਦਾ ਸਾਹਮਣਾ ਕਰਨਾ ਪੈਂਦਾ ਹੈ । ਬਹੁਤ ਵਾਰ ਕਿਸੇ ਵੀ ਇਨਸਾਨ ਦੇ ਹਾਲਾਤ ਅਜਿਹੇ ਬਣ ਜਾਂਦੇ ਹਨ ਕਿ ਉਹ ਜ਼ਿੰਦਗੀ ਤੋਂ ਤੰਗ ਆ ਕੇ ਪਛਤਾਵਾ ਸ਼ਬਦ ਦੇ ਲੜ ਲੱਗ ਕੇ ਆਪਣੀ ਜਿੰਦਗੀ ਅੰਦਰ ਉਹ ਕੁਝ ਕਰ ਬੈਠਦਾ ਹੈ ਜੋ ਹਰ ਕਿਸੇ ਨੂੰ ਮਨਜ਼ੂਰ ਨਹੀਂ ਹੁੰਦਾ ਪਛਤਾਵਾ ਸ਼ਬਦ ਇੱਕ ਅਜਿਹਾ ਸ਼ਬਦ ਹੈ ਜੋ ਕਹਿਣ ਨੂੰ ਭਾਵੇਂ ਚਾਰ ਅੱਖਰਾਂ ਦਾ ਹੈ ਪਰ ਉਸਦੇ ਅਰਥ ਬਹੁਤ ਵੱਡੇ ਹਨ ।

ਅਜੋਕੇ ਸਮੇਂ ਅੰਦਰ ਦੁਨੀਆ ਬਹੁਤ ਬਹੁਤ ਰੰਗੀ ਹੈ ਬਹੁਤ ਲੋਕ ਜ਼ਿੰਦਗੀ ਦੇ ਅੰਦਰ ਘੱਟ ਹਨ ਜੋ ਤੁਹਾਡਾ ਦੁੱਖ ਸੁਣਦੇ ਹਨ ਤੇ ਤੁਹਾਨੂੰ ਆਪਣਾ ਮੰਨਦੇ ਹਨ ਨਹੀਂ ਤਾਂ ਇੱਥੇ ਸਾਰਿਆਂ ਨੂੰ ਆਪੋ ਆਪਣਾ ਦੁੱਖ ਸਤਾ ਰਿਹਾ ਹੈ ।ਬਹੁਤ ਸਾਰੇ ਸੱਜਣ ਅਜਿਹੇ ਹਨ ਜਿੰਨ੍ਹਾਂ ਨੂੰ ਜ਼ਿੰਦਗੀ ਅੰਦਰ ਮਾਂ ਪਿਓ ਵੱਲੋਂ ਦੁੱਖ ਦਿੱਤਾ ਜਾਂਦਾ ਹੈ ।ਭਾਵੇਂ ਕਿ ਮਾਂ ਪਿਓ ਕੋਈ ਵੀ ਚਾਹ ਕੇ ਆਪਣੇ ਪੁੱਤਰ ਨੂੰ ਦੁੱਖ ਨਹੀਂ ਦਿੰਦਾ ਪਰ ਹਾਲਾਤ ਹੀ ਇਦਾਂ ਦੇ ਬਣ ਜਾਂਦੇ ਹਨ ਕਿ ਕੋਈ ਵੀ ਪੁੱਤਰ ਆਪਣੇ ਮਾਂ ਪਿਓ ਤੋਂ ਇਨਕਾਰੀ ਨਹੀਂ ਹੋਣਾ ਚਾਹੁੰਦਾ ਪਰ ਹਾਲਾਤ ਅਜਿਹੇ ਬਣਾ ਦਿੰਦੇ ਹਨ ਕਿ ਇਹ ਬਹੁਤ ਵੱਡੇ ਪੱਧਰ ਤੇ ਸਾਡੀ ਦੁਨੀਆਂ ਅੰਦਰ ਵਾਪਰ ਰਿਹਾ ਹੈ ਕਿ ਪੁੱਤ ਪਿਓ ਤੋਂ ਦੁਖੀ ਹੈ ਕਿ ਪਿਓ ਪੁੱਤ ਤੋਂ ਦੁਖੀ ਹੈ ਰਿਸ਼ਤੇ ਨਾਤੇ ਟੁੱਟ ਰਹੇ ਹਨ । ਦੋਸਤ ਦੀਆਂ ਮਿੱਤਰਤਾਵਾਂ ਖਤਮ ਹੋ ਰਹੀਆਂ ਹਨ ਅਤੇ ਰਿਸ਼ਤੇ ਤੜਾਕ ਤੜਾਕ ਕਰਕੇ ਟੁੱਟ ਰਹੇ ਹਨ ।ਪਿਛਲੇ ਸਮੇਂ ਤੋਂ ਇਹ ਵੀ ਵੇਖਣ ਵਿੱਚ ਆਇਆ ਹੈ ਕਿ ਪਤਨੀ ਪਤਨੀ ਦੇ ਰਿਸ਼ਤੇ ਵਿੱਚ ਵੀ ਬਹੁਤ ਵੱਡੀ ਖੜੋਤ ਆ ਰਹੀ ਹੈ ।ਮਾਪੇ ਬੱਚਿਆਂ ਦਾ ਦੁੱਖ ਦੇਖ ਕੇ ਪਛਤਾ ਰਹੇ ਹਨ ਤੇ ਬੱਚੇ ਮਾਪਿਆਂ ਦਾ ਦੁੱਖ ਦੇਖ ਕੇ ਝੂਰ ਰਹੇ ਹਨ ।

ਪਤੀ ਪਤਨੀ ਦੇ ਰਿਸ਼ਤੇ ਵਿੱਚ ਆ ਰਹੀ ਤਰੇੜ ਨੇ ਬਹੁਤ ਸਾਰੇ ਘਰਾਂ ਨੂੰ ਬਰਬਾਦੀ ਦੇ ਆਲਮ ਤੇ ਖੜਾ ਕਰ ਦਿੱਤਾ ਹੈ ।ਕਈ ਸੱਜਣ ਆਪਣੇ ਹੀ ਪਰਿਵਾਰ ਤੋਂ ਇਨ੍ਹਾਂ ਦੁਖੀ ਹੋ ਜਾਂਦੇ ਹਨ ਕਿ ਉਨ੍ਹਾਂ ਨੂੰ ਵੀ ਜ਼ਿੰਦਗੀ ਅੰਦਰ ਪਛਤਾਵੇ ਤੋਂ ਬਿਨਾਂ ਕੁਝ ਵੀ ਪੱਲੇ ਨਹੀਂ ਰਹਿੰਦਾ ।ਇਸ ਰਿਸ਼ਤੇ ਦੇ ਵਿੱਚ ਦੋਵਾਂ ਜੀਆਂ ਨੂੰ ਅਦਾਲਤ ਦਾ ਸਾਹਮਣਾ ਕਰਨਾ ਪੈਂਦਾ ਹੈ ।ਗਲਤੀ ਕਿਸੇ ਦੀ ਹੋਵੇ, ਭੋਗਣੀ ਪੈਂਦੀ ਹੈ ਸਾਰਿਆਂ ਨੂੰ ਇਹ ਵੀ ਸੱਚ ਹੈ ।ਬਹੁਤ ਬਾਰ ਪਰਿਵਾਰ ਦਾ ਇੱਕ ਜੀਅ ਕਿਸੇ ਦੂਜੇ ਵਿਅਕਤੀ ਦੇ ਧੱਕੇ ਚੜ ਕੇ ਆਪਣੀ ਜ਼ਿੰਦਗੀ ਤਬਾਹ ਕਰਨ ਦਾ ਰਸਤਾ ਚੁਣ ਲੈਂਦਾ ਹੈ।ਉਹ ਬਹੁਤ ਮੰਦਭਾਗੀ ਗੱਲ ਹੈ ਆਪਣੇ ਹੱਸਦੇ ਵਸਦੇ ਪਰਿਵਾਰ ਨੂੰ ਛੱਡ ਕੇ ਕਿਸੇ ਦੂਸਰੇ ਵਿਅਕਤੀ ਦੇ ਕਹੇ ਲੱਗ ਕੇ ਆਪਣੇ ਪਰਿਵਾਰ ਨੂੰ ਖਤਮ ਕਰ ਲੈਣਾ ਤੋੜ ਲੈਣਾ ਵਿਛੋੜਾ ਪਾ ਲੈਣਾ ਕਿਸੇ ਵੀ ਮਸਲੇ ਦਾ ਹੱਲ ਨਹੀਂ ਹੁੰਦਾ ਕੋਈ ਵੀ ਗੱਲ ਬੈਠ ਕੇ ਹੱਲ ਕੀਤੀ ਜਾ ਸਕਦੀ ਹੈ।ਆਮ ਤੌਰ ਤੇ ਭਾਵੇਂ ਅਜਿਹੀਆਂ ਘਟਨਾਵਾਂ ਸਾਡੇ ਸਮਾਜ ਅੰਦਰ ਵਾਪਰਦੀਆਂ ਰਹਿੰਦੀਆਂ ਹਨ ਪਰ ਇਹ ਸਾਡੇ ਮੱਥੇ ਤੇ ਕਲੰਕ ਹਨ ।

ਇਹਨਾਂ ਘਟਨਾਵਾਂ ਦੇ ਵਾਪਰਨ ਤੋਂ ਬਾਅਦ ਕਿਸੇ ਵੀ ਇਨਸਾਨ ਲਈ ਫੇਰ ਸ਼ੁਰੂ ਹੁੰਦੀ ਹੈ ਨਮੋਸ਼ੀ ਭਰੀ ਦਾਸਤਾਨ ਜਿਸ ਦੀ ਬਦੌਲਤ ਅਦਾਲਤਾਂ ਦੇ ਵਿੱਚ ਜਾ ਕੇ ਕਿਸੇ ਵੀ ਇਨਸਾਨ ਦਾ ਦਮ ਘੁੱਟ ਟ ਜਾਂਦਾ ਹੈ ।ਉਸ ਦਾ ਖਰਚਾ ਹੁੰਦਾ ਹੈ ਦੋਵਾਂ ਧਿਰਾਂ ਦੇ ਰੁਪਈਏ ਲੱਗਦੇ ਹਨ ਅਤੇ ਪਰਿਵਾਰ ਕੰਗਾਲੀ ਤੱਕ ਪਹੁੰਚ ਜਾਂਦਾ ਹੈ ।ਇਹ ਸਿਲਸਿਲਾ ਪਿਛਲੇ ਲੰਬੇ ਸਮੇਂ ਤੋਂ ਸਾਡੇ ਸਮਾਜ ਦੇ ਅੰਦਰ ਚੱਲ ਰਿਹਾ ਹੈ ਜਦੋਂ ਅਸੀਂ ਕਿਸੇ ਦੂਜੇ ਵਿਅਕਤੀ ਦੇ ਲੜ ਲੱਗ ਕੇ ਆਪਣੇ ਪਰਿਵਾਰ ਨੂੰ ਖਰਾਬ ਕਰਦੇ ਹਾਂ ਤਾਂ ਫਿਰ ਉਸਦਾ ਸੰਤਾਪ ਸਾਨੂੰ ਭੋਗਣਾ ਪੈਂਦਾ ਹੈ ਇਹ ਸੱਚੀ ਗੱਲ ਹੈ ਕਿ ਇਨਸਾਨ ਤੋਂ ਗਲਤੀਆਂ ਹੋ ਜਾਂਦੀਆਂ ਹਨ ਉਹਨਾਂ ਨੂੰ ਬੈਠ ਕੇ ਹੱਲ ਕਰ ਲੈਣਾ ਹੀ ਪਿਛਲੇ ਲੰਬੇ ਸਮੇਂ ਮਨੁੱਖਤਾ ਦੀ ਨਿਸ਼ਾਨੀ ਹੈ ਨਹੀਂ ਤਾਂ ਸਮਾਂ ਸਾਨੂੰ ਮਾਫ ਨਹੀਂ ਕਰਦਾ ।ਬਹੁਤ ਸਾਰੇ ਇਨਸਾਨ ਨਸ਼ੇ ਦੀ ਲੱਤ ਤੋਂ ਪਰੇਸ਼ਾਨ ਹੋ ਕੇ ਪਛਤਾਵਾ ਕਰਦੇ ਹਨ ।ਅਸੀਂ ਆਮ ਤੌਰ ਤੇ ਸਮਾਜ ਦੇ ਅੰਦਰ ਵੇਖਦੇ ਹਾਂ ਕਿ ਬਹੁਤ ਘਟਨਾਵਾਂ ਸਾਨੂੰ ਨਮੋਸ਼ੀ ਦਾ ਸਾਹਮਣਾ ਕਰਵਾਉਂਦੀਆਂ ਹਨ ਸਾਡੇ ਪਰਿਵਾਰਾਂ ਨੂੰ ਬੇਇਜਤੀ ਮਹਿਸੂਸ ਹੁੰਦੀ ਹੈ ਪਰ ਅਸੀਂ ਕਦੇ ਵੀ ਇਹਨਾਂ ਗੱਲਾਂ ਤੇ ਧਿਆਨ ਨਹੀਂ ਦਿੰਦੇ ।

ਸ਼ਿੰਦਰ ਸਿੰਘ ਮੀਰਪੁਰੀ
5592850841

ਅਸੀਂ ਕਦੇ ਸੋਚਿਆ ਹੈ ਕਿ ਜਦ ਅਸੀਂ ਕਿਸੇ ਵੀ ਅਜਿਹੇ ਰਾਹ ਤੇ ਤੁਰਦੇ ਹਾਂ ਜੋ ਬਰਬਾਦੀ ਦਾ ਸਾਹਮਣਾ ਕਰਦਾ ਹੈ ਤਾਂ ਫਿਰ ਉਸ ਤੋਂ ਬਾਅਦ ਸਾਡੇ ਮਾਂ ਪਿਓ ਸਾਡੇ ਪਰਿਵਾਰ ਦੇ ਮੈਂਬਰ ਅਤੇ ਸਾਡੇ ਬੱਚਿਆਂ ਦਾ ਕੀ ਹਾਲ ਹੁੰਦਾ ਹੈ, ਕਹਿਣ ਦੀ ਲੋੜ ਨਹੀਂ ।ਇਹ ਬੇਹੱਦ ਦਰਦ ਭਰੀ ਦਾਸਤਾਨ ਹੈ ।ਬਹੁਤ ਸਾਰੇ ਇਨਸਾਨਾਂ ਨੂੰ ਤੋੜ ਦਿੰਦੀ ਹੈ ਪਰ ਕਈ ਇਨਸਾਨ ਅਜਿਹੇ ਵੀ ਹਨ ਜੋ ਆਪਣੇ ਦ੍ਰਿੜਾਦਿਆਂ ਸਦਕਾ ਮੁਸੀਬਤਾਂ ਤੇ ਮਸ਼ੱਕਤਾਂ ਨੂੰ ਘਾਲ ਕੇ ਜ਼ਿੰਦਗੀ ਸਰ ਕਰਨ ਦਾ ਜਿਗਰਾ ਰੱਖਦੇ ਹਨ ।ਉਨ੍ਹਾਂ ਦੇ ਨਾਲ ਉਨ੍ਹਾਂ ਦਾ ਪਰਮਾਤਮਾ ਹੁੰਦਾ ਹੈ ਅਤੇ ਵਾਹਿਗੁਰੂ ਉਹਨਾਂ ਦੀ ਮਦਦ ਕਰਦਾ ਹੈ ਮਾਲਕ ਮਿਹਰ ਕਰੇ ਪਰਿਵਾਰ ਨਾ ਟੁੱਟਣਾ ਅਸੀਂ ਤਾਂ ਇਹੀ ਕਾਮਨਾ ਕਰਦੇ ਹਾਂ ਕਿ ਪਰਿਵਾਰ ਜੁੜੇ ਰਹਿਣ । ਕਿਉਂਕਿ ਪਰਿਵਾਰ ਦੇ ਨਾਲ ਹੀ ਬੱਚਿਆਂ ਤੇ ਉਹਨਾਂ ਦੇ ਮਾਪਿਆਂ ਦਾ ਭਵਿੱਖ ਜੁੜਿਆ ਹੁੰਦਾ ਹੈ । ਪਰ ਜਦ ਕਿਸੇ ਤੇ ਇਦਾਂ ਦੀ ਮੁਸੀਬਤ ਪੈਂਦੀ ਹੈ ਉਸ ਦੇ ਵਿੱਚ ਕਿਸੇ ਵੀ ਇਨਸਾਨ ਨੂੰ ਡੋਲਣਾ ਨਹੀਂ ਚਾਹੀਦਾ ਕਿਉਂਕਿ ਗਲਤੀ ਕਰਨ ਵਾਲਾ ਹੀ ਪਛਤਾਉਂਦਾ ਹੈ ।

ਸੋ ਸਾਨੂੰ ਸਮਾਜ਼ ਅੰਦਰ ਇੱਕੋ ਗੱਲ ਸਮਝਣੀ ਚਾਹੀਦੀ ਹੈ ਕਿ ਗੁਰੂ ਸਾਹਿਬਾਨ ਦੇ ਫਲਸਫੇ ਤੋਂ ਸੇਧ ਲੈ ਕੇ ਜ਼ਿੰਦਗੀ ਜਿਉਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ ।ਗੁਰੂ ਸਾਹਿਬ ਤੋਂ ਕੋਈ ਉੱਤੇ ਨਹੀਂ ।ਸਾਨੂੰ ਪਵਿੱਤਰ ਬਾਣੀ ਪੜ੍ਹ ਕੇ ਉਸਦੇ ਫਲਸਫੇ ਅਨੁਸਾਰ ਚੱਲਣਾ ਚਾਹੀਦਾ ਹੈ। ਇਹੀ ਸਦੀਵੀ ਸੱਚ ਹੈ ਕਿਉਂਕਿ ਜੇਕਰ ਅਸੀਂ ਗਲਤ ਰਸਤਾ ਚੁਣ ਕੇ ਬਾਅਦ ਵਿੱਚ ਪਛਤਾਵਾ ਕਰਦੇ ਹਾਂ ਤਾਂ ਉਸਦਾ ਵੀ ਕੋਈ ਫਾਇਦਾ ਨਹੀਂ ਹਾਂ ਇਨਸਾਨ ਤੋਂ ਗਲਤੀਆਂ ਹੁੰਦੀਆਂ ਰਹਿੰਦੀਆਂ ਹਨ ਇਨਸਾਨ ਗਲਤੀਆਂ ਦਾ ਪੁਤਲਾ ਹੈ ਪਰ ਜ਼ਿੰਦਗੀ ਦੇ ਅੰਦਰ ਇੱਕ ਵਾਰ ਪਛਤਾਉਂਦਾ ਜਰੂਰ ਹੈ ਜਿਸ ਨੇ ਗਲਤੀ ਕੀਤੀ ਹੁੰਦੀ ਹੈ ਇਸ ਲਈ ਗਲਤੀ ਸੋਚ ਕੇ ਕਰੋ ਪਰਿਵਾਰ ਨਾ ਤਬਾਹ ਕਰੋ । ਜਿਸ ਦੀ ਗਲਤੀ ਕੀਤੀ ਨਹੀਂ ਹੁੰਦੀ ਉਸ ਨੂੰ ਪਛਤਾਵਾ ਨਹੀਂ ਹੁੰਦਾ ।ਇਸ ਲਈ ਚੰਗਾ ਹੋਵੇ ਜੇਕਰ ਪਛਤਾਵਾ ਕਰਕੇ ਵੀ ਇਨਸਾਨ ਉਸ ਸੱਚੇ ਮਾਲਕ ਦੀ ਅਰਾਧਨਾ ਕਰਦਾ ਰਹੇ ।ਇਹ ਜ਼ਿੰਦਗੀ ਹੈ ਇਸੇ ਤਰ੍ਹਾਂ ਚਲਦੀ ਹੈ ਇਸੇ ਲਈ ਆਓ ਸਾਰੇ ਗੁਰੂ ਸਾਹਿਬ ਦੇ ਫਲਸਫੇ ਤੋਂ ਸੇਧ ਲੈ ਕੇ ਜ਼ਿੰਦਗੀ ਜਿਉਣ ਦੀ ਕੋਸ਼ਿਸ਼ ਕਰੀਏ ।

# ਸਮਾਜਿਕ ਯਥਾਰਥ ਦੀ ਗੰਭੀਰ ਪੇਸ਼ਕਾਰੀ ਕਰਦਾ ਕਹਾਣੀ ਸੰਗ੍ਰਹਿ 'ਸੱਬੀ ਦੀਆਂ ਸੱਧਰਾਂ'




ਰਾਜਸਥਾਨ ਦੇ ਜੰਮਪਲ ਡਾ. ਸੰਦੀਪ ਸਿੰਘ ਮੁੰਡੇ ਜੀ ਦਾ ਪਲੇਠਾ ਕਹਾਣੀ-ਸੰਗ੍ਰਹਿ 'ਸੱਬੀ ਦੀਆਂ ਸੱਧਰਾਂ' ਪੰਜਾਬੀ ਸਾਹਿਤ ਜਗਤ ਵਿੱਚ ਇੱਕ ਸ਼ਲਾਘਾਯੋਗ ਕਦਮ ਹੈ। ਇਸ ਕਹਾਣੀ-ਸੰਗ੍ਰਹਿ ਵਿੱਚ ਸ਼ਾਮਲ ਸਾਰੀਆਂ ਕਹਾਣੀਆਂ ਪਾਠਕ ਨੂੰ ਅਜਿਹੀਆਂ ਪ੍ਰਤੀਤ ਹੁੰਦੀਆਂ ਹਨ ਜਿਵੇਂ ਉਹ ਉਸ ਦੀਆਂ ਆਪਣੀਆਂ ਹੋਣ ਜਾਂ ਉਸ ਦੇ ਆਲ੍ਹੇ-ਦੁਆਲੇ ਹੀ ਵਾਪਰ ਰਹੀਆਂ ਹੋਣ।

ਪੁਸਤਕ ਦੀ ਪਹਿਲੀ ਅਤੇ ਮੁੱਖ ਕਹਾਣੀ 'ਸੱਬੀ ਦੀਆਂ ਸੱਧਰਾਂ' ਪੇਂਡੂ ਸਮਾਜ ਵਿੱਚ ਰਿਸ਼ਤਿਆਂ ਦੀ ਹੋਈ ਗੁੰਝਲਦਾਰ ਬੁਣਤੀ ਅਤੇ ਈਰਖਾ ਦੇ ਜ਼ਹਿਰ ਨੂੰ ਬਾਖ਼ੂਬੀ ਉਜਾਗਰ ਕਰਦੀ ਹੈ। ਇਸ ਕਹਾਣੀ ਦੀ ਮੁੱਖ ਨਾਇਕਾ ਸੱਬੀ ਦੇ ਚਾਵਾਂ ਅਤੇ ਸੁਪਨਿਆਂ ਦਾ ਖੰਡਨ ਕੋਈ ਬਾਹਰੀ ਇਨਸਾਨ ਨਹੀਂ, ਸਗੋਂ ਉਸ ਦੀ ਆਪਣੀ ਰਿਸ਼ਤੇ ਵਿੱਚ ਲੱਗਦੀ ਮਾਸੀ ਬਲਬੀਰੋ ਹੀ ਕਰਦੀ ਹੈ। ਬਲਬੀਰੋ ਦੀ ਈਰਖਾਲੂ ਸੋਚ ਇਹ ਬਰਦਾਸ਼ਤ ਨਹੀਂ ਕਰ ਪਾਉਂਦੀ ਕਿ ਸੱਬੀ ਦਾ ਵਿਆਹ ਉਸ ਦੀ ਆਪਣੀ ਧੀ ਰਜਨੀ ਦੇ ਮੁਕਾਬਲੇ ਕਿਸੇ ਵਧੇਰੇ ਪੜ੍ਹੇ-ਲਿਖੇ ਅਤੇ ਚੰਗੀ ਨੌਕਰੀ ਪੇਸ਼ਾ ਇਨਸਾਨ ਨਾਲ ਹੋਵੇ। ਇਸ ਸਾਜ਼ਿਸ਼ ਵਿੱਚ ਉਹ ਸੱਬੀ ਦੇ ਲਾਲਚੀ ਸੁਭਾਅ ਵਾਲੇ ਵਿਚੋਲੇ ਕਰਮ ਸਿੰਘ ਨੂੰ ਪੈਸੇ ਦਾ ਲਾਲਚ ਦੇ ਕੇ ਇਹ ਰਿਸ਼ਤਾ ਤੁੜਵਾ ਦਿੰਦੀ ਹੈ।

ਸੰਗ੍ਰਹਿ ਦੀ ਦੂਜੀ ਕਹਾਣੀ 'ਇਨਸਾਨ ਦੀ ਭੁੱਖ' ਦਾ ਮੁੱਖ ਪਾਤਰ ਦਰਸ਼ਨ ਹੈ, ਜੋ ਇੱਕ ਕਾਮਯਾਬ ਬਿਜ਼ਨਸਮੈਨ ਹੋਣ ਦਾ ਦਿਖਾਵਾ ਜ਼ਿਆਦਾ ਕਰਦਾ ਹੈ। ਉਸ ਕੋਲ 'ਫੋਰਚੂਨਰ' ਗੱਡੀ ਹੋਣ ਕਰਕੇ ਉਹ ਖ਼ੁਦ ਨੂੰ ਬਹੁਤੇ ਅਮੀਰ ਸਮਝਦਾ ਹੈ ਅਤੇ ਇੱਕ ਸਰਕਾਰੀ ਅਧਿਆਪਕਾ ਕੁੜੀ ਨਾਲ ਵਿਆਹ ਹੋਣ ਤੋਂ ਬਾਅਦ ਜਿਵੇਂ ਉਸ ਦੀ ਕਿਸਮਤ ਦੇ ਦਰਵਾਜ਼ੇ ਹੀ ਖੁੱਲ੍ਹ ਜਾਂਦੇ ਹਨ, ਜਿਸ ਸਦਕਾ ਉਹ ਇੱਕ ਵੱਡੀ ਕੰਪਨੀ ਵਿੱਚ ਡਾਇਰੈਕਟਰ ਬਣ ਜਾਂਦਾ ਹੈ। ਕਹਾਣੀ ਦਾ ਦੂਜਾ ਪਾਤਰ ਸੀਪੂ, ਜੋ ਸਕੂਲ ਸਮੇਂ ਤੋਂ ਦਰਸ਼ਨ ਦਾ ਪੱਕਾ ਮਿੱਤਰ ਹੈ, ਅਰਥ-ਸ਼ਾਸਤਰ ਦਾ ਸਹਾਇਕ ਪ੍ਰੋਫ਼ੈਸਰ ਹੈ। ਸੀਪੂ ਕੋਲ ਭਾਵੇਂ ਗਿਆਨ ਦੀਆਂ ਉੱਚੀਆਂ ਡਿੱਗਰੀਆਂ ਹਨ, ਪਰ ਦਰਸ਼ਨ ਕੋਲ ਦੁਨੀਆਦਾਰੀ ਦੀ ਉਹ ਡਿੱਗਰੀ ਹੈ ਜੋ ਕਿਸੇ ਯੂਨੀਵਰਸਿਟੀ ਵਿੱਚ ਨਹੀਂ ਪੜ੍ਹਾਈ ਜਾਂਦੀ। ਅਗਲੀ ਕਹਾਣੀ 'ਫ਼ੌਜੀ ਵੀਰਾਂ ਦੀ ਦਰਿਆਦਿਲੀ' ਇੱਕ ਰੇਲ ਸਫ਼ਰ ਦੌਰਾਨ ਦੇਸ਼ ਦੇ ਰਾਖਿਆਂ ਦੇ ਉੱਚੇ ਕਿਰਦਾਰ ਅਤੇ ਮਨੁੱਖੀ ਸੰਵੇਦਨਾਵਾਂ ਨੂੰ ਬਾਖ਼ੂਬੀ ਸਿਜਦਾ ਕਰਦੀ ਹੈ, ਜਦਕਿ 'ਬੇਈਮਾਨ' ਕਹਾਣੀ ਦਾ ਮੁੱਖ ਪਾਤਰ ਅਰਵਿੰਦਰ ਸਿੰਘ, ਜੋ ਕਿ ਇੱਕ ਸਕੂਲ ਵਿੱਚ ਪ੍ਰਿੰਸੀਪਲ ਦੇ ਅਹੁਦੇ ਉੱਤੇ ਤਾਇਨਾਤ ਹੈ, ਬੇਹੱਦ ਲਾਲਚੀ ਤੇ ਬੇਈਮਾਨ ਕਿਸਮ ਦਾ ਇਨਸਾਨ ਹੈ। ਉਹ ਆਪਣੀ ਹਵਸ ਵਿੱਚ ਆ ਕੇ ਆਪਣੇ ਸਕੇ ਭਰਾ ਦੀ ਜ਼ਮੀਨ ਵੀ ਧੋਖੇ ਨਾਲ ਆਪਣੇ ਨਾਂ ਕਰਵਾ ਲੈਂਦਾ ਹੈ, ਪਰ ਇਹ ਕਹਾਣੀ ਪੂਰਨ ਤੌਰ 'ਤੇ 'ਕਰਮਾਂ ਦੇ ਸਿਧਾਂਤ' 'ਤੇ ਆਧਾਰਿਤ ਹੈ, ਜੋ ਇਹ ਸੰਦੇਸ਼ ਦਿੰਦੀ ਹੈ ਕਿ ਮਨੁੱਖ ਨੂੰ ਆਖ਼ਰਕਾਰ ਆਪਣੇ ਕੀਤੇ ਕਰਮਾਂ ਦਾ ਫਲ ਇਸੇ ਜਨਮ ਵਿੱਚ ਭੁਗਤਣਾ ਹੀ ਪੈਂਦਾ ਹੈ।

ਇਸੇ ਤਰ੍ਹਾਂ 'ਸਮੇਂ ਦੀ ਟਿਕ-ਟਿਕ' ਕਹਾਣੀ ਪਿਤਾ-ਪੁੱਤਰ ਦੇ ਰਿਸ਼ਤੇ ਰਾਹੀਂ ਸਮੇਂ ਦੀ ਮਹੱਤਤਾ, ਮਾਪਿਆਂ ਦੇ ਨਿਸ਼ਕਾਮ ਪਿਆਰ ਅਤੇ ਉਨ੍ਹਾਂ ਦੀਆਂ ਚੁੱਪ ਕੁਰਬਾਨੀਆਂ ਨੂੰ ਬਹੁਤ ਹੀ ਸੰਵੇਦਨਸ਼ੀਲ ਢੰਗ ਨਾਲ ਪੇਸ਼ ਕਰਦੀ ਹੈ। 'ਖ਼ੁਸ਼ੀ ਦਾ ਨਵਾਂ ਰਾਹ' ਕਹਾਣੀ ਔਰਤ ਦੀ ਆਤਮ-ਨਿਰਭਰਤਾ, ਸਵੈ-ਪਛਾਣ ਅਤੇ ਰੂੜ੍ਹੀਵਾਦੀ ਧਾਰਨਾਵਾਂ ਨੂੰ ਚੁਣੌਤੀ ਦਿੰਦਿਆਂ ਇਹ ਸੰਦੇਸ਼ ਦਿੰਦੀ ਹੈ ਕਿ ਜੀਵਨ ਦੀ ਅਸਲ ਖ਼ੁਸ਼ੀ ਆਪਣੇ ਮਕਸਦ ਅਤੇ ਦੂਜਿਆਂ ਦੀ ਸੇਵਾ ਵਿੱਚ ਵੀ ਮਿਲ ਸਕਦੀ ਹੈ। 'ਔਨਲਾਈਨ ਦੁਨੀਆ ਦਾ ਭੁਲੇਖਾ' ਕਹਾਣੀ ਡਿਜੀਟਲ ਯੁੱਗ ਵਿੱਚ ਵਰਚੂਅਲ ਸੰਬੰਧਾਂ ਦੇ ਖ਼ਤਰਿਆਂ ਤੋਂ ਸੁਚੇਤ ਰਹਿਣ ਅਤੇ ਅਸਲ ਮਨੁੱਖੀ ਰਿਸ਼ਤਿਆਂ ਦੀ ਮਹੱਤਤਾ ਨੂੰ ਸਮਝਣ ਲਈ ਪ੍ਰੇਰਿਤ ਕਰਦੀ ਹੈ। ਸਮੁੱਚੇ ਰੂਪ ਵਿੱਚ ਦੇਖਿਆ ਜਾਵੇ ਤਾਂ ਇਸ ਸੰਗ੍ਰਹਿ ਦੀਆਂ ਸਾਰੀਆਂ ਕਹਾਣੀਆਂ ਸਮਕਾਲੀ ਸਮਾਜ ਦੀ ਹੂਬਹੂ ਤਸਵੀਰ ਅਤੇ ਯਥਾਰਥ ਭਰਪੂਰ ਸ਼ਬਦਾਵਲੀ ਪੇਸ਼ ਕਰਦੀਆਂ ਹਨ। ਲੇਖਕ ਨੇ ਮਨੁੱਖੀ ਰਿਸ਼ਤਿਆਂ ਅਤੇ ਮਾਨਸਿਕ ਖਿੱਚੋਤਾਣਾਂ ਨੂੰ ਇੱਕ ਬਹੁਤ ਹੀ ਪ੍ਰਭਾਵਸ਼ਾਲੀ ਸ਼ੈਲੀ ਰਾਹੀਂ ਪੇਸ਼ ਕੀਤਾ ਹੈ। ਇਹ ਕਹਾਣੀਆਂ ਮਨੁੱਖੀ ਜੀਵਨ ਦੀਆਂ ਉਨ੍ਹਾਂ ਨਿੱਕੀਆਂ ਪਰ ਅਹਿਮ ਮਾਨਸਿਕ ਗੁੰਝਲਾਂ ਨੂੰ ਕੇਂਦਰ ਵਿੱਚ ਰੱਖਦੀਆਂ ਹਨ, ਜੋ ਮਨੁੱਖ ਨੂੰ ਕਈ ਵਾਰ ਉਚਾਈਆਂ ਵੱਲ ਲੈ ਜਾਂਦੀਆਂ ਹਨ ਅਤੇ ਕਈ ਵਾਰ ਨੈਤਿਕ ਪਤਨ ਵੱਲ ਧੱਕ ਦਿੰਦੀਆਂ ਹਨ। ਨਿਰਸੰਦੇਹ, ਡਾ. ਸੰਦੀਪ ਸਿੰਘ ਮੁੰਡੇ ਇੱਕ ਬਹੁਤ ਹੀ ਪ੍ਰਤਿਭਾਸ਼ਾਲੀ ਕਹਾਣੀਕਾਰ ਵਜੋਂ ਉੱਭਰੇ ਹਨ ਅਤੇ ਉਨ੍ਹਾਂ ਦੇ ਇਸ ਪਹਿਲੇ ਕਹਾਣੀ-ਸੰਗ੍ਰਹਿ 'ਸੱਬੀ ਦੀਆਂ ਸੱਧਰਾਂ' ਦਾ ਪੰਜਾਬੀ ਸਾਹਿਤ ਜਗਤ ਦੀ ਝੋਲੀ ਵਿੱਚ ਪੈਣਾ ਇੱਕ ਬਹੁਤ ਹੀ ਨਿੱਘਾ ਅਤੇ ਜੀ ਆਇਆਂ ਨੂੰ ਆਖਣਯੋਗ ਆਗਮਨ ਹੈ।

ਸ਼ਿਵਾਨੀ ਚੌਧਰੀ
ਕਾਂਗੜਾ, ਹਿਮਾਚਲ ਪ੍ਰਦੇਸ਼

# ਪੰਜਾਬੀ ਸਾਹਿਤ ਦਾ ਯੁੱਗ ਕਵੀ:-ਡਾ.ਸੁਰਜੀਤ ਪਾਤਰ



ਮੈਂ ਇੱਕ ਦਿਨ ਫੇਰ ਆਉਣਾ ਹੈ,ਓ ਖੁਸ਼ਦਿਲ ਸੋਹਣਿਓ, ਤੁਸੀਂ ਹਰਗਿਜ਼ ਨਾ ਕੁਮਲਾਇਉ ਕਹਿਣ ਵਾਲੇ ਸੁਰਜੀਤ ਪਾਤਰ ਨੂੰ ਦੋ ਸਾਲ ਹੋ ਚੱਲੇ ਨੇ ਸਾਡੇ ਕੋਲੋਂ ਵਿਛੜਿਆ।ਉਸਦੇ ਲੱਖਾਂ ਹੀ ਚਾਹੁੰਣ ਵਾਲੇ ਸਾਹਿਤਕਾਰਾਂ, ਕਲਮਕਾਰਾਂ ਸ਼ਾਇਰਾਂ/ਕਵੀਆਂ ਤੇ ਪ੍ਰਸ਼ੰਸਕਾਂ ਸਰੋਤਿਆਂ ਨੇ ਉਸਨੂੰ ਇੱਕ ਪਲ ਵੀ ਮਨੋਂ ਨਹੀਂ ਵਿਸਾਰਿਆਂ।ਅੱਜ ਵੀ ਉਹ ਅੱਖਾਂ ਚ ਆਸ ਦੀ ਉਡੀਕ ਲਾਈ ਤੱਕ ਰਹੇ ਕਿ ਸ਼ਾਇਦ ÷ਦੋ-ਚਾਰ ਸਾਲਾਂ ਵਿੱਚ ,ਕਿ ਬੱਸ ਆਉਂਦੇ ਸਿਆਲਾਂ ਵਿੱਚ ÷ਹਵਾ ਵਿਚ ਹਰਫ਼ ਲਿਖਣ ਵਾਲਾ ਸ਼ਬਦਾਂ ਦਾ ਜਾਦੂਗਰ ਪੰਜਾਬੀਅਤ ਦੀ ਸਰਜ਼ਮੀਨ ਸਿਰਜਣ ਲਈ ਸ਼ਬਦ ਅਤੇ ਸੁਰ ਦਾ ਅਦਭੁੱਤ ਸੁਮੇਲ ਬਣਕੇ ਲ਼ਫ਼ਜ਼ਾਂ ਦੀ ਦਰਗਾਹ ਤੇ ਪਰਤ ਆਵੇ ਪਰ ਨੀਂ ਉਹ ਸਦੀਵੀਂ ਵੈਰਾਗਮਈ ਪੱਤਝੜ ਦੀ ਪਾਜੇਬ ਛਣਕਾ ਹੋਣੀ ਦੇ ਸਮੁੰਦਰ ਦੀ ਭਾਫ਼ ਬਣ ਕੇ ਦੂਰ ਅਸਮਾਨੀ ਪਰਬਤੀਂ ਜਾ ਚੜ੍ਹਿਆ ਤੇ ਪਿੱਛੇ ਛੱਡ ਗਿਆ ਪਛਤਾਵਿਆਂ ਦੇ ਹਨੇਰੇ ਵਿਚ ਸੁਲਗਦੀ ਵਰਣਮਾਲਾ।

ਸੁਰਜੀਤ ਪਾਤਰ ਪੰਜਾਬੀ ਸਾਹਿਤ ਦੀ ਦੁਨੀਆ ਦਾ ਉਹ ਸਥਿਰ ਨਾਂ ਹੈ ਜੋ ਥੋੜ੍ਹੇ ਸ਼ਬਦਾਂ ਚ ਵੱਡੀ ਗੱਲ ਕਹਿਣ ਦੀ ਸਮਰੱਥਾ ਰੱਖਦਾ ਹੈ।ਉਹ ਸਾਹਿਤ ਦਾ ਅਜਿਹਾ ਵਿਸ਼ਾਲ ਸਮੁੰਦਰ ਹੈ ਜਿਸ ਦੇ ਬਾਰੇ ਲਿਖਣ ਲੱਗਿਆਂ ਕਾਗਜਾਂ,ਕਲਮਾਂ ਅਤੇ ਸਿਆਸੀ ਦੀ ਥੋੜ੍ਹ ਜਾਪਦੀ ਹੈ। ਜੇ ਦੂਜੇ ਪਾਸੇ ਦੇਖਿਆ ਜਾਵੇ ਤਾਂ ਉਸਦੇ ਬਾਰੇ ਲਿਖਣਾ ਸੂਰਜ ਨੂੰ ਦੀਵਾ ਦਿਖਾਉਣ ਵਾਲੀ ਗੱਲ ਹੋਵੇਗੀ। ਕਿਉਂਕਿ ਉਸ ਵਲੋਂ ਪੰਜਾਬੀਅਤ ਦੀ ਸਰਜ਼ਮੀਨ ਤੇ ਲਿਖੀ ਹਨੇਰੇ ਵਿਚ ਸੁਲਗਦੀ ਵਰਨਮਾਲਾ ਲ਼ਫ਼ਜ਼ਾਂ ਦੀ ਦਰਗਾਹ ਤੇ ਚੰਨ ਸੂਰਜ ਦੀ ਵਹਿੰਗੀ ਚੱਕੀ ਹੋਈ ਉਸ ਸੂਖਮ ਸ਼ਖ਼ਸੀਅਤ ਦੀ ਪਹਿਚਾਣ ਕਰਵਾਉਂਦੀ ਨਜ਼ਰ ਆਉਂਦੀ ਹੈ। ਸੁਰਜੀਤ ਪਾਤਰ ਸਰੀਰਕ ਤੌਰ ਤੇ ਨਾ ਹੁੰਦਾ ਹੋਇਆ ਵੀ ਆਪਣੀ ਸਾਰਥਕ ਲਿਖਤ ਦੇ ਨਾਲ ਅੱਜ ਵੀ ਆਪਣੇ ਸਰੋਤਿਆਂ ਅਤੇ ਪਾਠਕਾਂ ਦੇ ਮਨਾਂ ਨੂੰ ਉਜਾਗਰਤਾ ਪ੍ਰਦਾਨ ਕਰਦਾ ਆ ਰਿਹਾ ਹੈ।ਪੜ੍ਹਨ ਵਾਲਾ ਹਰ ਇੱਕ ਵੱਡਾ ਛੋਟਾ ਸ਼ਾਇਰ ਉਸ ਦੀ ਕਲਾ ਦਾ ਕਾਇਲ ਹੈ। ਪਾਤਰ ਸਾਬ ?ਹ ਨੇ ਆਪਣੇ ਸਹਿਜ ਸੁਭਾਅ ਮੁਤਾਬਕ ਸ਼ਬਦਾਂ ਦੀ ਬਣਤਰ ਇਸ ਤਰੀਕੇ ਨਾਲ ਕੀਤੀ ਹੈ ਕਿ ਉਹ ਪੜ੍ਹਨ/ਸੁਣਨ ਵਾਲੇ ਦੇ ਮਨਾਂ ਨੂੰ ਸਿੱਧਾ ਟੁੰਬਦੀ ਹੈ। ਦੁਆਬੇ ਖੇਤਰ ਦੇ ਸ਼ਹਿਰ ਜਲੰਧਰ ਦੇ ਪਿੰਡ ਪੱਤੜ ਕਲਾਂ ਚ ਜਨਮੇ ਸੁਰਜੀਤ ਸਿੰਘ ਨੇ ਬਚਪਨ ਵਿੱਚ ਪਹਿਲਾਂ ਆਪਣੇ ਮਾਪੇ ਪਿਤਾ ਸ੍ਰ.ਹਰਭਜਨ ਸਿੰਘ ਅਤੇ ਮਾਤਾ ਗੁਰਬਖਸ਼ ਕੌਰ ਦੇ ਵਿਹੜੇ ਨੂੰ ਖ਼ੁਸ਼ੀਆਂ ਨਾਲ ਰੁਸ਼ਨਾਇਆ ਫਿਰ ਜਵਾਨ ਹੋਣ ਤੋਂ ਬਾਅਦ ਆਪਣੀ ਕਲਾਕ੍ਰਿਤ ਦੇ ਨਾਲ ਆਪਣੇ ਜੀਵਨ ਦੀਆਂ ਰਾਹਾਂ ਨੂੰ ਰੋਸ਼ਨ ਕੀਤਾ। ਪੰਜਾਬੀਅਤ ਨੂੰ ਦੁਨੀਆ ਭਰ ਵਿੱਚ ਰੁਸ਼ਨਾਉਣ ਵਾਲਾ ਸੁਰਜੀਤ ਪਾਤਰ ਪੰਜਾਬ ਦਾ ਹੀ ਨਹੀਂ ਬਲਕਿ ਪੂਰੇ ਭਾਰਤਵਰਸ਼ ਦਾ ਲਾਡਲਾ ਮਾਂ -ਬੋਲੀ ਪੰਜਾਬੀ ਦਾ ਸ਼ਾਇਰ ਹੈ। ਮੁੱਢਲੀ ਪੜ੍ਹਾਈ ਪਿੰਡ ਪੱਤੜ ਕਲਾਂ ਤੋਂ ਸ਼ੁਰੂ ਕਰਨ ਵਾਲੇ ਸੁਰਜੀਤ ਸਿੰਘ ਨੇ ਕਪੂਰਥਲਾ ਦੇ ਸਰਕਾਰੀ ਕਾਲਜ ਰਣਧੀਰ ਤੋਂ ਬੀ.ਏ. ਅਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਐਮ. ਏ. ਕਰਨ ਤੋਂ ਬਾਅਦ ਗੁਰੂ ਨਾਨਕ ਦੇਵ ਯੂਨੀਵਰਿਸਟੀ, ਅੰਮ੍ਰਿਤਸਰ ਪੀ.ਐਚ. ਡੀ. ਦੀ ਉਚੇਰੀ ਸਿੱਖਿਆ ਡਿਗਰੀ ਪ੍ਰਾਪਤ ਕੀਤੀ। ਆਪਣੀਆਂ ਕਾਵਿ ਰਚਨਾਵਾਂ ਤੇ ਹੋਰ ਕਾਰਜ ਲਈ ਆਪਣੇ ਨਾਂ ਦੇ ਨਾਲ ਪੱਤੜ ਲਿਖਣ ਵਾਲੇ ਸੁਰਜੀਤ ਸਿੰਘ ਨੇ ਪ੍ਰਸਿੱਧ ਨਾਟਕਕਾਰ ਤੇ ਆਪਣੇ ਅਧਿਆਪਕ ਗੁਰੂ 'ਸੁਰਜੀਤ ਸਿੰਘ ਸੇਠੀ' ਦੇ ਕਹਿਣ 'ਤੇ ਪਾਤਰ ਨਾਂ ਦਾ ਤਖੱਲਸ ਵਰਤਿਆ ਜਿਸ ਨੇ ਦੁਨੀਆ ਭਰ ਵਿੱਚ ਪ੍ਰਸਿੱਧਤਾ ਹਾਸਿਲ ਕੀਤੀ। ਪਾਤਰ ਸਾਬ ?ਹ ਨੇ ਸਾਲ 1969 ਵਿੱਚ ਆਪਣੇ ਜੀਵਨ ਦੀ ਆਰੰਭਤਾ ਵਿੱਚ ਬਾਬਾ ਬੁੱਢਾ ਕਾਲਜ ਬੀੜ ਸਾਹਿਬ,ਅੰਮ੍ਰਿਤਸਰ ਵਿਖੇ ਲੈਕਚਰਾਰ ਵਜੋਂ ਆਪਣੀ ਨੌਕਰੀ ਦੀ ਸ਼ੁਰੂਆਤ ਕੀਤੀ।ਉਸ ਤੋਂ ਬਾਅਦ ਉਹ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਵਿੱਚ ਅਧਿਆਪਕ ਵਜੋਂ ਨਿਯੁਕਤ ਹੋ ਗਏ ਅਤੇ ਇਥੋਂ ਹੀ ਪੰਜਾਬੀ ਦੇ ਪ੍ਰੋਫ਼ੈਸਰ ਦੇ ਤੌਰ 'ਤੇ ਸੇਵਾਮੁਕਤ ਹੋਏ।ਪੇਂਡੂ ਵਾਤਾਵਰਨ ਵਿੱਚ ਜੰਮੇ ਪਲੇ ਤੇ ਵਿਦਿਆ ਪ੍ਰਾਪਤ
ਕਰਨ ਵਾਲੇ ਪਾਤਰ ਸਾਬ ?ਹ ਨੇ ਸ਼ੁਰੂਆਤੀ ਦੇ ਦਿਨਾਂ ਵਿੱਚ ਆਪਣੇ ਸਨੇਹੀਆਂ ਨਾਲ ਮਿਲ ਕੇ 'ਕੋਲਾਜ਼' ਨਾਂ ਦਾ ਕਾਵਿ ਸੰਗ੍ਰਹਿ ਪ੍ਰਕਾਸ਼ਿਤ ਕਰਵਾਇਆ। ਸਿਰੜੀ ਅਤੇ ਖੁੱਲੇ ਡੁੱਲੇ ਸੁਭਾਅ ਵਾਲੇ ਪਾਤਰ ਸਾਬ ?ਹ ਨੇ ਆਪਣੀ ਗਹਿਰੀ ਤੇ ਦੂਰ-ਅੰਦੇਸ਼ੀ ਸੋਚ ਦੇ ਨਾਲ ਮਾਂ-ਬੋਲੀ ਦੀ ਸੇਵਾ ਵਿੱਚ ਸਾਹਿਤਕ ਦੀ ਰਾਹੇ ਚੱਲਦਿਆਂ ਅਨੇਕਾਂ ਹੀ ਪੁਸਤਕਾਂ ਸਾਹਿਤ ਦੀ ਝੋਲੀ ਪਾਈਆਂ ਜਿਵੇਂ ਕਿ:-ਹਵਾ ਵਿੱਚ ਲਿਖੇ ਹਰਫ਼, ਬਿਰਖ ਅਰਜ਼ ਕਰੇ ,ਹਨੇਰੇ ਵਿੱਚ ਸੁਲਗਦੀ ਵਰਨਮਾਲਾ,ਲ਼ਫ਼ਜ਼ਾਂ ਦੀ ਦਰਗਾਹ,ਪਤਝੜ ਦੀ ਪਾਜ਼ੇਬ,ਸੁਰ-ਜ਼ਮੀਨ ਅਤੇ ਚੰਨ ਸੂਰਜ ਵਰਗੀਆਂ ਹੋਰ ਵੀ ਅਨੁਵਾਦਿਤ ਪੁਸਤਕਾਂ ।ਆਪਣੇ ਵਡਮੁੱਲੇ ਤੇ ਗਹਿਰੇ ਸ਼ਬਦਾਂ ਦੇ ਨਾਲ ਮਾਂ -
ਬੋਲੀ ਪੰਜਾਬੀ ਦੀ ਸੇਵਾ ਕਰਨ ਵਾਲੇ ਇਸ ਸਾਹਿਤ ਦੇ ਮਹਾਂਰਥੀ ਨੂੰ ਸਾਹਿਤਕ ਸਭਾਵਾਂ ਵਲੋਂ ਸਾਲ 2002 ਵਿੱਚ ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਦਾ ਪ੍ਰਧਾਨ ਨਿਯੁਕਤ ਕੀਤਾ ਗਿਆ। ਜਿਸ ਦੇ ਚੱਲਦਿਆਂ ਇਨ੍ਹਾਂ ਨੇ ਆਪਣੀ 6-7 ਸਾਲ ਦੀ ਲੰਮੀ ਸੇਵਾ ਦੌਰਾਨ ਆਪਣੀ ਸਾਹਿਤਕ ਸਰਗਰਮੀਆਂ ਦੇ ਨਾਲ ਇਸ
ਅਕਾਦਮੀ ਨੂੰ ਸਾਹਿਤ ਦੇ ਮੱਕੇ ਵਜੋਂ ਉੱਪਸਥਿਤ ਕੀਤਾ। ਆਪਣੀ ਲਿਖਤ ਦੇ ਵਿੱਚ ਸਮੇਂ ਦੀ ਚੇਤਨਾ ਨੂੰ ਮਾਨਵਵਾਦੀ, ਬੇਇਨਸਾਫੀ ਤੇ ਸਮਾਜਿਕ ਜਟਿਲ ਸਮੱਸਿਆਵਾਂ ਨੂੰ ਪਾਰਦਰਸ਼ੀ ਰੂਪ ਵਿਚ ਕਲਮਬੰਦ ਕਰਨ ਵਾਲਾ ਸੁਰਜੀਤ ਪਾਤਰ ਇੱਕ ਪ੍ਰਸਿੱਧ ਗ਼ਜ਼ਲਗੋ ਸਥਾਪਤ ਹੋਇਆ। ਸੂਖਮ ਭਾਵਾਂ ਵਾਲੇ ਇਨ੍ਹਾਂ ਦੀ ਗ਼ਜ਼ਲ ਦਾ ਹਰ ਇੱਕ ਸ਼ੇਅਰ ਮੁਨੱਖੀ ਮਨ ਦੀ ਤਪਸ਼ ਨੂੰ ਭਾਵਨਾਤਮਿਕ ਤੌਰ ਤੇ ਝੰਜੋੜਦਾ ਹੈ। ਫਰਾਸੀ ਭਾਸ਼ਾ ਦਾ ਪ੍ਰਭਾਵਸ਼ਾਲੀ ਅਸਰ ਦਿਖਾਉਣ ਵਾਲੀ ਉਰਦੂ ਗ਼ਜ਼ਲ ਤੇ ਮਾਂ-ਬੋਲੀ ਪੰਜਾਬੀ ਦਾ ਮਨਮੋਹਕ ਰੰਗ ਚੜਾਉਣ ਦਾ ਸਿਹਰਾ ਵੀ ਇਨ੍ਹਾਂ ਸਿਰ ਬੱਝਦਾ ਹੈ।ਜਿਵੇਂ ਕਿ:- "ਕੁਛ ਕਿਹਾ ਤਾਂ ਹਨੇਰਾ ਜਰੇਗਾ ਕਿਵੇਂ, ਚੁੱਪ ਰਿਹਾ ਤਾਂ ਸ਼ਮਾਂਦਾਨ ਕੀ ਕਹਿਣਗੇ÷।

ਸਰੂਪ ਸਿੰਘ ਚੌਧਰੀ ਮਾਜਰਾ (ਨਾਭਾ)
99886-27880

ਪੰਜਾਬੀ ਗ਼ਜ਼ਲ ਨੂੰ ? ਰਾਗਆਤਮਿਕਤਾ ਦੇ ਕੇ ਉਸ ਦੇ ਘੇਰੇ ਨੂੰ ਵਧਾਉਣ ਵਾਲੇ ਪਾਤਰ ਸਾਬ ?ਹ ਨੂੰ ਪੰਜਾਬ ਸਰਕਾਰ ਵੱਲੋਂ ਸਾਲ 2013 ਵਿੱਚ ਪੰਜਾਬ ਸਾਹਿਤ ਅਕਾਡਮੀ, ਚੰਡੀਗੜ੍ਹ ਦਾ ਪ੍ਰਧਾਨ ਨਾਮਜ਼ਦ ਕੀਤਾ ਗਿਆ ਅਤੇ ਇਸੇ ਸਾਲ ਹੀ 2013 ਵਿੱਚ ਫ਼ਤਹਿਗੜ ਸਾਹਿਬ ਵਿਖੇ ਗੁਰੂ ਗ੍ਰੰਥ ਸਾਹਿਬ ਵਰਲਡ ਸਿੱਖ ਯੂਨੀਵਰਸਿਟੀ ਦੇ ਵਿਜ਼ਿਟਿੰਗ ਪ੍ਰੋਫ਼ੈਸਰ ਵਜੋਂ ਵੀ ਨਿਯੁਕਤ ਕੀਤਾ ਗਿਆ।ਆਪਣੀਆਂ ਜੜ੍ਹਾਂ ਨਾਲ ਜੁੜਿਆ ਹੋਇਆ ਸੁਰਜੀਤ ਪਾਤਰ ਇੱਕ ਸੁਚਾਰੂ ਰਾਜਨੀਤਿਕ ਅਤੇ ਜਿੰਮੇਵਾਰ ਇਤਿਹਾਸਿਕ ਸੋਝੀ ਰੱਖਣ ਵਾਲਾ ਸਾਹਿਤਕਾਰ,ਲੇਖਕ,ਤੇ ਕਵੀ ਹੈ।ਉਹ ਆਧੁਨਿਕ ਸਾਹਿਤ ਦੇ ਖੇਤਰ ਵਿੱਚ ? ਪੰਜਾਬੀ
ਕਵਿਤਾ ਦੇ ਰੂਪ ਵਿੱਚ ਉਹ ਸਭ ਤੋਂ ਵੱਧ ਪੜਿਆ ਤੇ ਸਤਿਕਾਰਿਆ ਜਾਣ ਵਾਲਾ ਪ੍ਰਸਿੱਧ ਤੇ ਚਰਚਿਤ ਸ਼ਾਇਰ ਹੈ। ਸੁਰਜੀਤ ਪਾਤਰ ਦੀਆਂ ਕਾਵਿਕ ਰਚਨਾਵਾਂ ਵਿੱਚ ਪ੍ਰਗਤੀ, ਪਿਆਰ ਅਤੇ ਉੱਦਾਤ ਜ਼ਿੰਦਗੀ ਦਾ ਖ਼ੂਬਸੂਰਤ, ਨਵਾਂ, ਸੁਚੱਜਾ ਤੇ ਉਚੇਰਾ ਸੰਤੁਲਨ ਹੈ। ਉਸ ਦੀ ਲੋਕ-ਪ੍ਰਿਅਤਾ ਇੰਨੀ ਹੈ ਕਿ ਉਸ ਦੀ ਕਵਿਤਾ ਲੋਕ ਮਨ ਦੇ ਇੰਨੀ ਨੇੜੇ ਹੈ ਕਿ ਇਹ ਨਾ ਸਿਰਫ਼ ਟੁੰਬਵਾਂ ਸੁਹਜ ਅਨੰਦ ਦੇਣ ਯੋਗ ਹੈ, ਸਗੋਂ ਲੋਕ ਗੀਤਾਂ ਵਾਂਗ ਕੰਠ ਵੀ ਆਪ ਮੁਹਾਰੇ ਹੋ ਜਾਂਦੀ ਹੈ।ਪਾਤਰ ਸਾਬ ?ਹ ਨੇ ਕਵਿਤਾ, ਗੀਤ ਅਤੇ ਗ਼ਜ਼ਲ ਤਿੰਨੋਂ ਕਾਵਿ ਰੂਪਾਕਾਰਾਂ ਵਿੱਚ ਰਚਨਾ ਕੀਤੀ ਹੈ। ਉਹ ਪੰਜਾਬ ਦੀ ਰੂਹ ਨੂੰ ਜਾਣਦੇ ਸੀ । ਉਹ ਪੰਜਾਬ ਦੇ ਅਤੀਤ ਅਤੇ ਵਰਤਮਾਨ ਦਾ ਇੱਕ ਇਤਿਹਾਸਕਾਰ ਪੰਜਾਬੀ ਲੇਖਕ ਤੇ ਸਿਰਮੌਰ ਕਵੀ ਸੀ ਜਿਸ ਨੇ ਦਰਦ, ਸੰਘਰਸ਼ ਅਤੇ ਸੰਤਾਪ ਨੂੰ ਮਹਿਸੂਸ ਕਰ ਕੇ ਲੋਕਾਈ ਦੇ ਦੁੱਖ-ਤਕਲੀਫਾਂ ਨੂੰ ਇਸ ਤਰ੍ਹਾਂ ਬਿਆਨ ਕੀਤਾ। ਜਿਵੇਂ ਕਿ:-÷ਦੁਨੀਆਂ ਨੇ ਵਸਦੀ ਰਹਿਣਾ ਏਂ ਸਾਡੇ ਬਗੈਰ ਵੀ ਤੂੰ ਐਵੇਂ ਤਪਿਆ, ਤੜਪਿਆ ਤੇ ਉਲਝਿਆ ਨ ਕਰ÷

ਡਾ.ਸੁਰਜੀਤ ਪਾਤਰ ਯਥਾਰਥ ਦੇ ਪਸਾਰੇ ਨੂੰ ਵਿਰੋਧ ਵਿਚ ਸਮੇਟਦਾ ਹੋਇਆ ਲਿਖਦਾ ਹੈ ਕਿ:-ਕਦੀ ਬੰਦਿਆਂ ਦੇ ਵਾਂਗੂ ਸਾਨੂੰ ਮਿਲਿਆ ਵੀ ਕਰ,ਐਵੇਂ ਲੰਘ ਜਾਨੈ ਪਾਣੀ ਕਦੇ ਵਾ ਬਣ ਕੇ

ਕਵੀ ਸ਼ਾਇਰ ਗ਼ਜ਼ਲਕਾਰ ਅਤੇ ਲੇਖਕਾਂ ਵਿਚੋਂ ਡਾ. ਸੁਰਜੀਤ ਪਾਤਰ ਪੰਜਾਬੀ ਦੇ ਇੱਕ ਅਜਿਹੇ ਹਰਮਨ ਪਿਆਰੇ ਤੇ ਸਤਿਕਾਰਤ ਕਵੀ ਰਹੇ ਹਨ ਜਿਨ੍ਹਾਂ ਦੀਆਂ ਕਵਿਤਾਵਾਂ ਵਿੱਚ ਮਨੁੱਖੀ ਜਜ਼ਬਾਤਾਂ, ਸਮਾਜਿਕ ਸੱਚਾਈਆਂ ਅਤੇ ਜ਼ਿੰਦਗੀ ਦੇ ਫਲਸਫੇ ਨੂੰ ਡੂੰਘਾਈ ਨਾਲ ਬਿਆਨਿਆ ਗਿਆ ਹੈ। ਜਿਸ ਵਿੱਚ ਰਿਸ਼ਤਿਆਂ ਦੀ ਗਹਿਰਾਈ ਮਿਲਦੀ ਹੈ ਜੋ ਦਿਲਾਂ ਨੂੰ ਛੂਹ ਲੈਣ ਵਾਲੀ ਸ਼ਬਦਾਵਲੀ ਨਾਲ ਭਰਪੂਰ ਹੁੰਦੀਆਂ ਹਨ ।ਡਾ.ਸੁਰਜੀਤ ਪਾਤਰ ਨੇ ਆਧੁਨਿਕ ਪੰਜਾਬੀ ਸਾਹਿਤ ਵਿੱਚ ਆਪਣੀਆਂ ਸੰਵੇਦਨਸ਼ੀਲ ਕਵਿਤਾਵਾਂ ਅਤੇ ਗ਼ਜ਼ਲਾਂ ਤੇ ਗੀਤਾਂ ਰਾਹੀਂ ਪੰਜਾਬ ਦੀ ਸਮਾਜਿਕ-ਸੱਭਿਆਚਾਰਕ ਸਥਿਤੀ, ਮਨੁੱਖੀ ਸੰਘਰਸ਼ ਅਤੇ ਬਦਲਦੇ ਦੌਰ ਦੀਆਂ ਚੁਣੌਤੀਆਂ ਨੂੰ ਬਹੁਤ ਹੀ ਖ਼ੂਬਸੂਰਤ ਸ਼ਬਦਾਂ ਵਿੱਚ ਬਿਆਨ ਕੀਤਾ। ਜਿਵੇਂ ਕਿ :-
÷ਮੈਂ ਰਾਹਾਂ ਤੇ ਨਹੀਂ ਤੁਰਦਾ ਮੈਂ ਤੁਰਦਾ ਹਾਂ ਤਾਂ ਰਾਹ ਬਣਦੇ,ਯੁਗਾਂ ਤੋਂ ਕਾਫਲੇ ਆਉਂਦੇ ਇਸੇ ਸੱਚ ਦੇ ਗਵਾਹ ਬਣਦੇ।÷

ਪੰਜਾਬੀ ਸਾਹਿਤ ਦੇ ਖੇਤਰ ਵਿੱਚ ਸਭ ਤੋਂ ਮਕਬੂਲ ਅਤੇ ਪ੍ਰਭਾਵਸ਼ਾਲੀ ਕਵੀ, ਗ਼ਜ਼ਲਕਾਰ ਅਤੇ ਲੇਖਕ ਰਹੇ ਹਨ ਜਿਨ੍ਹਾਂ ਨੇ ਆਪਣੀਆਂ ਸੰਵੇਦਨਸ਼ੀਲ ਲਿਖਤਾਂ ਅਤੇ ਡੂੰਘੇ ਵਿਚਾਰਾਂ ਨਾਲ ਪੰਜਾਬੀ ਮਾਂ-ਬੋਲੀ ਨੂੰ ਅੰਤਰਰਾਸ਼ਟਰੀ ਪੱਧਰ 'ਤੇ ਇੱਕ ਨਿਵੇਕਲੀ ਪਛਾਣ ਦਿਵਾਈ।ਉਨ੍ਹਾਂ ਦੀਆਂ ਲਿਖਤਾਂ ਜ਼ਿੰਦਗੀ, ਸਮਾਜ, ਭਾਵਨਾਵਾਂ ਅਤੇ ਪੰਜਾਬੀ ਸੱਭਿਆਚਾਰ ਦੀ ਡੂੰਘੀ ਤਰਜਮਾਨੀ ਕਰਦੀਆਂ ਹਨ।
ਉਦਾਸੀ, ਬੇਗਾਨਗੀ, ਅਣਹੋਂਦ, ਅਧੂਰੀ ਹੋਂਦ, ਜ਼ਖ਼ਮੀ ਹੋਂਦ ਦੇ ਅਜਿਹੇ ਮਾਰਮਕ ਚਿੱਤਰ ਉਸ ਦੀ ਕਵਿਤਾ ਵਿੱਚ ਹਾਜ਼ਰ ਹਨ ਜੋ ਸਦਾ ਲਈ ਜਿਉਂਦੀਆਂ ਰਹਿਣਗੀਆਂ।
ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੇ ਯਥਾਰਥਵਾਦੀ ਕਵੀ, ਲੇਖਕ ਤੇ ਸਾਹਿਤਕਾਰ ਡਾ. ਸੁਰਜੀਤ ਪਾਤਰ ਨੂੰ ਮਾਂ -ਬੋਲੀ ਪੰਜਾਬੀ ਦੀ ਸੇਵਾ ਵਿਚ ਆਪਣੀ ਪਾਏਦਾਰ ਲਿਖਤ ਦੇ ਪਾਏ ਵਡਮੁੱਲੇ ਯੋਗਦਾਨ ਦੇ ਸਦਕੇ ਸਮੇਂ ਸਮੇਂ ਸਰਕਾਰਾਂ ਵਲੋਂ ਅਨੇਕਾਂ ਸਨਮਾਨਾਂ ਨਵਾਜਿਆ ਗਿਆ ਜਿਵੇਂ ਕਿ:- 1993 ਵਿੱਚ ÷ਹਨੇਰੇ ਵਿੱਚ ਸੁਲਗਦੀ ਵਰਨਮਾਲਾ÷ ਲਈ ਸਾਹਿਤ ਅਕਾਦਮੀ,
1997 ਵਿੱਚ ਭਾਸ਼ਾ ਵਿਭਾਗ ਪੰਜਾਬ ਵੱਲੋਂ 'ਸ਼੍ਰੋਮਣੀ ਪੰਜਾਬੀ ਕਵੀ' ਸਨਮਾਨ (ਜੋ ਬਾਅਦ ਵਿੱਚ ਕਿਸਾਨੀ ਅੰਦੋਲਨ ਸਮੇਂ ਵਾਪਸ ਕਰ ਦਿੱਤਾ ਗਿਆ)1999 ਵਿੱਚ ÷ਭਾਰਤੀ ਭਾਸ਼ਾ ਪਰੀਸ਼ਦ ਕਲਕੱਤਾ÷ ਵਲੋਂ ਪੰਚਨਾਦ, 2012 ਵਿਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ ਡਾਕਟਰ ਆਫ਼ ਫ਼ ?ਲਾਸਫ਼ੀ ਆਨਰਜ਼ ਕਾਜ਼ਾ (ਆਨਰੇਰੀ) ਦੀ ਉਪਾਧੀ ਨਾਲ ਸਨਮਾਨਿਤ ਅਤੇ ਸਾਲ 2012 ਵਿੱਚ ਹੀ ਭਾਰਤ ਦੇ ਸਰਵ-ਉਚ ਰਾਸ਼ਟਰੀ ਸਨਮਾਨਾਂ ਵਿਚੋਂ ਇਕ ਪਦਮਸ਼੍ਰੀ ਅਤੇ÷ਲ਼ਫ਼ਜ਼ਾਂ ਦੀ ਦਰਗਾਹ÷ ਲਈ ਸਰਸਵਤੀ ਸਨਮਾਨ ਵਰਗੇ ਅਨੇਕਾਂ ਹੋਰ ਸਾਹਿਤਕ ਸੰਸਥਾਵਾਂ ਵਲੋਂ ਸਨਮਾਨ। ਪੰਜਾਬੀ ਸੱਭਿਆਚਾਰ ਮਨੁੱਖੀ ਸੰਵੇਦਨਾ ਅਤੇ ਸਮਾਜਿਕ ਸਰੋਕਾਰਾਂ ਨੂੰ ਬਹੁਤ ਹੀ ਸਰਲ ਅਤੇ ਡੂੰਘੇ ਸ਼ਬਦਾਂ ਵਿੱਚ ਬਿਆਨ ਕਰਨ ਵਾਲਾ ਪੰਜਾਬੀਅਤ ਦਾ ਇਹ ਪ੍ਰਸਿੱਧ ਸਤਿਕਾਰ, ਕਵੀ, ਗ਼ਜ਼ਲਕਾਰ ਅਤੇ ਲੇਖਕ ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ' ਅਤੇ 'ਪੰਜਾਬ ਕਲਾ ਪਰਿਸ਼ਦ, ਚੰਡੀਗੜ੍ਹ' ਦੇ ਪ੍ਰਧਾਨ/ਚੇਅਰਮੈਨ ਵੀ ਰਹਿ ਚੁੱਕਿਆ ਹੈ। ਪੰਜਾਬੀ ਜ਼ੁਬਾਨ ਦੇ ਮਹਿਨਾਜ ਸ਼ਾਇਰ ਸੁਰਜੀਤ ਪਾਤਰ ਵਾਰਸ ਸ਼ਾਹ ਵਾਂਗ ਪੰਜਾਬੀ ਪਾਠਕਾਂ, ਲੇਖਕਾਂ ਅਤੇ ਸਾਹਿਤਕਾਰਾਂ ਦੇ ਦਿਲਾਂ ਵਿੱਚ ਵੜ ਰਿਹਾ ਹੈ। ਮਾਊਂਟ ਐਵਰੈਸਟ ਚੋਟੀ ਵਾਂਗ ਸਾਹਿਤਕ ਕੱਦ ਉੱਚਾ ਕਰਨ ਵਾਲੇ ਡਾ. ਸੁਰਜੀਤ ਪਾਤਰ ਨੂੰ ਆਧੁਨਿਕ ਸਾਹਿਤ ਦੇ ਖੇਤਰ ਵਿੱਚ ਵਾਰਸਾਹ ਅਤੇ ਸ਼ਿਵ ਕੁਮਾਰ ਬਟਾਲਵੀ ਵਾਂਗ ਸਭ ਤੋਂ ਵੱਧ ਲੋਕ ਪ੍ਰਿਆਤਾ ਪ੍ਰਾਪਤ ਹੈ। ਦੁਆਬੇ ਖੇਤਰ ਦੀ ਸਰਜ਼ਮੀਨ ਤੇ ਜਨਮਿਆਂ ਸੁਰਜੀਤ ਸਿੰਘ ਹੂੰ ਜਣ ਤੋਂ ਬਣਿਆ ਸੁਰਜੀਤ ਪਾਤਰ ਆਪਣੀਆਂ ਸਾਹਿਤਕ ਸੇਵਾਵਾਂ ਦੀ ਮਕਬੂਲਤਾ ਦੇ ਸਦਕੇ ਦੁਨੀਆਵੀ ਕੋਨਿਆਂ ਦੀ ਸੈਰ ਕਰਦਾ ਹੋਇਆ 11 ਮਈ 2024 ਨੂੰ ਆਪਣੇ ਪਰਿਵਾਰਕ ਮੈਂਬਰਾਂ ਸਮੇਤ ਅਨੇਕਾਂ ਹੀ ਮਿੱਤਰ-ਪਿਆਰਿਆਂ, ਸਨੇਹੀਆਂ, ਪਾਠਕਾਂ, ਲੇਖਕ ਤੇ ਕਵੀਆਂ ਨੂੰ ਸਦਾ ਲਈ ਅਲਵਿਦਾ ਕਹਿ ਗਿਆ।

ਸੁਰਜੀਤ ਪਾਤਰ ਭਾਵੇਂ ਸਰੀਰਕ ਤੌਰ ਤੇ ਸਾਡੇ ਕੋਲੋਂ ਹਮੇਸ਼ਾ ਲਈ ਵਿਦਾ ਹੋ ਗਿਆ ਹੈ। ਪਰ ਸੁਰਜੀਤ ਪਾਤਰ ਕੇਵਲ ਇੱਕ ਮਨੁੱਖੀ ਨਾਂ ਹੀ ਨਹੀਂ ਸੀ ਬਲਕਿ ਨਿਮਰਤਾ, ਸੁਹਿਰਦਤਾ, ਸਹਿਣਸ਼ੀਲਤਾ ਸਹਿਜਤਾ ਵਰਗੀਆਂ ਅਨੇਕਾਂ ਚੀਜ਼ਾਂ ਦੇ ਸੁਮੇਲ ਦਾ ਸਾਂਝਾ ਨਾਂ ਹੈ।ਉਹ ਪੰਜਾਬੀਅਤ ਦੀ ਰੂਹ, ਲ਼ਫ਼ਜ਼ਾਂ ਦਾ ਜਾਦੂਗਰ ਤੇ ਸਦੀਵੀਂ ਮਿੱਠਤ ਮੁਸਕਾਨ ਵਾਲੀ ਸੂਖਮ ਸ਼ਖ਼ਸੀਅਤ ਸੀ। ਮੁਸਕਰਾਉਂਦੇ ਚਿਹਰੇ ਵਾਲਾ ਕਲਮ ਦਾ ਧਨੀ ਜਦੋਂ ਸਰਲ-ਸਹਿਜ ਭਾਸ਼ਾ ਵਿੱਚ ਲਿਖਦਾ ਕਿ:-
ਮੈਂ ਤਾਂ ਨਹੀਂ ਰਹਾਂਗਾ ਮੇਰੇ ਗੀਤ ਰਹਿਣਗੇ,
ਪਾਣੀ ਨੇ ਮੇਰੇ ਗੀਤ ਮੈਂ ਪਾਣੀ ਤੇ ਲੀਕ ਹਾਂ

ਤਾਂ ਪੰਜਾਬ ਪੰਜਾਬੀ ਅਤੇ ਪੰਜਾਬੀਅਤ ਦੇ ਦਰਦ ਨੂੰ ਮਹਿਸੂਸ ਕਰਨ ਦੀ ਸ਼ਬਦਾਂ ਚ ਸਮਰੱਥਾ ਰੱਖਣ ਵਾਲਾ ਆਧੁਨਿਕ ਪੰਜਾਬ ਦਾ ਚਿੰਤਕ ਰਚਨਾਕਾਰੀ ਪੱਖੋਂ ਵੱਡਾ ਤੇ ਦੇਖਣ-ਪੱਖਣ ਤੋਂ ਛੋਟਾ ਲੱਗਦਾ ਸੀ। ਮੈਂ ਲੱਭ ਕੇ ਲਿਆਉਣਾ ਕਿਤੋਂ ਕਲਮਾਂ, ਤੂੰ ਫੁੱਲਾਂ ਜੋਗੀ ਜ਼ਮੀਨ ਰੱਖੀਂ ਆਖਣ ਵਾਲੇ ਇਕੀਵੀਂ ਸਦੀ ਦੇ ਸਰਵ-ਸਨਾਮਨਤ ਸ਼ਾਇਰ,ਕਵੀ ਤੇ ਲੇਖਕ ਡਾ. ਸੁਰਜੀਤ ਪਾਤਰ ਵਲੋਂ ਭਾਵੇਂ ਸਰੀਰਕ ਤੋਂਰ ਤੇ ਅੱਜ ਸ਼ਬਦਾਂ ਰਚਨਾਕਾਰੀ ਬੰਦ ਹੋ ਗਈ ਹੈ ਪਰ ਉਹ ਆਪਣੀ ਪਾਏਦਾਰ ਲਿਖਤ ਦੇ ਜ਼ਰੀਏ ਸਾਹਿਤਕ ਸਰਗਰਮੀਆਂ ਵਿੱਚ ਸਦੀਵੀਂ ਜਿਉਂਦਾ ਰਹੇਗਾ।

ਜਦੋਂ ਤੱਕ ਲ਼ਫ਼ਜ਼ ਜਿਊਂਦੇ ਨੇ
ਸੁਖ਼ਨਵਰ ਜਿਓਣ ਮਰ ਕੇ ਵੀ
ਉਹ ਕੇਵਲ ਜਿਸਮ ਹੁੰਦੇ ਨੇ
ਜੋ ਸਿਵਿਆਂ ਵਿੱਚ ਸਵਾਹ ਬਣਦੇ

# ਕਈ ਲਵ ਮੈਰਿਜ ਨੇ ਟੰਗੇ ਮਾਪੇ

ਪਿਆਰ ਦੇ ਚੱਕਰਾਂ 'ਚ ਅੱਜ ਮੁੰਡੇ ਕੁੜੀਆਂ, ਇਸ ਪ੍ਰਕਾਰ ਪਏ ਹੋਏ ਹਨ ਕਿ ਜਿਵੇਂ ਉਹ ਪੰਜਾਬ 'ਚ ਨਹੀਂ, ਬਲਕਿ ਵਿਦੇਸ਼ਾਂ ਦੇ 'ਚ ਰਹਿੰਦੇ ਹੋਣ। ਦੱਸ ਦੇਈਏ ਕਿ ਪੰਜਾਬ ਦੀ ਜਵਾਨੀ ਨੂੰ ਜਿੱਥੇ ਨਸ਼ਿਆਂ ਨੇ ਖਾ ਲਿਆ ਹੈ, ਉੱਥੇ ਹੀ ਝੂਠੇ ਪਿਆਰ ਦੀ ਬਲੀ ਵੀ ਕਈ ਮੁੰਡੇ ਕੁੜੀਆਂ ਚੜ ਜਾਂਦੇ ਹਨ। ਭਾਵੇਂ ਹੀ ਕਈ ਮੁੰਡੇ ਕੁੜੀਆਂ ਦਾ ਪਿਆਰ ਨੇਪਰੇ ਚੜ ਵੀ ਜਾਂਦਾ ਹੈ, ਪਰ.!! ਉਨ੍ਹਾਂ ਦਾ ਪਿਆਰ ਵੀ ਸਿਰੇ ਨਹੀਂ ਲੱਗਦਾ, ਕਿਤੇ ਨਾ ਕਿਤੇ ਰਾਹ ਦੇ ਵਿੱਚ ਰੁਕਾਵਟਾਂ ਬਣ ਹੀ ਜਾਂਦੀਆਂ ਹਨ,



ਜੋ ਕਿ ਮੁੰਡੇ ਕੁੜੀ ਨੂੰ ਪਿਆਰ ਨਾ ਕਰਨ 'ਤੇ ਮਜਬੂਰ ਕਰਦੀਆਂ ਹਨ। ਅੱਜ ਕੱਲ੍ਹ ਕੁੜੀਆਂ ਅਤੇ ਮੁੰਡਿਆਂ ਵੱਲੋਂ ਘਰੋਂ ਭੱਜ ਕੇ ਕੋਰਟਾਂ ਦੇ ਵਿੱਚ ਵਿਆਹ ਕਰਵਾਉਣ ਦਾ ਰਿਵਾਜ ਜ਼ਿਆਦਾ ਚੱਲ ਪਿਆ ਹੈ। ਕੋਰਟ ਦੇ ਵਿੱਚ ਜਿੱਥੇ ਕੁੜੀ ਮੁੰਡਾ ਵਿਆਹ ਕਰਵਾ ਕੇ ਸਰਟੀਫਿਕੇਟ ਹਾਸਲ ਕਰ ਲੈਂਦੇ ਹਨ, ਉੱਥੇ ਹੀ ਜੱਜ ਸਾਹਿਬ ਤੋਂ ਸੁਰੱਖਿਆ ਦੀ ਮੰਗ ਕਰ ਲੈਂਦੇ ਹਨ ਤਾਂ ਜੋ ਮਾਪੇ ਜਾਂ ਫਿਰ ਉਨ੍ਹਾਂ ਦੇ ਰਿਸ਼ਤੇਦਾਰ, ਉਨ੍ਹਾਂ 'ਤੇ ਹਮਲੇ ਆਦਿ ਨਾ ਕਰਵਾ ਸਕਣ। ਭਾਵੇਂ ਹੀ ਮੁੰਡੇ ਕੁੜੀਆਂ ਦੇ ਵਿੱਚ ਪਿਆਰ ਮੁਹੱਬਤ ਬਹੁਤੇ ਮਾਪਿਆਂ ਨੂੰ ਪਸੰਦ ਨਹੀਂ ਹੁੰਦੀ, ਪਰ ਬਹੁਤ ਸਾਰੇ ਮਾਪੇ ਅਜਿਹੇ ਵੀ ਹਨ, ਜੋ ਕਿ ਮੁੰਡੇ ਕੁੜੀ ਦੇ ਪਿਆਰ ਨੂੰ ਸਹੀ ਅਤੇ ਸੱਚਾ ਮੰਨਦੇ ਹੋਏ, ਉਨ੍ਹਾਂ ਦਾ ਖ਼ੁਸ਼ੀ ਖ਼ੁਸ਼ੀ ਵਿਆਹ ਕਰ ਦਿੰਦੇ ਹਨ। ਦੱਸ ਦੇਈਏ ਕਿ ਜਦੋਂ ਕੁੜੀ ਮੁੰਡਾ ਘਰੋਂ ਭੱਜ ਜਾਂਦੇ ਹਨ ਤਾਂ ਕੁੜੀ ਵਾਲਿਆਂ ਦੇ ਵੱਲੋਂ ਮੁਕੱਦਮਾ ਦਰਜ ਮੁੰਡੇ ਵਾਲਿਆਂ 'ਤੇ ਕਰਵਾ ਦਿੱਤਾ ਜਾਂਦਾ ਹੈ। ਮੁਕੱਦਮਾ ਵੀ ਇਕੱਲੇ ਮੁੰਡੇ 'ਤੇ ਨਹੀਂ, ਬਲਕਿ ਉਸ ਦੇ ਦੋਸਤਾਂ ਤੋਂ ਇਲਾਵਾ ਮੁੰਡੇ ਦੇ ਮਾਪਿਆਂ ਉੱਪਰ ਵੀ ਹੋ ਜਾਂਦਾ ਹੈ। ਜਿਸ ਦੇ ਕਾਰਨ ਮੁੰਡੇ ਦੀਆਂ ਗ਼ਲਤੀਆਂ ਦਾ ਨਤੀਜਾ ਉਸ ਦੇ ਮਾਪਿਆਂ ਤੋਂ ਇਲਾਵਾ ਕਰੀਬੀ ਦੋਸਤਾਂ ਨੂੰ ਹੀ ਭੁਗਤਣਾ ਪੈਂਦਾ ਹੈ। ਕਈ ਵਾਰ ਤਾਂ ਮੁੰਡੇ ਵਾਲਿਆਂ ਤੋਂ ਕੁੜੀ ਵਾਲੇ ਇਸ ਕਦਰ ਨਰਾਜ਼ ਹੋ ਜਾਂਦੇ ਹਨ, ਕਿ ਉਹ ਮੁੰਡੇ ਵਾਲਿਆਂ 'ਤੇ ਹਮਲੇ ਵੀ ਕਰ ਦਿੰਦੇ ਹਨ। ਦਰਅਸਲ, ਬਹੁਤ ਸਾਰੇ ਮਾਮਲਿਆਂ ਦੇ ਵਿੱਚ ਕੁੜੀ ਜਦੋਂ ਆਪਣੇ ਕਿਸੇ ਪ੍ਰੇਮੀ ਦੇ ਨਾਲ ਫ਼ਰਾਰ ਹੋ ਜਾਂਦੀ ਹੈ ਤਾਂ ਕੁੜੀ ਦਾ ਪਿਓ, ਮਾਂ, ਭਰਾ ਤੇ ਭੈਣ ਆਦਿ ਟੁੱਟ ਜਾਂਦੇ ਹਨ। ਇਨ੍ਹਾਂ ਵਿੱਚੋਂ ਕਿਸੇ ਨਾ ਕਿਸੇ ਦੇ ਦਿਮਾਗ਼ ਵਿੱਚ ਕੁਝ ਨਾ ਕੁਝ ਚਲਦਾ ਹੀ ਰਹਿੰਦਾ ਹੈ ਕਿ ਮੁੰਡੇ ਕੁੜੀ ਨੂੰ ਮਾਰ ਹੀ ਦੇਣਾ ਹੈ। ਕਈ ਵਾਰ ਤਾਂ ਕੁੜੀ ਮੁੰਡੇ ਦੋਵਾਂ ਨੂੰ ਹੀ ਮਾਰ ਮੁਕਾ ਦਿੱਤਾ ਜਾਂਦਾ ਹੈ ਅਤੇ ਕਈ ਵਾਰ ਕੁੜੀ ਨੂੰ ਬਚਾਉਂਦਿਆਂ ਹੋਇਆ ਕੁੜੀ ਦੇ ਮਾਪਿਆਂ ਦੇ ਵੱਲੋਂ ਮੁੰਡੇ ਨੂੰ ਮੌਤ ਦੀ ਘਾਟ ਉਤਾਰ ਕੇ ਆਪਣੀ ਕੁੜੀ ਦਾ ਰਿਸ਼ਤਾ ਕਿਤੇ ਹੋਰ ਤਹਿ ਕਰ ਦਿੱਤਾ ਜਾਂਦਾ ਹੈ। ਜ਼ਿਆਦਾਤਰ ਕੇਸਾਂ ਦੇ ਵਿੱਚ ਕੁੜੀ ਦੇ ਮਾਪੇ ਪ੍ਰੇਸ਼ਾਨ ਹੋਣ ਤੋਂ ਇਲਾਵਾ ਸ਼ਰਮ ਮਹਿਸੂਸ ਕਰਦਿਆਂ ਸਬੰਧਿਤ ਥਾਣੇ ਦੀ ਪੁਲਿਸ ਤੱਕ ਪਹੁੰਚ ਹੀ ਨਹੀਂ ਕਰਦੇ ਕਿ ਉਨ੍ਹਾਂ ਦੀ ਕੁੜੀ ਕਿਸੇ ਮੁੰਡੇ ਦੇ ਨਾਲ ਭੱਜ ਗਈ ਹੈ। ਕਿਉਂਕਿ ਮਾਪਿਆਂ ਦੀ ਪੱਗ 'ਤੇ ਕੁੜੀ ਦੁਆਰਾ ਲਗਾਇਆ ਗਿਆ ਦਾਗ਼ ਹਮੇਸ਼ਾ ਹੀ ਰਹਿੰਦਾ ਹੈ ਅਤੇ ਕੁੜੀ ਦੇ ਘਰੋਂ ਭੱਜ ਜਾਣ 'ਤੇ ਮਾਪੇ ਆਪਣੇ ਆਪ ਨੂੰ ਮਰਿਆ ਹੋਇਆ ਹੀ ਮਹਿਸੂਸ ਕਰਦੇ ਹਨ। ਕਈ ਵਾਰ ਤਾਂ ਕੁੜੀ ਦੇ ਘਰੋਂ ਭੱਜ ਕੇ ਕੋਰਟ ਮੈਰਿਜ ਕਰਵਾਉਣ ਤੋਂ ਦੁਖੀ ਪਿਤਾ, ਭਰਾ ਜਾਂ ਫਿਰ ਮਾਂ ਸ਼ਰਮ ਮਹਿਸੂਸ ਕਰਦਿਆਂ ਖ਼ੁਦਕੁਸ਼ੀ ਹੀ ਕਰ ਲੈਂਦੇ ਹਨ।

ਰਮਿੰਦਰ ਕੌਰ ਮੁਲਤਾਨੀ




ਸਿਆਸਤ ਵਿੱਚ ਪੁਰਸ਼ਾਂ ਦੀ ਸਰਦਾਰੀ ਚੱਲੀ ਆ ਰਹੀ ਹੈ। ਹੋਰ ਤੁਹਾਨੂੰ ਹਾਲੇ ਤੱਕ ਨਾ ਸਿਆਸਤ ਵਿੱਚ ਅਤੇ ਨਾ ਹੀ ਸਰਕਾਰ ਵਿੱਚ ਉਹਨਾਂ ਦੀ ਬਣਦੀ ਨੁਮਾਇੰਦਗੀ ਦਿੱਤੀ ਗਈ ਹੈ। ਔਰਤਾਂ ਆਪਣੀ ਸਿਆਣਪ, ਸੂਝਬੂਝ ਅਤੇ ਲਿਆਕਤ ਨਾਲ ਮੁਲਕ ਦੇ ਰਾਸ਼ਟਰਪਤੀ, ਪ੍ਰਧਾਨ ਮੰਤਰੀ ਅਤੇ ਮੁੱਖ ਮੰਤਰੀ ਸਮੇਤ ਹੋਰ ਕਈ ਅਹਿਮ ਅਹੁਦਿਆਂ ਤੇ ਸੁਸ਼ੋਭਿਤ ਹੋ ਚੁੱਕੀਆਂ ਹਨ। ਅਸਲ ਵਿੱਚ ਇਹਦੇ ਪਿੱਛੇ ਪੁਰਸ਼ ਦੀ ਮਜਬੂਰੀ ਵੀ ਰਹੀ ਹੈ। ਹੋਰ ਤਾਂ ਨੇ ਆਪਣੇ ਦਮ ਤੇ ਕਈ ਹੋਰ ਖੇਤਰਾਂ ਵਿੱਚ ਵੀ ਪੁਰਸ਼ਾਂ ਨੂੰ ਪਿਛਾੜ ਦਿੱਤਾ ਹੈ। ਕਈ ਅਜਿਹੀਆਂ ਟੀਸੀਆਂ ਨੂੰ ਵੀ ਸਹਿਜੇ ਭਾਅ ਹੱਥ ਲਾਇਆ ਹੈ ਜਿੱਥੇ ਪੁਰਸ਼ ਅੱਡੀਆਂ ਚੁੱਕ ਕੇ ਵੀ ਪੁੱਜ ਨਹੀਂ ਸਕੇ ਹਨ। ਅਸਲ ਵਿੱਚ ਕਈ ਸਾਲ ਪਹਿਲਾਂ ਤੱਕ ਗਾਇਕੀ ਦੀ ਤਰ੍ਹਾਂ ਰਾਜਨੀਤੀ ਵੀ ਔਰਤਾਂ ਲਈ ਇੱਕ ਵਰਜਿਤ ਖੇਤਰ ਰਿਹਾ ਹੈ। ਕੌੜਾ ਸੱਚ ਤਾਂ ਇਹ ਹੈ ਕਿ ਜ਼ਿਆਦਾਤਰ ਔਰਤਾਂ ਆਪਣੇ ਸ਼ੋਸ਼ਣ ਤੋਂ ਡਰਦੀਆਂ ਰਾਜਨੀਤੀ ਵਿੱਚ ਪੈਰ ਧਰਨ ਦਾ ਹੀਆ ਨਹੀਂ ਸੀ ਕਰਦੀਆਂ।ਹੁਣ ਜਦੋਂ ਸਿਆਸੀ ਲੀਡਰਾਂ ਦੇ ਦਿਮਾਗਾਂ ਵਿੱਚ ਕੁਰਸੀ ਅਤੇ ਰਾਜਨੀਤੀ ਦਾ ਨਸ਼ਾ ਭਾਰੂ ਹੋ ਚੁੱਕਾ ਹੈ ਅਤੇ ਉਹਨਾਂ ਦੇ ਮੂੰਹ ਜਿਆਦਾ ਖੁੱਲ ਗਏ ਹਨ ਤਾਂ ਕਈਆਂ ਦੀਆਂ ਪਤਨੀਆਂ ਨੇ ਪਿੱਛੇ ਰਹਿ ਕੇ ਵੀ ਸਿਆਸਤ ਵਿੱਚ ਤਕੜੀ ਭੱਲ ਬਣਾ ਲਈ ਹੈ। ਔਰਤਾਂ ਅਹਿਮ ਉਹਦਿਆਂ ਤੇ ਪਹੁੰਚ ਕੇ ਵੀ ਪੁਰਸ਼ਾਂ ਦੀ ਤਰ੍ਹਾਂ ਗਿਰੀ ਹੋਈ ਸ਼ਬਦਾਵਲੀ ਬੋਲਣ ਤੋਂ ਗੁਰੇਜ ਕਰਦੀਆਂ ਆ ਰਹੀਆਂ ਹਨ। ਇਹਨਾਂ ਸਿਆਸੀ ਲੀਡਰਾਂ ਦੀਆਂ ਪਤਨੀਆਂ ਦਾ ਰਾਜਨੀਤੀ ਵਿੱਚ ਵਿਚਰਨ ਦਾ ਸਲੀਕਾ ਆਪਣੇ ਪਤੀ ਨਾਲੋ ਬਿਹਤਰ ਮੰਨਿਆ ਗਿਆ ਹੈ। ਔਰਤਾਂ ਨੇ ਪੁਰਸ਼ਾਂ ਨਾਲੋਂ ਵਧੇਰੇ ਸਬਰ ਸੰਤੋਖ ਵੀ ਰੱਖਿਆ ਹੈ। ਦੂਰ ਨਾ ਜਾਈਏ ਤਾਂ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਪਤਨੀ ਪਰਨੀਤ ਕੌਰ ਲੋਕਾਂ ਦੇ ਦਿਲਾਂ ਦੇ ਵਧੇਰੇ ਨੇੜੇ ਹੈ। ਉਹ ਕੇਂਦਰ ਸਰਕਾਰ ਵਿੱਚ ਮੰਤਰੀ ਰਹੇ ਹਨ ਜਦਕਿ ਉਹਨਾਂ ਦੇ ਪਤੀ ਦੇ ਸਿਰ ਦੋ ਵਾਰ ਪੰਜਾਬ ਦੇ ਮੁੱਖ ਮੰਤਰੀ ਦਾ ਤਾਜ ਸਜਿਆ ਹੈ। ਕੈਪਟਨ ਅਮਰਿੰਦਰ ਸਿੰਘ ਦੀ ਨਿਸਬਤ ਪਰਨੀਤ ਕੌਰ ਨੇ ਲੋਕਾਂ ਵਿੱਚ ਵਧੇਰੇ ਭਲ ਬਣਾਈ ਹੈ ਅਤੇ ਵਡਿਆਈ ਹਿੱਸੇ ਆਈ ਹੈ। ਹੁਣ ਜਦੋਂ ਕੈਪਟਨ ਅਮਰਿੰਦਰ ਸਿੰਘ ਨੂੰ ਘਰ ਬੈਠਣਾ ਪੈ ਗਿਆ ਹੈ। ਤਾਂ ਭਾਰਤੀ ਜਨਤਾ ਪਾਰਟੀ ਦੇ ਏਨੇ ਵਿਰੋਧ ਦੇ ਬਾਵਜੂਦ ਉਨਾਂ ਨੇ ਚੋਣ ਮੈਦਾਨ ਵਿੱਚ ਡਟਣ ਦਾ ਹੌਂਸਲਾ ਕੀਤਾ ਹੈ। ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਬੇਵਾਕ ਅਤੇ ਸਾਫ ਸੁਥਰੀ ਰਾਜਨੀਤੀ ਕਰਦੇ ਹਨ। ਉਨਾਂ ਦੀ ਪਤਨੀ ਵੀ ਪੰਜਾਬ ਮੰਤਰੀ ਮੰਡਲ ਵਿੱਚ ਵਜ਼ੀਰ ਰਹੀ ਹੈ। ਨਵਜੋਤ ਸਿੰਘ ਸਿੱਧੂ ਦੀ ਨਿਸਬਤ ਉਹਨਾਂ ਦੀ ਪਤਨੀ ਦੀ ਬੋਲਚਾਲ ਵਿੱਚ ਵਧੇਰੇ ਸਲੀਕਾ ਹੈ। ਉਹ ਆਪਣੇ ਪਤੀ ਵਾਂਗ ਲੋਕਾਂ ਨੂੰ ਤੋੜ ਕੇ ਨਹੀਂ ਸੁੱਟਦੇ ਹਨ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਪਤਨੀ ਹਰਸਿਮਰਤ ਕੌਰ ਲੋਕਾਂ ਵਿੱਚ ਵਧੇਰੇ ਸੰਜਮ ਨਾਲ ਵਿਚਰਦੇ ਹਨ। ਉਨਾਂ ਦੀ ਮੈਂਬਰ ਪਾਰਲੀਮੈਂਟ ਵਜੋਂ ਕਾਰਗੁਜ਼ਾਰੀ ਵੀ ਆਪਣੇ ਪਤੀ ਤੋਂ ਬੇਹਤਰ ਰਹੀ ਹੈ। ਉਹਨਾਂ ਦੇ ਪਤੀ ਸੁਖਬੀਰ ਸਿੰਘ ਜਿੱਥੇ ਜਿਆਦਾ ਕਰਕੇ ਪਾਰਲੀਮੈਂਟ ਵਿੱਚੋਂ ਗੈਰ ਹਾਜ਼ਰ ਰਹੇ ਹਨ ਉੱਥੇ ਹਰਸਿਮਰਤ ਕੌਰ ਅਕਸਰ ਗਰਜਦੇ ਦੇਖੇ ਗਏ ਹਨ। ਸੁਖਬੀਰ ਸਿੰਘ ਬਾਦਲ ਬਾਰੇ ਤਾਂ ਇਹ ਚਰਚਾ ਆਮ ਹੈ ਕਿ ਉਹ ਬੋਲਣ ਵੇਲੇ ਟਪਲਾ ਖਾ ਜਾਂਦੇ ਹਨ ਜਾਂ ਅਲ ਬਲੱਲੀਆਂ ਵੀ ਮਾਰ ਦਿੰਦੇ ਹਨ ਪਰ ਹਰਸਿਮਰਤ ਕੌਰ ਆਪਣੇ ਭਾਸ਼ਣ ਰਾਹੀਂ ਲੋਕਾਂ ਨੂੰ ਨਾਲ ਤੋਰਨ ਦੀ ਸਮਰੱਥਾ ਰੱਖਦੇ ਹਨ। ਸੁਖਬੀਰ ਸਿੰਘ ਬਾਦਲ ਜਾਣੇ ਅਣਜਾਣੇ ਪਾਰਟੀ ਵਰਕਰਾਂ ਨੂੰ ਤੋੜ ਦਿੰਦੇ ਹਨ ਪਰ ਉਹਨਾਂ ਦੀ ਪਤਨੀ ਨੂੰ ਦੂਜਿਆਂ ਨੂੰ ਨਾਲ ਲੈ ਕੇ ਤੁਰਨ ਦੀ ਮੁਹਾਰਤ ਹੈ। ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਨੇਤਾ ਬਿਕਰਮ ਸਿੰਘ ਮਜੀਠੀਆ ਦੀ ਪਤਨੀ ਗੁਨੀਵ ਕੌਰ ਪਹਿਲੀ ਵਾਰ ਐਮਐਲਏ ਚੁਣੇ ਗਏ ਹਨ ਉਹਨਾਂ ਦੀ ਕਾਰਗੁਜ਼ਾਰੀ ਬਾਰੇ ਕੁਝ ਕਹਿਣਾ ਹਾਲੇ ਸਮੇਂ ਤੋਂ ਪਹਿਲਾਂ ਦੀ ਗੱਲ ਹੋਵੇਗੀ। ਦੂਜੇ ਬੰਨੇ ਬਿਕਰਮ ਸਿੰਘ ਮਜੀਠੀਆ ਵਿੱਚ ਪਹਿਲਾਂ ਨਾਲੋਂ ਵਧੇਰੇ ਠਹਿਰਾ ਆਇਆ ਹੈ ਉਹ ਸੰਜਮ ਵਿੱਚ ਰਹਿ ਕੇ ਗੱਲ ਕਹਿਣੀ ਸਿੱਖੇ ਹਨ। ਉਹਨਾਂ ਦੀ ਪੰਜਾਬ ਦੇ ਲੀਡਰਾਂ ਤੋਂ ਲੈ ਕੇ ਮੁਲਕ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਘੇਰਨ ਦਾ ਸਟਾਈਲ ਲੋਕ ਪਸੰਦ ਕਰਨ ਲੱਗੇ ਹਨ। ਕਾਂਗਰਸ ਪਾਰਟੀ ਵੱਲੋਂ ਪੰਜਾਬ ਪ੍ਰਦੇਸ਼ ਦੇ ਪ੍ਰਧਾਨ ਰਾਜਾ ਅਮਰਿੰਦਰ ਸਿੰਘ ਵੜਿੰਗ ਨੂੰ ਲੋਕ ਸਭਾ ਹਲਕਾ ਲੁਧਿਆਣਾ ਤੋਂ ਉਮੀਦਵਾਰ ਬਣਾਇਆ ਗਿਆ ਹੈ। ਉਹਨਾਂ ਦੀ ਪਤਨੀ ਅੰਮ੍ਰਿਤਾ ਵੜਿੰਗ ਬਠਿੰਡਾ ਲੋਕ ਸਭਾ ਹਲਕਾ ਤੋਂ ਚੋਣ ਲੜਨ ਦੀ ਤਿਆਰੀ ਕਰਦੇ ਰਹੇ ਹਨ। ਦੱਸਿਆ ਜਾ ਰਿਹਾ ਹੈ ਕਿ ਰਾਜਾ ਵੜਿੰਗ ਨੇ ਆਪਣੀ ਪਤਨੀ ਨੂੰ ਟਿਕਟ ਦਿਵਾਉਣ ਲਈ ਜਿਆਦਾ ਹਾਮੀ ਨਾ ਭਰੀ ਤਾਂ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਦਾ ਜੋਰ ਚਲ ਗਿਆ। ਪਰ ਇਹ ਇੱਕ ਆਮ ਰਾਏ ਹੈ ਕਿ ਅੰਮ੍ਰਿਤਾ ਵੜਿੰਗ ਪਾਰਟੀ ਦੇ ਉਮੀਦਵਾਰ ਜੀਤ ਮਹਿੰਦਰ ਸਿੰਘ ਸਿੱਧੂ ਨਾਲੋਂ ਕਿਤੇ ਬੇਹਤਰ ਉਮੀਦਵਾਰ ਹੋ ਸਕਦੇ ਸਨ। ਉਂਝ ਜੇ ਅੰਮ੍ਰਿਤਾ ਵੜਿੰਗ ਦਾ ਪੇਚਾ ਹਰਸਿਮਰਤ ਕੌਰ ਬਾਦਲ ਨਾਲ ਪੈ ਜਾਂਦਾ ਤਦ ਚੋਣਾਂ ਹੋਰ ਦਿਲਚਸਪ ਹੋ ਜਾਣੀਆਂ ਸਨ। ਅੰਮ੍ਰਿਤਾ ਵੜਿੰਗ ਜਦੋਂ ਲੋਕਾਂ ਜਾਂ ਵੋਟਰਾਂ ਵਿੱਚ ਵਿਚਰਦੇ ਹਨ ਤਾਂ ਉਹ ਸਭ ਨੂੰ ਆਪਣੇ ਨਾਲ ਜੋੜ ਲੈਂਦੇ ਹਨ। ਉਹਨਾਂ ਵਿੱਚ ਲੋਕਾਂ ਨੂੰ ਭਰਮਾਉਣ ਦੀ ਸਮਰੱਥਾ ਆਪਣੇ ਪਤੀ ਨਾਲੋਂ ਕਿਤੇ ਵੱਧ ਹੈ। ਰਾਜਾ ਵੜਿੰਗ ਦੇ ਮੁਕਾਬਲੇ ਅੰਮ੍ਰਿਤਾ ਵੜਿੰਗ ਦੇ ਭਾਸ਼ਣ ਕਿਤੇ ਵੱਧ ਜਾਨਦਾਰ ਅਤੇ ਪ੍ਰਭਾਵਿਤ ਕਰਨ ਵਾਲੇ ਹੁੰਦੇ ਹਨ।

# ਨਕਸਲੀ ਚੁਣੌਤੀ .:.ਜਲ, ਜੰਗਲ, ਜਮੀਨ ਦਾ ਮਸਲਾ ਅਤੇ ਸਰਕਾਰੀ ਰਵੱਈਆ

ਪਿਛਲੇ ਦਿਨੀਂ ਛਤੀਸਗੜ੍ਹ ਦੇ ਕਾਂਕੇਰ ਇਲਾਕੇ *ਚ ਸੁਰੱਖਿਆ ਬਲਾਂ ਨੇ ਮੁੱਠਭੇੜ *ਚ 29 ਨਕਸਲੀਆਂ ਨੂੰ ਮਾਰ ਦਿੱਤਾ. ਇਸ ਸਾਲੇ ਇਸ ਘਟਨਾ ਸਮੇਤ ਤਕਰੀਬਨ 80 ਨਕਸਲੀ ਮਾਰੇ ਜਾ ਚੁੱਕੇ ਹਨ. ਸਰਕਾਰ ਦਾ ਕਹਿਣਾ ਹੈ ਕਿ ਛੱਤੀਸਗੜ੍ਹ *ਚ ਨਕਸਲੀ ਕੁਝ ਇਲਾਕਿਆਂ ਤੱਕ ਸਿਮਟ ਕੇ ਰਹਿ ਗਏ ਹਨ. ਜਲਦ ਹੀ ਉਨ੍ਹਾਂ *ਤੇ ਪੂਰੀ ਤਰ੍ਹਾਂ ਨਕੇਲ ਕਸੀ ਜਾਵੇਗੀ. ਕੇਂਦਰ ਅਤੇ ਰਾਜ ਸਰਕਾਰਾਂ ਅਜਿਹੇ ਦਾਅਵੇ ਬਹੁਤ ਸਮੇਂ ਤੋਂ ਕਰਦੀ ਆ ਰਹੀ ਹੈ, ਪਰ ਹਕੀਕਤ ਇਹ ਹੈ ਕਿ ਅਨੇਕਾਂ ਕੋਸ਼ਿਸ਼ਾਂ ਅਤੇ ਰਣਨੀਤੀਆਂ ਦੇ ਬਾਵਜੂਦ ਉਥੇ ਮਾਊਵਾਦੀ ਹਿੰਸਾ *ਤੇ ਕਾਬੂ ਪਾਉਣਾ ਮੁਸ਼ਕਿਲ ਬਣਿਆ ਹੋਇਆ ਹੈ.ਥੋੜ੍ਹੇ .:.ਥੋੜ੍ਹੇ ਸਮੇਂ *ਤੇ ਨਕਸਲੀ ਸਰਗਰਮ ਹੋ ਜਾਂਦੇ ਹਨ ਅਤੇ ਘਾਤ ਲਾ ਕੇ ਸੁਰੱਖਿਆ ਬਲਾਂ ਨੂੰ ਆਪਣਾ ਨਿਸ਼ਾਨਾ ਬਣਾਉਂਦੇ ਹਨ.ਜੇਕਰ ਵਾਕਈ ਨਕਸਲੀਆਂ ਨੂੰ ਕੁਝ ਇਲਾਕਿਆਂ ਤੱਕ ਸਮੇਟ ਦਿੱਤਾ ਗਿਆ ਹੁੰਦਾ, ਤਾਂ ਇਸ ਤਰ੍ਹਾਂ ਉਨ੍ਹਾਂ ਕੋਲ ਆਧੁਨਿਕ ਹਥਿਆਰਾਂ ਦੀ ਪਹੁੰਚ ਦੀ ਸੰਭਾਵਨਾ ਨਾ ਹੁੰਦੀ, ਸੁਰੱਖਿਆ ਬਲਾਂ ਦੀਆਂ ਗਤੀਵਿਧੀਆਂ *ਤੇ ਨਜਰ ਰੱਖਣ ਦੇ ਲਈ ਉਨ੍ਹਾਂ ਕੋਲ ਕਾਰਗਰ ਸੰਚਾਰ ਪ੍ਰਣਾਲੀ ਨਾ ਹੁੰਦੀ.ਛੱਤੀਸਗੜ੍ਹ *ਚ ਤਕਰੀਬਨ ਚਾਲੀ ਸਾਲ ਤੋਂ ਇਸ ਨਕਸਲੀ ਹਿੰਸਾ ਦਾ ਦੌਰ ਚੱਲ ਰਿਹਾ ਹੈ. ਇਸ ਦੌਰਾਨ ਅਨੇਕਾਂ ਰਣਨੀਤੀਆਂ ਅਪਣਾਈਆਂ ਗਈਆਂ,ਪਰ ਉਹ ਕਾਰਗਰ ਸਿੱਧ ਨਹੀਂ ਹੋਈਆਂ. ਚੌਣਾਂ ਦੇ ਮਾਹੌਲ *ਚ ਸੁਰੱਖਿਆ ਬਲਾਂ ਦੀ ਤਾਜਾ ਕਾਰਵਾਈ ਅਤੇ ਕਾਮਯਾਬੀ ਨਾਲ ਨਕਸਲੀ ਗਰੱਪਾਂ ਦਾ ਮਨੋਬਲ ਜਰੂਰ ਕਮਜ਼ੋਰ ਹੋਵੇਗਾ. ਪਰ ਇਸ ਸਮੱਸਿਆ ਨੂੰ ਜੜ੍ਹੋਂ ਖਤਮ ਕਰਨ ਦੇ ਲਈ ਪ੍ਰਭਾਵੀ ਅਤੇ ਅਮਲੀ ਕਾਰਵਾਈ ਦੀ ਉਮੀਦ ਹਜੇ ਵੀ ਬਰਕਰਾਰ ਹੈ. ਦਰਅਸਲ ,ਆਦਿਵਾਸੀ ਇਲਾਕਿਆਂ *ਚ ਮਾਊਵਾਦੀ ਹਿੰਸਾ ਦੀਆਂ ਕਈ ਪਰਤਾਂ ਹਨ. ਆਦਿਵਾਸੀਆਂ ਨੂੰ ਲੱਗਦਾ ਹੈ ਕਿ ਸਰਕਾਰ ਉਨ੍ਹਾਂ ਦੇ ਜੰਗਲ ਅਤੇ ਜਮੀਨਾ ਖੋਹ ਕੇ ਪੂੰਜੀਪਤੀਆ ਦੇ ਹਵਾਲੇ ਕਰ ਦੇਣਾ ਚਾਹੁੰਦੀ ਹੈ. ਉਹ ਇਸਦਾ ਵਿਰੋਧ ਕਰਦੇ ਰਹੇ . ਸ਼ੁਰੂ *ਚ ਇਸ ਮਾਮਲੇ ਨੂੰ ਗੱਲਬਾਤ ਰਾਹੀਂ ਸਮਝਾਉਣ ਦੀ ਕੋਸ਼ਿਸ਼ ਕੀਤੀ ਗਈ,ਪਰ ਉਹ ਕਿਸੇ ਨਤੀਜੇ *ਤੇ ਨਹੀਂ ਪਹੁੰਚ ਸਕੀ, ਫਿਰ ਬੰਦੂਕ ਜ਼ਰੀਏ ਉਨ੍ਹਾਂ *ਤੇ ਕਾਬੂ ਪਾਉਣ ਦੀ ਕੋਸ਼ਿਸ਼ ਕੀਤੀ ਜਾਣ ਲੱਗੀ .ਫਿਰ ਆਦਿਵਾਸੀਆਂ ਅਤੇ ਸਮਰਪਨ ਕਰਨ ਵਾਲੇ ਨਕਸਲੀਆਂ ਨੂੰ ਹੀ ਬੰਦੂਕਾ ਦੇ ਕੇ ਨਕਸਲੀ ਸੰਗਠਨਾਂ ਦੇ ਖਿਲਾਫ ਖੜ੍ਹਾ ਕਰਨ ਦੀ ਰਣਨੀਤੀ ਅਪਣਾਈ ਗਈ .ਇਸ ਵਿਚ ਕਾਫੀ ਖੂਨ ਖਰਾਬਾ ਹੋਇਆ,ਪਰ ਨਕਸਲੀ ਸਮੱਸਿਆ ਨੂੰ ਖਤਮ ਕਰ ਪਾਉਦਾ ਮੰਮਕਿੰਨ ਨਾ ਹੋ ਸਕਿਆ. ਹੈਲੀਕਾਪਟਰ ,ਡ੍ਰੋਨ ਅਤੇ ਆਧੁਨਿਕ ਸੰਚਾਰ ਤਕਨੀਕ ਦੇ ਜ਼ਰੀਏ ਉਨ੍ਹਾਂ ਦੀਆਂ ਗਤੀਵਿਧੀਆਂ *ਤੇ ਨਜਰ ਰੱਖੀ ਜਾਣ ਲੱਗੀ ,ਪਰ ਉਸ ਵਿਚ ਵੀ ਕਾਮਯਾਬੀ ਨਹੀ ਮਿਲੀ. ਨਕਸਲੀ ਕਈ ਮੌਕਿਆਂ *ਤੇ ਸੁਰੱਖਿਆ ਦਸਤਿਆਂ ਨੂੰ ਆਪਣੇ ਜਾਲ *ਚ ਫਸਾ ਕੇ ਹਮਲਾ ਕਰਦੇ ਵੀ ਦੇਖੇ ਜਾ ਚੁੱਕੇ ਹਨ. ਦੋ ਸਾਲ ਪਹਿਲਾਂ ਇਸੇ ਤਰ੍ਹਾਂ ਬੀਜਾਪੁਰ ਵਿਖੇ ਇਨ੍ਹਾਂ ਨੇ 22 ਜਵਾਨਾ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਸੀ. ਨਕਸਲੀ ਸਮੱਸਿਆ ਤੇ ਦੋ ਤਰ੍ਹਾਂ ਦੇ ਵਿਚਾਰ ਕੰਮ ਕਰਦੇ ਰਹੇ ਹਨ,ਜਿਸ *ਚ ਆਦਿਵਾਸੀਆਂ ਨੂੰ ਮੁੱਖ ਧਾਰਾ ਨਾਲ ਜੋੜਨ ਦੇ ਲਈ ਉਨ੍ਹਾਂ ਦੇ ਇਲਾਕਿਆਂ *ਚ ਵਿਕਾਸ ਪ੍ਰੋਗਰਾਮ *ਤੇ ਜੋਰ ਦੇਣ ਦੀ ਸਿਫਾਰਿਸ਼ ਕੀਤੀ ਜਾਂਦੀ ਰਹੀ ਹੈ. ਇਸਦੇ ਤਹਿਤ ਪਿਛਲੀ ਸਕਰਾਰ ਨੇ ਕਈ ਯੋਜਨਾਵਾਂ ਵੀ ਚਲਾਇਆਂ ਸਨ ,ਤਾਂਕਿ ਉਨ੍ਹਾਂ ਦੇ ਆਰਥਕ ਹਲਾਤ ਮਜਬੂਤ ਹੋ ਸਕਣ.ਦੂਜਾ ਵਿਚਾਰ ਬੰਦੂਕ ਦੇ ਬਲ *ਤੇ ਨਕਸਲੀਆਂ ਦੇ ਸਫਾਈ ਦਾ ਹੈ. ਪਰ ਹਕੀਕਤ ਇਹ ਏ ਕਿ ਇਸ ਸਮੱਸਿਆ ਨਾਲ ਨਜਿੱਠਣ ਦੇ ਲਹੀ ਕੋਈ ਵਿਵਹਾਰਿਕ ਨੀਤੀ ਅੱਜ ਤੱਕ ਨਹੀਂ ਬਣੀ .

**ਹਰਪ੍ਰੀਤ ਸਿੰਘ ਬਰਾੜ**
**ਮੇਨ ਏਅਰ ਫੋਰਸ ਰੋਡ,ਬਠਿੰਡਾ**

# ਸੁਖਬੀਰ ਬਾਰੇ ਪੜ੍ਹਦਿਆਂ ਅਤੇ ਜਾਣਦਿਆਂ

ਪ੍ਰੋ. ਨਵ ਸੰਗੀਤ ਸਿੰਘ
(9417692015)

ਪੰਜਾਬੀ ਸਾਹਿਤ ਜਗਤ ਵਿੱਚ ਸੁਖਬੀਰ (9 ਜੁਲਾਈ 1925 – 22 ਫ਼ਰਵਰੀ 2012) ਦਾ ਨਾਂ ਕਿਸੇ ਰਸਮੀ ਜਾਣ-ਪਛਾਣ ਦਾ ਮੁਥਾਜ ਨਹੀਂ ਹੈ। ਉਹਨੇ ਕਈ ਵਿਧਾਵਾਂ ਵਿੱਚ ਵਿਲੱਖਣ ਕਾਰਜ ਕਰਦਿਆਂ ਪੰਜਾਬੀ ਵਿੱਚ ਕਵਿਤਾ (8), ਕਹਾਣੀ (11), ਬਾਲ ਕਹਾਣੀ (5), ਨਾਵਲ (7), ਵਾਰਤਕ (2) ਤੋਂ ਇਲਾਵਾ ਹਿੰਦੀ ਵਿੱਚ ਕਹਾਣੀ (1), ਨਾਵਲ (4); ਉਰਦੂ ਵਿੱਚ ਨਾਵਲ (1) ਦੀ ਰਚਨਾ ਵੀ ਕੀਤੀ ਹੈ। ਭਾਵੇਂ ਹੋਰ ਭਾਸ਼ਾਵਾਂ ਵਿੱਚ ਰਚੀਆਂ ਪੁਸਤਕਾਂ ਪੰਜਾਬੀ ਵਿੱਚ ਲਿਖੀਆਂ ਪੁਸਤਕਾਂ ਦੇ ਹੀ ਅਨੁਵਾਦ ਹਨ ਪਰ ਇਹ ਅਨੁਵਾਦ ਉਹਨੇ ਖ਼ੁਦ ਕੀਤੇ ਹਨ। ਉਹਨੇ ਕੁਝ ਪ੍ਰਤੀਨਿਧ ਰੂਸੀ ਲੇਖਕਾਂ ਦੀਆਂ ਕਿਤਾਬਾਂ ਦੇ ਪੰਜਾਬੀ ਵਿੱਚ ਅਨੁਵਾਦ ਵੀ ਕੀਤੇ, ਜਿਨ੍ਹਾਂ ਵਿੱਚ ਟਾਲਸਟਾਏ (1), ਗੋਰਕੀ (4), ਸ਼ੋਲੋਖੋਵ (3), ਪਾਸਤੋਵਸਕੀ (2), ਆਸਤ੍ਰੋਵਸਕੀ (1), ਲਾਤਸਿਸ (1) ਅਸਕਦ ਮੁਖਤਾਰ (1) ਦੇ ਨਾਂ ਜ਼ਿਕਰਯੋਗ ਹਨ।

ਬਹੁਤ ਘੱਟ ਪਾਠਕਾਂ ਨੂੰ ਪਤਾ ਹੋਵੇਗਾ ਕਿ ਸੁਖਬੀਰ ਦਾ ਅਸਲੀ ਨਾਂ ਬਲਬੀਰ ਸਿੰਘ ਸੀ। ਪਰ ਉਹਨੇ ਸੁਖਬੀਰ ਦੇ ਨਾਂ ਹੇਠ ਹੀ ਪ੍ਰਸਿੱਧੀ ਪ੍ਰਾਪਤ ਕੀਤੀ ਤੇ ਉਹਦੀਆਂ ਸਾਰੀਆਂ ਕਿਤਾਬਾਂ ਉੱਤੇ ਇਹੋ ਨਾਂ (ਸੁਖਬੀਰ) ਲਿਖਿਆ ਮਿਲਦਾ ਹੈ। ਉਹਦਾ ਸੰਬੰਧ ਮੂਲ ਤੌਰ ਤੇ ਪੰਜਾਬ ਦੇ ਜ਼ਿਲ੍ਹਾ ਹੁਸ਼ਿਆਰਪੁਰ ਦੇ ਇੱਕ ਛੋਟੇ ਜਿਹੇ ਪਿੰਡ ਨਾਲ ਹੈ, ਜਿੱਥੇ ਉਹਦੇ ਦਾਦਾ, ਤਾਇਆ ਅਤੇ ਪਿਤਾ ਰਹਿੰਦੇ ਸਨ। ਉਹਦੇ ਪਿਤਾ ਰੇਲਵੇ ਵਿੱਚ ਇੰਜੀਨੀਅਰ ਸਨ, ਜਿਸ ਕਰਕੇ ਉਹ ਬੰਬਈ ਆ ਕੇ ਰਹਿਣ ਲੱਗੇ। ਸੁਖਬੀਰ ਦਾ ਜਨਮ ਵੀ ਬੰਬਈ ਵਿੱਚ ਹੀ ਹੋਇਆ, ਪਿਤਾ ਮਨਸ਼ਾ ਸਿੰਘ ਦੇ ਘਰ ਮਾਤਾ ਸ਼ਿਵ ਕੌਰ ਦੀ ਕੁੱਖੋਂ। ਉਹਦੀ ਵਧੇਰੇ ਪੜ੍ਹਾਈ-ਲਿਖਾਈ ਭਾਵੇਂ ਬੰਬਈ ਵਿੱਚ ਹੀ ਹੋਈ, ਪਰ ਇਹ ਟੁੱਟਵੇਂ ਰੂਪ ਵਿੱਚ ਬੰਬਈ, ਮੱਧਪ੍ਰਦੇਸ਼, ਗੁਜਰਾਤ ਤੇ ਪੰਜਾਬ ਵਿੱਚ ਹੋਈ। ਉਹਨੇ ਵੱਖ ਵੱਖ ਮਾਧਿਅਮਾਂ ਵਿੱਚ ਪੜ੍ਹਾਈ ਕੀਤੀ – ਅੰਗਰੇਜ਼ੀ, ਉਰਦੂ, ਗੁਜਰਾਤੀ, ਪੰਜਾਬੀ ਅਤੇ ਹਿੰਦੀ ਵਿੱਚ।

ਉਹ ਸਕੂਲ ਵਿਦਿਆਰਥੀ ਹੁੰਦਿਆਂ ਹੀ ਲਿਖਣ ਲੱਗ ਪਿਆ ਸੀ- ਲੇਖ, ਕਹਾਣੀਆਂ, ਕਵਿਤਾਵਾਂ ਆਦਿ। ਬੀਏ ਤੱਕ ਉਹ ਹਿੰਦੀ ਵਿੱਚ ਲਿਖਦਾ ਸੀ, ਪਿੱਛੋਂ ਪੰਜਾਬੀ ਵਿੱਚ ਲਿਖਣ ਲੱਗ ਪਿਆ। ਉਹਦੇ ਘਰ ਵਿੱਚ ਪੰਜਾਬੀ ਹੀ ਬੋਲੀ ਜਾਂਦੀ ਸੀ। ਆਪਣੀ ਮਾਂ-ਬੋਲੀ ਬਾਰੇ ਉਹਦਾ ਵਿਚਾਰ ਹੈ – ÷ਕੌਣ ਕਹਿੰਦਾ ਹੈ ਕਿ ਪੰਜਾਬੀ ਗਰੀਬ ਭਾਸ਼ਾ ਹੈ। ਅਸਲ ਵਿੱਚ ਹਰ ਪੱਖੋਂ ਅਜਿਹੀ ਅਮੀਰ ਭਾਸ਼ਾ ਨੂੰ ਗਰੀਬ ਕਹਿਣ ਵਾਲੇ ਬੰਦੇ ਖ਼ੁਦ ਗਰੀਬ ਹਨ; ਸਾਹਿਤਕ ਨੁਕਤੇ ਤੋਂ ਅਗਿਆਨੀ ਤੇ ਜਾਹਿਲ।÷ ਉਹਨੇ ਸ਼ੁਰੂ ਵਿੱਚ ਸਾਹਿਬ ਸਿੰਘ, ਕਰਤਾਰ ਸਿੰਘ ਕਲਾਸਵਾਲੀਆ, ਨਰਿੰਦਰ ਸਿੰਘ ਸੋਚ ਤੋਂ ਇਲਾਵਾ ਮੁਨਸ਼ੀ ਪ੍ਰੇਮ ਚੰਦ ਤੇ ਸੁਦਰਸ਼ਨ ਨੂੰ ਵੀ ਪੜਿਆ। ਫੇਰ ਉਹ 'ਪ੍ਰੀਤਲੜੀ' ਦਾ ਪਾਠਕ ਬਣਿਆ ਤੇ ਗੁਰਬਖ਼ਸ਼ ਸਿੰਘ ਅਤੇ ਨਵਤੇਜ ਸਿੰਘ ਨਾਲ ਸੰਪਰਕ ਬਣਨ ਤੇ 1957-58 ਵਿੱਚ ਪ੍ਰੀਤਨਗਰ ਵੀ ਰਿਹਾ, ਜਿੱਥੇ 'ਪ੍ਰੀਤਲੜੀ' ਦੀ ਮਦਦ ਦੇ ਨਾਲ ਨਾਲ 'ਬਾਲ ਸੰਦੇਸ਼' ਦੀ ਜ਼ਿੰਮੇਵਾਰੀ ਵੀ ਸੁਖਬੀਰ ਕੋਲ ਹੀ ਸੀ। ਉਹਦੀਆਂ ਲਿਖਤਾਂ 'ਪ੍ਰੀਤਲੜੀ', 'ਪ੍ਰੀਤਮ', 'ਫ਼ਤਹਿ' ਆਦਿ ਪੱਤ੍ਰਿਕਾਵਾਂ ਵਿੱਚ ਛਪਦੀਆਂ ਰਹੀਆਂ।

ਬੰਬਈ ਵਿੱਚ ਉਹਨੇ ਹਰਨਾਮ ਸਿੰਘ ਨਾਜ਼ ਅਤੇ ਪ੍ਰੀਤਮ ਬੇਲੀ ਜਿਹੇ ਮਿੱਤਰਾਂ ਦੇ ਸਹਿਯੋਗ ਨਾਲ ਸਾਹਿਤ ਸਭਾ ਬਣਾਈ। ਕਮਿਊਨਿਸਟ ਪਾਰਟੀ ਨਾਲ ਜੁੜਿਆ ਹੋਣ ਕਰਕੇ ਉਹਨੂੰ 1950 ਵਿੱਚ ਗ੍ਰਿਫ਼ਤਾਰ ਕਰ ਲਿਆ ਗਿਆ ਅਤੇ ਛੇ ਮਹੀਨੇ ਜੇਲ੍ਹ ਦੀ ਸਜ਼ਾ ਭੁਗਤਣੀ ਪਈ। 1954-55 ਵਿੱਚ ਪੁਰਾਣੀ ਸਾਹਿਤ ਸਭਾ ਨੂੰ ਪੁਨਰ-ਸੁਰਜੀਤ ਕੀਤਾ ਗਿਆ ਤਾਂ ਇਸ ਵਿੱਚ ਸਾਗਰ ਸਰਹੱਦੀ ਅਤੇ ਗੁਲਜ਼ਾਰ ਜਿਹੇ ਉਰਦੂ ਅਦੀਬ ਵੀ ਸ਼ਾਮਲ ਹੋ ਗਏ।

ਸੁਖਬੀਰ ਨੇ ਚੈਖਵ ਤੋਂ ਲੈ ਕੇ ਹੈਮਿੰਗਵੇ ਤੱਕ ਸਾਰੇ ਲੇਖਕਾਂ ਨੂੰ ਨਿੱਠ ਕੇ ਪੜ੍ਹਿਆ। 1950 ਤੋਂ ਬਾਦ ਅਸਤਿਤਵਵਾਦੀ ਲੇਖਕਾਂ ਸਾਰਤਰ ਆਦਿ ਨੂੰ ਪੜ੍ਹਿਆ। ਉਹਨੇ ਚਿੱਤਰਕਾਰੀ ਵੀ ਕੀਤੀ। 1962 ਵਿੱਚ ਪੇਂਟਿੰਗ ਦੀ ਤਕਨੀਕ ਵਿੱਚ ਕਵਿਤਾਵਾਂ ਲਿਖੀਆਂ- ਪੋਰਟ ?ਰੇਟ, ਸਟਿਲ ਲਾਈਫ਼, ਨਿਊਡ, ਕੋਲਾਜ, ਸਵੈ ਪੋਰਟ ?ਰੇਟ। ਚਾਲੀ ਕੁ ਅਜਿਹੀਆਂ ਕਵਿਤਾਵਾਂ 'ਨੈਣ ਨਕਸ਼' (1964) ਵਿੱਚ ਛਾਪੀਆਂ, ਜਿਨ੍ਹਾਂ ਵਿੱਚ 'ਬੁੱਢੀ ਔਰਤ' ਅਤੇ 'ਨੌਜਵਾਨ ਲੜਕੀ' ਵੀ ਸ਼ਾਮਲ ਹਨ।

ਪਹਿਲਾਂ ਪਹਿਲ ਉਹ ਧਰਮ ਦੇ ਵਿਰੁੱਧ ਸੀ। ਪਰ ਐਰਿਕ ਫਰੌਮ ਨੂੰ ਪੜ੍ਹਨ ਪਿੱਛੋਂ ਉਹਨੂੰ ਜਾਪਿਆ ਕਿ ਧਰਮਾਂ ਵਿੱਚੋਂ ਅਗਾਂਹਵਧੂ ਤੇ ਹਾਂ ਪੱਖੀ ਵਿਚਾਰਾਂ ਨੂੰ ਗ੍ਰਹਿਣ ਕਰ ਲੈਣਾ ਚਾਹੀਦਾ ਹੈ। ਇੱਕ ਸਮੇਂ ਉਹਨੂੰ ਬੁੱਧ ਧਰਮ ਨੇ ਵੀ ਕਾਫੀ ਪ੍ਰਭਾਵਿਤ ਕੀਤਾ। ਸ਼ਾਇਦ ਇਸੇ ਕਰਕੇ ਉਹਦੇ ਸੁਪੁੱਤਰ ਨਵਰਾਜ ਸਿੰਘ ਨੇ ਉਹਨੂੰ 'ਬੁੱਧ-ਪੁਰਸ਼' ਦਾ ਲਕਬ ਦਿੱਤਾ ਹੈ : ÷ਮੈਂ ਉਨ੍ਹਾਂ ਨੂੰ ਕਦੇ ਵੀ ਖੁਸ਼ੀ ਵਿੱਚ ਖੁਸ਼ ਜਾਂ ਦੁਖ ਵਿੱਚ ਦੁਖੀ ਨਹੀਂ ਦੇਖਿਆ। ਉਹ ਹਮੇਸ਼ਾ ਇੱਕ ਜੀਵਤ ਬੁੱਧ ਦਿਖਾਈ ਦਿੱਤੇ। ਉਹ ਜ਼ਿੰਦਗੀ ਨੂੰ ਪਿਆਰ ਕਰਨ ਵਿੱਚ ਵਿਸ਼ਵਾਸ ਰੱਖਦੇ ਸਨ ਅਤੇ ਮੌਤ ਤੋਂ ਨਹੀਂ ਡਰਦੇ ਸਨ। ਉਹ ਸ਼ਾਇਦ ਜਾਣਦੇ ਸਨ ਕਿ ਮੌਤ ਉਨ੍ਹਾਂ ਚੀਜ਼ਾਂ ਨੂੰ ਖੋਹ ਨਹੀਂ ਸਕੇਗੀ ਜੋ ਉਨ੍ਹਾਂ ਨੇ ਬਣਾਈਆਂ ਹਨ ਅਤੇ ਉਹ ਉਨ੍ਹਾਂ ਲੋਕਾਂ ਦੇ ਦਿਲਾਂ ਅਤੇ ਦਿਮਾਗਾਂ ਵਿੱਚ ਆਪਣੇ ਕੰਮਾਂ ਰਾਹੀਂ ਜਿਊਂਦੇ ਰਹਿਣਗੇ।÷ ਕਿਸੇ ਇੱਕ ਵਿਚਾਰਧਾਰਾ ਨਾਲ ਨਾ ਜੁੜਨ ਕਰਕੇ ਉਹਦੇ ਵਿਚਾਰਾਂ ਵਿੱਚ ਹਮੇਸ਼ਾ ਵਿਕਾਸ ਹੁੰਦਾ ਰਿਹਾ ਤੇ ਉਸ ਵਿਕਾਸ ਸਦਕਾ ਹੀ ਉਹ ਕਿਸੇ ਪਾਰਟੀ ਜਾਂ ਸਾਹਿਤਕ/ਰਾਜਨੀਤਕ ਸੰਸਥਾ ਨਾਲ ਨਹੀਂ ਜੁੜਿਆ ਤੇ ਸੁਤੰਤਰ ਰਿਹਾ।

ਉਹਨੇ ਖਾਲਸਾ ਕਾਲਜ ਅੰਮ੍ਰਿਤਸਰ ਤੋਂ ਐਮਏ ਕੀਤੀ ਤੇ ਬੰਬਈ ਦੇ ਖਾਲਸਾ ਕਾਲਜ ਵਿੱਚ ਲੈਕਚਰਾਰ ਲੱਗ ਗਿਆ। ਪਰ ਸੁਤੰਤਰ ਲੇਖਕ ਬਣਨ ਦੀ ਇੱਛਾ ਕਾਰਨ ਉਹਨੇ ਦੋ ਸਾਲਾਂ ਪਿੱਛੋਂ ਹੀ ਇਹ ਨੌਕਰੀ ਛੱਡ ਦਿੱਤੀ ਤੇ ਨਿਰੋਲ ਕਲਮ ਦੀ ਕਮਾਈ ਨਾਲ ਗੁਜ਼ਾਰਾ ਕਰਨ ਲੱਗਿਆ। ਉਹਨੇ ਦੋ-ਦੋ ਭਾਸ਼ਾਵਾਂ ਵਿੱਚ ਲਿਖਿਆ ਅਤੇ ਪੁਸਤਕਾਂ ਦੇ ਅਨੁਵਾਦ ਵੀ ਕੀਤੇ। ਉਹ 'ਆਰਸੀ' ਪੱਤ੍ਰਿਕਾ ਨਾਲ 1964 ਤੋਂ ਇਹਦੇ ਆਖਰੀ ਅੰਕ ਤੱਕ ਜੁੜਿਆ ਰਿਹਾ ਪਰ ਕਦੇ ਵੀ ਸੰਪਾਦਕ/ਨਿਗਰਾਨ ਵਜੋਂ ਆਪਣਾ ਨਾਂ ਨਹੀਂ ਲਿਖਵਾਇਆ। 'ਆਰਸੀ' ਦੇ ਮੁੱਖ ਪੰਨੇ, ਪਹਿਲੇ, ਦੂਜੇ ਅਤੇ ਤੀਜੇ ਪੰਨੇ ਉੱਤੇ ਲਿਖੀਆਂ/ਅਨੁਵਾਦਿਤ ਰਚਨਾਵਾਂ ਸੁਖਬੀਰ ਦੀ ਕਲਾਤਮਕ ਪ੍ਰਤਿਭਾ ਦਾ ਪ੍ਰਗਟਾਵਾ ਕਰਦੀਆਂ। ਪਰ ਇਨ੍ਹਾਂ ਉੱਤੇ ਸੁਖਬੀਰ ਦਾ ਨਾਂ ਕਦੇ ਵੀ ਨਹੀਂ ਸੀ ਹੁੰਦਾ। ਡਾ ਚੰਦਰ ਮੋਹਨ ਨੇ 'ਆਰਸੀ' ਵਿੱਚ ਛਪੀਆਂ ਸੁਖਬੀਰ ਦੀਆਂ ਲਿਖਤਾਂ ਦਾ ਸੰਗ੍ਰਹਿ 'ਆਰਸੀ ਤੇ ਸੁਖਬੀਰ' ਨਾਂ ਹੇਠ ਸੰਪਾਦਿਤ ਕੀਤਾ ਹੈ।

ਉਹਨੂੰ ਬਾਲ ਕਹਾਣੀ ਲੇਖਕਾਂ ਵਿਚੋਂ ਹਾਂਸ ਕ੍ਰਿਸਚੀਅਨ ਐਂਡਰਸਨ ਸਭ ਤੋਂ ਵਧੀਆ ਲੱਗਦਾ ਸੀ। ਉਹਨੂੰ ਸਥੇਨਬੈਕ ਵੀ ਪ੍ਰਭਾਵਿਤ ਕਰਦਾ ਸੀ। ਪਰ ਸੁਖਬੀਰ ਦੀ ਪ੍ਰਤੀਬੱਧਤਾ ਆਪਣੇ ਆਪ ਨਾਲ ਸੀ, ਆਪਣੀ ਕਲਮ ਨਾਲ। ਇਸੇ ਲਈ ਉਹ ਕਿਸੇ ਇੱਕ ਵਿਚਾਰਧਾਰਾ ਜਾਂ ਲੋਕਾਂ ਦੇ ਕਿਸੇ ਇੱਕ ਵਰਗ ਨਾਲ ਨਾ ਜੁੜ ਕੇ ਵੱਖ ਵੱਖ ਵਿਚਾਰਧਾਰਾਵਾਂ ਤੇ ਕੁੱਲ ਲੋਕਾਈ ਨਾਲ ਜੁੜ ਕੇ ਸਹੀ ਤੇ ਸੰਤੁਲਿਤ ਢੰਗ ਨਾਲ ਲਿਖ ਸਕਿਆ।

ਸੁਖਬੀਰ ਤਮਾਮ ਉਮਰ ਇਨਾਮਾਂ-ਸਨਮਾਨਾਂ ਦੀ ਦੌੜ ਤੋਂ ਦੂਰ ਰਿਹਾ। ਭਾਸ਼ਾ ਵਿਭਾਗ ਪੰਜਾਬ ਵੱਲੋਂ 1991 ਵਿੱਚ ਉਹਨੂੰ ਸ਼ ?ਰੋਮਣੀ ਪੰਜਾਬੀ ਸਾਹਿਤਕਾਰ (ਪੰਜਾਬ ਤੋਂ ਬਾਹਰ) ਪੁਰਸਕਾਰ ਦਿੱਤਾ ਜਾਣਾ ਸੀ, ਜਿਸਨੂੰ ਉਸਨੇ ਲੈਣ ਤੋਂ ਇਨਕਾਰ ਕਰ ਦਿੱਤਾ ਸੀ। ਉਹਨੇ ਪੂਰੀ ਜ਼ਿੰਦਗੀ ਵਿੱਚ ਸਿਰਫ ਦੋ ਇਨਾਮ/ਸਨਮਾਨ ਪ੍ਰਾਪਤ ਕੀਤੇ – ਕੇਂਦਰੀ ਪੰਜਾਬੀ ਲੇਖਕ ਸਭਾ ਵੱਲੋਂ ਮਾਣ-ਪੱਤਰ ਅਤੇ ਪੰਜਾਬੀ ਸਾਹਿਤ ਸਭਾ ਦਿੱਲੀ ਵੱਲੋਂ ਫ਼ੈਲੋਸ਼ਿਪ। ਤੇ ਅੰਤ ਵਿੱਚ ਗੁਲਜ਼ਾਰ ਦੀ ਮਾਰਫ਼ਤ 'ਮਾਹਿਰ-ਏ-ਫ਼ਨ' :

ਛੜੀ ਥੀ ਸ਼ਾਇਰੀ ਕੀ ਹਾਥ ਮੇਂ
ਚਲਤਾ ਥਾ ਜਬ,
ਆਵਾਜ਼ ਹੋਤੀ ਥੀ
ਗੁਰੂ ਥਾ,
ਸ਼ਖ਼ਸੀਅਤ ਮੇਂ ਮਾਹਿਰ-ਏ-ਫ਼ਨ ਗੂੰਜਤਾ ਥਾ
ਸਿਖਾਤਾ ਥਾ
ਨ ਸਮਝੋ ਗਰ ਤੋ ਚੁਪ ਰਹ ਕਰ
ਜ਼ਰਾ ਸਾ ਮੁਸਕਰਾਤਾ ਥਾ
ਛੜੀ ਆਵਾਜ਼ ਕਰਤੀ ਥੀ
ਸਿਆਹੀ ਕੀ ਮਹਕ ਥੀ ਉਸਕੇ ਬੋਲੋਂ ਮੇਂ
ਕਲਮ ਕੀ ਟਹਨੀ ਸੇ ਵੋ
ਆਸਮਾਂ ਕੋ ਪੇਂਟ ਕਰਤਾ ਥਾ
ਕਦਮ ਰਖਤਾ ਥਾ ਜਬ
ਤੋ ਉਸਕੇ ਪੈਰੋਂ ਕੀ ਧਮਕ ਸੇ
ਕਿਤਾਬੇਂ ਖੁਲਨੇ ਲਗਤੀ ਥੀਂ
ਨ ਜਾਨੇ ਕਿਸ ਤਰਫ਼ ਨਿਕਲਾ ਹੈ
ਵੋ ਅਪਨੀ ਕਲਮ ਲੇ ਕਰ
ਕਿਤਾਬੇਂ ਫੜਫੜਾਤੀ ਹੈਂ
ਛੜੀ ਕੇ ਬਜਨੇ ਕੀ ਆਵਾਜ਼ ਆਤੀ ਹੈ।

# ਸਕ੍ਰੀਨ ਦੀ ਚਮਕ ਹੇਠ ਗੁਆਚੀ ਘਰਾਂ ਦੀ ਰੌਣਕ: ਮੋਬਾਈਲ ਦੀ ਵਾਧੂ ਵਰਤੋਂ ਨੇ ਰਿਸ਼ਤਿਆਂ ਵਿੱਚ ਪਾਈ ਦੂਰੀ

ਚਾਨਣਦੀਪ ਸਿੰਘ ਔਲਖ ਮਾਨਸਾ,
ਸੰਪਰਕ 9876888177

ਅੱਜ ਦੇ ਆਧੁਨਿਕ ਯੁੱਗ ਵਿੱਚ ਮੋਬਾਈਲ ਫੋਨ ਅਤੇ ਇੰਟਰਨੈੱਟ ਸਾਡੀ ਰੋਜ਼ਾਨਾ ਜ਼ਿੰਦਗੀ ਦਾ ਸਭ ਤੋਂ ਅਹਿਮ ਹਿੱਸਾ ਬਣ ਚੁੱਕੇ ਹਨ। ਸਵੇਰੇ ਉੱਠਣ ਤੋਂ ਲੈ ਕੇ ਰਾਤ ਨੂੰ ਸੌਣ ਤੱਕ, ਇਨਸਾਨ ਕਿਸੇ ਨਾ ਕਿਸੇ ਰੂਪ ਵਿੱਚ ਸਕ੍ਰੀਨ ਨਾਲ ਜੁੜਿਆ ਰਹਿੰਦਾ ਹੈ। ਜਿੱਥੇ ਇਸ ਤਕਨਾਲੋਜੀ ਨੇ ਦੁਨੀਆ ਭਰ ਦੀ ਜਾਣਕਾਰੀ ਸਾਡੀਆਂ ਉਂਗਲਾਂ 'ਤੇ ਲਿਆ ਦਿੱਤੀ ਹੈ ਅਤੇ ਦੂਰ ਬੈਠੇ ਰਿਸ਼ਤੇਦਾਰਾਂ ਨਾਲ ਸੰਪਰਕ ਸੌਖਾ ਕਰ ਦਿੱਤਾ ਹੈ, ਉੱਥੇ ਹੀ ਇਸ ਦੀ ਲੋੜ ਤੋਂ ਵੱਧ ਵਰਤੋਂ ਸਾਡੇ ਪਰਿਵਾਰਿਕ ਰਿਸ਼ਤਿਆਂ ਲਈ ਇੱਕ ਵੱਡੀ ਚੁਣੌਤੀ ਬਣ ਗਈ ਹੈ। ਅੱਜ ਘਰਾਂ ਵਿੱਚ ਹੱਸਦੇ-ਖੇਡਦੇ ਅਤੇ ਆਪਸ ਵਿੱਚ ਗੱਲਾਂ ਕਰਦੇ ਚਿਹਰਿਆਂ ਦੀ ਜਗ ?ਹਾ ਮੋਬਾਈਲ ਦੀਆਂ ਬੇਜਾਨ ਸਕ੍ਰੀਨਾਂ ਨੇ ਲੈ ਲਈ ਹੈ, ਜਿਸ ਕਾਰਨ ਪਰਿਵਾਰਾਂ ਦੀ ਸਦੀਆਂ ਪੁਰਾਣੀ ਸੁਖ-ਸ਼ਾਂਤੀ ਦੇ ਸੁਪਨੇ ਹੌਲੀ-ਹੌਲੀ ਟੁੱਟ ਰਹੇ ਹਨ।

ਸਭ ਤੋਂ ਵੱਡੀ ਸਮੱਸਿਆ ਇਹ ਆ ਰਹੀ ਹੈ ਕਿ ਅੱਜ ਪਰਿਵਾਰ ਦੇ ਮੈਂਬਰ ਇੱਕੋ ਛੱਤ ਹੇਠ ਅਤੇ ਇੱਕੋ ਕਮਰੇ ਵਿੱਚ ਇਕੱਠੇ ਬੈਠੇ ਹੋਣ ਦੇ ਬਾਵਜੂਦ ਵੀ ਇੱਕ-ਦੂਜੇ ਲਈ ਓਪਰੇ ਬਣੇ ਹੋਏ ਹਨ। ਕਿਸੇ ਵੇਲੇ ਸ਼ਾਮ ਦਾ ਸਮਾਂ ਪਰਿਵਾਰਿਕ ਸਾਂਝ ਦਾ ਹੁੰਦਾ ਸੀ, ਜਿੱਥੇ ਦਿਨ ਭਰ ਦੀਆਂ ਗੱਲਾਂ ਅਤੇ ਸੁਖ-ਦੁੱਖ ਸਾਂਝੇ ਕੀਤੇ ਜਾਂਦੇ ਸਨ। ਪਰ ਹੁਣ, ਪਿਤਾ ਫੋਨ 'ਤੇ ਖ਼ਬਰਾਂ ਜਾਂ ਸੋਸ਼ਲ ਮੀਡੀਆ ਦੇਖਣ ਵਿੱਚ ਰੁੱਝੇ ਹੁੰਦੇ ਹਨ, ਮਾਂ ਰਸੋਈ ਦੇ ਕੰਮ ਤੋਂ ਵਿਹਲੀ ਹੋ ਕੇ ਵੀਡੀਓਜ਼ ਜਾਂ ਰੀਲਾਂ ਦੇਖਣ ਲੱਗ ਜਾਂਦੀ ਹੈ, ਅਤੇ ਬੱਚੇ ਮੋਬਾਈਲ 'ਤੇ ਆਨਲਾਈਨ ਗੇਮਾਂ ਖੇਡਣ ਵਿੱਚ ਮਸਤ ਰਹਿੰਦੇ ਹਨ। ਵਰਚੁਅਲ ਦੁਨੀਆ ਦੇ ਝੂਠੇ ਲਾਈਕਸ ਅਤੇ ਕੁਮੈਂਟਸ ਦੀ ਭਾਲ ਵਿੱਚ ਲੋਕ ਆਪਣੇ ਸਕੇ ਅਤੇ ਅਸਲੀ ਰਿਸ਼ਤਿਆਂ ਤੋਂ ਦੂਰ ਹੁੰਦੇ ਜਾ ਰਹੇ ਹਨ, ਜਿਸ ਨਾਲ ਘਰਾਂ ਵਿੱਚ ਇੱਕ ਅਜੀਬ ਕਿਸਮ ਦੀ ਖ਼ਾਮੋਸ਼ੀ ਪੈਦਾ ਹੋ ਗਈ ਹੈ।

ਇਸ ਬਦਲਾਅ ਦਾ ਸਭ ਤੋਂ ਮਾੜਾ ਅਸਰ ਬੱਚਿਆਂ ਦੇ ਮਾਨਸਿਕ ਵਿਕਾਸ ਅਤੇ ਉਨ੍ਹਾਂ ਦੇ ਸੰਸਕਾਰਾਂ 'ਤੇ ਪੈ ਰਿਹਾ ਹੈ। ਪਹਿਲੇ ਸਮਿਆਂ ਵਿੱਚ ਬੱਚੇ ਆਪਣੇ ਦਾਦੀ-ਦਾਦਾ ਜਾਂ ਮਾਪਿਆਂ ਕੋਲ ਬੈਠ ਕੇ ਕਹਾਣੀਆਂ ਸੁਣਦੇ ਸਨ, ਜਿਸ ਨਾਲ ਉਨ੍ਹਾਂ ਅੰਦਰ ਨੈਤਿਕ ਕਦਰਾਂ-ਕੀਮਤਾਂ ਪੈਦਾ ਹੁੰਦੀਆਂ ਸਨ। ਪਰ ਅੱਜ ਦੇ ਰੁੱਝੇ ਹੋਏ ਮਾਪੇ ਬੱਚਿਆਂ ਨੂੰ ਖ਼ੁਦ ਸਮਾਂ ਦੇਣ ਦੀ ਬਜਾਏ, ਆਪਣਾ ਪਿੱਛਾ ਛੁਡਵਾਉਣ ਲਈ ਉਨ੍ਹਾਂ ਦੇ ਹੱਥਾਂ ਵਿੱਚ ਮੋਬਾਈਲ ਫੋਨ ਫੜਾ ਦਿੰਦੇ ਹਨ। ਇਸ ਕਾਰਨ ਬੱਚਿਆਂ ਦੀਆਂ ਅੱਖਾਂ ਅਤੇ ਸਿਹਤ ਤਾਂ ਖ਼ਰਾਬ ਹੋ ਹੀ ਰਹੀ ਹੈ, ਨਾਲ ਹੀ ਉਹ ਬਹੁਤ ਜ਼ਿੱਦੀ, ਗੁੱਸੇਖ਼ੋਰ ਅਤੇ ਚਿੜਚਿੜੇ ਸੁਭਾਅ ਦੇ ਹੁੰਦੇ ਜਾ ਰਹੇ ਹਨ। ਬਾਹਰੀ ਖੇਡਾਂ ਅਤੇ ਮੈਦਾਨਾਂ ਤੋਂ ਦੂਰ ਹੋ ਕੇ ਬਚਪਨ ਹੁਣ ਸਿਰਫ਼ ਮੋਬਾਈਲ ਦੀ ਛੋਟੀ ਜਿਹੀ ਸਕ੍ਰੀਨ ਵਿੱਚ ਕੈਦ ਹੋ ਕੇ ਰਹਿ ਗਿਆ ਹੈ।

ਇਸ ਤੋਂ ਇਲਾਵਾ, ਆਪਸੀ ਗੱਲਬਾਤ ਦੀ ਕਮੀ ਕਾਰਨ ਪਤੀ-ਪਤਨੀ ਅਤੇ ਮਾਪਿਆਂ-ਬੱਚਿਆਂ ਵਿਚਕਾਰ ਗ਼ਲਤਫ਼ਹਿਮੀਆਂ ਲਗਾਤਾਰ ਵਧ ਰਹੀਆਂ ਹਨ, ਜੋ ਘਰੇਲੂ ਕਲੇਸ਼ ਦਾ ਮੁੱਖ ਕਾਰਨ ਬਣਦੀਆਂ ਹਨ। ਸੋਸ਼ਲ ਮੀਡੀਆ 'ਤੇ ਦੂਜਿਆਂ ਦੀ ਬਣਾਵਟੀ ਅਤੇ ਚਮਕਦਾਰ ਜ਼ਿੰਦਗੀ ਨੂੰ ਦੇਖ ਕੇ ਆਮ ਪਰਿਵਾਰਾਂ ਵਿੱਚ ਨਿਰਾਸ਼ਾ ਅਤੇ ਆਪਸੀ ਖਿੱਚੋਤਾਣ ਵਧ ਰਹੀ ਹੈ। ਜਦੋਂ ਪਰਿਵਾਰ ਦੇ ਮੈਂਬਰ ਇੱਕ-ਦੂਜੇ ਦੇ ਜਜ਼ਬਾਤਾਂ ਨੂੰ ਸੁਣਨ ਅਤੇ ਸਮਝਣ ਲਈ ਸਮਾਂ ਨਹੀਂ ਕੱਢਦੇ, ਤਾਂ ਰਿਸ਼ਤਿਆਂ ਦਾ ਨਿੱਘ ਖ਼ਤਮ ਹੋ ਜਾਂਦਾ ਹੈ। ਫੋਨ ਦੀ ਵਾਧੂ ਵਰਤੋਂ ਕਾਰਨ ਲੋਕਾਂ ਅੰਦਰ ਸਹਿਣਸ਼ੀਲਤਾ ਘਟ ਰਹੀ ਹੈ, ਜਿਸ ਨਾਲ ਹੱਸਦੇ-ਵਸਦੇ ਘਰਾਂ ਦੀ ਸ਼ਾਂਤੀ ਅਤੇ ਸਕੂਨ ਭੰਗ ਹੋ ਰਿਹਾ ਹੈ।

ਇਸ ਗੰਭੀਰ ਸਮੱਸਿਆ ਦਾ ਹੱਲ ਸਿਰਫ਼ ਸਾਡੀ ਜਾਗਰੂਕਤਾ ਅਤੇ ਸਖ਼ਤ ਫ਼ੈਸਲਿਆਂ ਵਿੱਚ ਹੀ ਛੁਪਿਆ ਹੋਇਆ ਹੈ। ਸਾਨੂੰ ਆਪਣੇ ਘਰਾਂ ਵਿੱਚ 'ਡਿਜੀਟਲ ਡੀਟੌਕਸ' ਦੇ ਨਿਯਮ ਲਾਗੂ ਕਰਨੇ ਪੈਣਗੇ, ਜਿਵੇਂ ਕਿ ਰਾਤ ਨੂੰ ਰੋਟੀ ਖਾਣ ਵੇਲੇ ਕੋਈ ਵੀ ਮੈਂਬਰ ਫੋਨ ਦੀ ਵਰਤੋਂ ਨਹੀਂ ਕਰੇਗਾ। ਦਿਨ ਵਿੱਚ ਘੱਟੋ-ਘੱਟ ਇੱਕ ਜਾਂ ਦੋ ਘੰਟੇ ਅਜਿਹੇ ਤੈਅ ਕੀਤੇ ਜਾਣ ਜਿੱਥੇ ਸਾਰੇ ਮੈਂਬਰ ਫੋਨ ਪਾਸੇ ਰੱਖ ਕੇ ਇਕੱਠੇ ਬੈਠਣ, ਚਾਹ ਪੀਣ ਅਤੇ ਦਿਲ ਖੋਲ੍ਹ ਕੇ ਗੱਲਾਂ ਕਰਨ। ਬੱਚਿਆਂ ਨੂੰ ਫੋਨ ਦੇਣ ਦੀ ਬਜਾਏ ਉਨ੍ਹਾਂ ਨਾਲ ਬਾਹਰ ਘੁੰਮਣ ਜਾਣਾ ਜਾਂ ਕੋਈ ਇਨਡੋਰ ਗੇਮ ਖੇਡਣਾ ਰਿਸ਼ਤਿਆਂ ਨੂੰ ਮੁੜ ਸੁਰਜੀਤ ਕਰ ਸਕਦਾ ਹੈ। ਅੰਤ ਵਿੱਚ, ਸਾਨੂੰ ਇਹ ਸਮਝਣਾ ਹੋਵੇਗਾ ਕਿ ਮੋਬਾਈਲ ਫੋਨ ਸਿਰਫ਼ ਇੱਕ ਸਾਧਨ ਹੈ, ਇਹ ਸਾਡੀ ਜ਼ਿੰਦਗੀ ਜਾਂ ਸਾਡਾ ਪਰਿਵਾਰ ਨਹੀਂ ਹੋ ਸਕਦਾ। ਫੋਨ ਦੀ ਸਕ੍ਰੀਨ ਨੂੰ ਥੋੜ੍ਹਾ ਸਮਾਂ ਲਾਕ ਰੱਖ ਕੇ ਹੀ ਅਸੀਂ ਆਪਣੇ ਪਰਿਵਾਰਿਕ ਰਿਸ਼ਤਿਆਂ ਦੇ ਬੂਹੇ ਖੋਲ੍ਹ ਸਕਦੇ ਹਾਂ ਅਤੇ ਘਰਾਂ ਦੀ ਸੁਖ-ਸ਼ਾਂਤੀ ਨੂੰ ਬਚਾ ਸਕਦੇ ਹਾਂ।

# ਕਿਸਮਤ ਵਾਲਾ/ਮਿੰਨੀ ਕਹਾਣੀ



ਸੋਲਾਂ ਸਾਲ ਪਹਿਲਾਂ ਗਿਆਨ ਚੰਦ ਸਾਡੇ ਪਿੰਡ ਦੇ ਸਰਕਾਰੀ ਹਾਈ ਸਕੂਲ ਵਿੱਚ ਬਤੌਰ ਮੁੱਖ ਅਧਿਆਪਕ ਪਰਮੋਟ ਹੋ ਕੇ ਆਇਆ ਸੀ। ਸੋਲਾਂ ਸਾਲ ਮੁੱਖ ਅਧਿਆਪਕ ਦੀ ਕੁਰਸੀ ਤੇ ਬੈਠਾ ਉਹ ਅੱਕ ਜਿਹਾ ਗਿਆ ਸੀ। ਉਸ ਨੂੰ ਮੁੱਖ ਅਧਿਆਪਕ ਦਾ ਅਹੁਦਾ ਛੋਟਾ, ਛੋਟਾ ਲੱਗਣ ਲੱਗ ਪਿਆ ਸੀ। ਉਹ ਪ੍ਰਿੰਸੀਪਲ ਦੀ ਪਰਮੋਸ਼ਨ ਲਈ ਏਨਾ ਕਾਹਲਾ ਸੀ ਜਿਵੇਂ ਪ੍ਰਿੰਸੀਪਲ ਬਣ ਕੇ ਉਸ ਨੇ ਗਿਆਨ ਚੰਦ ਤੋਂ ਹੋਰ ਕੁਝ ਬਣ ਜਾਣਾ ਸੀ। ਸਾਡੇ ਪਿੰਡ ਦੇ ਸਕੂਲ ਦੇ ਕਈ ਅਧਿਆਪਕ ਬੱਤੀ, ਬੱਤੀ ਸਾਲਾਂ ਤੋਂ ਇੱਕੋ ਅਹੁਦੇ ਤੇ ਕੰਮ ਕਰ ਰਹੇ ਸਨ। ਉਨ੍ਹਾਂ ਦੀ ਪਰਮੋਸ਼ਨ ਬਾਰੇ ਉਸ ਨੇ ਕਦੇ ਗੱਲ ਨਹੀਂ ਸੀ ਕੀਤੀ।

ਅੱਜ ਉਸ ਦੇ ਸਰਕਾਰੀ ਸੈਕੰਡਰੀ ਸਕੂਲ ਬੰਗਾ ਵਿੱਚ ਬਤੌਰ ਪ੍ਰਿੰਸੀਪਲ ਦੇ ਪਰਮੋਸ਼ਨ ਆਰਡਰ ਆ ਗਏ। ਉਸ ਨੂੰ ਜਿਵੇਂ ਪਰ ਲੱਗ ਗਏ ਹੋਣ। ਉਹ ਹਵਾ ਵਿੱਚ ਉੱਡਣ ਲੱਗ ਪਿਆ। ਉਸ ਦਾ ਜਿਵੇਂ ਬਾਕੀ ਅਧਿਆਪਕਾਂ ਨਾਲ ਕੋਈ ਸਬੰਧ ਹੀ ਨਾ ਰਿਹਾ ਹੋਵੇ। ਉਸ ਦਾ ਉਨ੍ਹਾਂ ਨਾਲ ਗੱਲ ਕਰਨ ਦਾ ਅੰਦਾਜ਼ ਹੀ ਬਦਲ ਗਿਆ। ਉਹ ਬਾਅਦ ਦੁਪਹਿਰ ਸਾਡੇ ਪਿੰਡ ਦੇ ਸਕੂਲ ਤੋਂ ਫਾਰਿਗ ਹੋ ਕੇ ਚਲਾ ਗਿਆ। ਉਸ ਦੇ ਜਾਣ ਪਿੱਛੋਂ ਬੱਤੀ, ਬੱਤੀ ਸਾਲਾਂ ਤੋਂ ਇੱਕੋ ਅਹੁਦੇ ਤੇ ਕੰਮ ਕਰਨ ਵਾਲੇ ਅਧਿਆਪਕ ਆਖਣ ਲੱਗੇ, ÷ਸਾਡੇ ਨਾਲੋਂ ਤਾਂ ਉਹ ਫਿਰ ਵੀ ਕਿਸਮਤ ਵਾਲਾ ਨਿਕਲਿਆ। ਸਾਡੀ ਪਤਾ ਨਹੀਂ ਮਹਿਕਮੇ ਨੇ ਕਦੋਂ ਸੁਣਨੀ ਆਂ ? ਖਬਰੇ ਸਾਨੂੰ ਪਰਮੋਸ਼ਨ ਤੋਂ ਬਗੈਰ ਹੀ ਸੇਵਾ ਮੁਕਤ ਹੋਣਾ ਪੈਣਾ ਆਂ।

**ਮਹਿੰਦਰ ਸਿੰਘ ਮਾਨ**
**ਪਿੰਡ ਤੇ ਡਾਕ ਰੱਕੜਾਂ ਢਾਹਾ-144526**
**ਜਿਲ੍ਹਾ ਸ਼ਹੀਦ ਭਗਤ ਸਿੰਘ ਨਗਰ**
**ਫੋਨ 9915803554**




# ਜਸਵੰਤ ਸਿੰਘ ਖਾਲੜਾ ਦੀ ਕਹਾਣੀ ਇੱਕ ਫ਼ਿਲਮ ਤੋਂ ਕਿਤੇ ਵੱਡੀ ਹੈ

ਸਰਜੀਤ ਸਿੰਘ ਫਲੋਰਾ
647-829-9397

ਭਾਰਤ ਦੇ ਸਭ ਤੋਂ ਵੱਡੇ ਸਟ ?ਰੀਮਿੰਗ ਪਲੇਟਫਾਰਮਾਂ ਵਿਚੋਂ ਇੱਕ ਤੋਂ ਇੱਕ ਫ਼ਿਲਮ 48 ਘੰਟਿਆਂ ਤੋਂ ਵੀ ਘੱਟ ਸਮੇਂ ਵਿੱਚ ਗਾਇਬ ਹੋ ਗਈ, ਪਰ ਜਿਵੇਂ ਹੀ ਉਹ ਹਟੀ, ਉਸਨੂੰ ਹੋਰ ਸੰਭਾਲਣਾ ਔਖਾ ਹੋ ਗਿਆ। ਦਲਜੀਤ ਦੋਸਾਂਝ ਦੀ ਮੁੱਖ ਭੂਮਿਕਾ ਵਾਲੀ ÷ਸਤਲੁਜ÷ ਦੀ ਇਹੀ ਕੇਂਦਰੀ ਸੱਚਾਈ ਹੈ, ਜੋ ਮਨੁੱਖੀ ਅਧਿਕਾਰ ਕਾਰਕੁਨ ਜਸਵੰਤ ਸਿੰਘ ਖਾਲੜਾ ਦੇ ਜੀਵਨ ਅਤੇ ਸੰਘਰਸ਼ ਉੱਤੇ ਆਧਾਰਿਤ ਹੈ। ਇਸ ਫ਼ਿਲਮ ਦੀ ਯਾਤਰਾ, ਇਸ ਦੀ ਰਿਲੀਜ਼ ਅਤੇ ਫਿਰ ਅਚਾਨਕ ਹਟਾ ਦਿੱਤਾ ਜਾਣਾ, ਸਿਰਫ਼ ਇੱਕ ਸੈਂਸਰਸ਼ਿਪ ਵਿਵਾਦ ਨਹੀਂ ਦਿਖਾਉਂਦੇ। ਆਨਲਾਈਨ ਦੁਨੀਆ ਵਿੱਚ ਕੋਈ ਫ਼ਿਲਮ ਹਟਾ ਦੇਣ ਨਾਲ ਖਾਮੋਸ਼ੀ ਨਹੀਂ ਬਣਦੀ। ਉਸ ਦੀਆਂ ਕਾਪੀਆਂ, ਕਲਿਪਾਂ, ਗੁੱਸਾ ਅਤੇ ਇੱਕ ਵੱਡੀ ਬਹਿਸ ਪੈਦਾ ਹੁੰਦੀ ਹੈ ਕਿ ਜਨਤਕ ਯਾਦ ਉੱਤੇ ਕੌਣ ਕਾਬੂ ਰੱਖੇ। ÷ਸਤਲੁਜ÷ ਆਮ ਰਿਲੀਜ਼ ਵਾਂਗ ਨਹੀਂ ਆਈ। ਇਹ ਸਾਲਾਂ ਦੀ ਦੇਰੀ, ਨਾਮ ਬਦਲਣ, ਪ੍ਰਮਾਣਿਕਤਾ ਨਾਲ ਝਗੜੇ ਅਤੇ ਠਹਿਰੇ ਹੋਏ ਸਿਨੇਮਾਈ ਰਾਹ ਤੋਂ ਬਾਅਦ ਸਾਹਮਣੇ ਆਈ। ਫਿਰ ਇਹ 3 ਜੁਲਾਈ 2026 ਨੂੰ ਜੀ5 ਉੱਤੇ ਆਈ, ਬਿਨਾਂ ਵੱਡੇ ਪ੍ਰਚਾਰ ਮੁਹਿੰਮ ਦੇ, ਅਤੇ 5 ਜੁਲਾਈ ਤੱਕ ਇਹ ਪਲੇਟਫਾਰਮ ਦੇ ਭਾਰਤੀ ਕੈਟਾਲੋਗ ਤੋਂ ਹਟਾ ਦਿੱਤੀ ਗਈ।

ਇਹ ਕ੍ਰਮ ਮਹੱਤਵ ਰੱਖਦਾ ਹੈ, ਕਿਉਂਕਿ ਦੇਰੀ ਨੇ ਫ਼ਿਲਮ ਨੂੰ ਦਬਾਇਆ ਨਹੀਂ। ਹਟਾਉਣ ਨਾਲ ਵੀ ਦਿਲਚਸਪੀ ਘਟੀ ਨਹੀਂ। ਹਰ ਕਦਮ ਨੇ ਇਸ ਨੂੰ ਹੋਰ ਤਿੱਖਾ ਰਾਜਨੀਤਕ ਰੰਗ ਦਿੱਤਾ, ਅਤੇ ਇਸ ਦੇ ਆਲੇ ਦੁਆਲੇ ਦਾ ਵਿਵਾਦ ਛੇਤੀ ਹੀ ਫ਼ਿਲਮ ਤੋਂ ਵੱਡਾ ਬਣ ਗਿਆ। ਇਸ ਦੀ ਸ਼ੁਰੂਆਤ ÷ਘਲੂਘਾਰਾ÷ ਨਾਂ ਨਾਲ ਹੋਈ ਸੀ, ਫਿਰ ਇਹ ÷ਪੰਜਾਬ '95÷ ਬਣੀ ਅਤੇ ਆਖ਼ਰਕਾਰ ÷ਸਤਲੁਜ÷ ਦੇ ਨਾਂ ਨਾਲ ਆਈ। ਇਹ ਤਬਦੀਲੀਆਂ ਸਿਰਫ਼ ਨਾਮਾਂ ਦੀ ਕਸਰਤ ਨਹੀਂ ਸਨ। ਕਿਹਾ ਜਾਂਦਾ ਹੈ ਕਿ ਇਹ ਕੇਂਦਰੀ ਫ਼ਿਲਮ ਪ੍ਰਮਾਣਿਕਤਾ ਬੋਰਡ ਦੇ ਇਤਰਾਜ਼ਾਂ ਤੋਂ ਬਾਅਦ ਕੀਤੀਆਂ ਗਈਆਂ, ਜਿਸ ਨੇ 127 ਕਟੌਤੀਆਂ ਅਤੇ ਹੋਰ ਨਾਂ ਰੱਖਣ ਦੀ ਸ਼ਰਤ ਦੀ ਮੰਗ ਕੀਤੀ ਗਈ ਸੀ। ਨਿਰਦੇਸ਼ਕ ਹਨੀ ਤ੍ਰੇਹਨ ਅਤੇ ਆਰਐਸਵੀਪੀ ਦੇ ਨਿਰਮਾਤਾਵਾਂ ਨੇ ਇਹ ਕਟੌਤੀਆਂ ਮਨਜ਼ੂਰ ਨਹੀਂ ਕੀਤੀਆਂ। ਲਗਭਗ ਚਾਰ ਸਾਲ ਤੱਕ ਇਹ ਟਕਰਾਅ ਖਿੱਚਦਾ ਚਲਾ ਗਿਆ , ਇੱਥੋਂ ਤੱਕ ਕਿ 2023 ਦੇ ਟੋਰਾਂਟੋ ਇੰਟਰਨੈਸ਼ਨਲ ਫ਼ਿਲਮ ਫੈਸਟੀਵਲ ਵਿੱਚ ਹੋਣ ਵਾਲੀ ਪ੍ਰੀਮੀਅਰ ਵੀ ਰੱਦ ਕਰਨੀ ਪਈ। ਫਰਵਰੀ 2025 ਦੀ ਇੱਕ ਰਿਲੀਜ਼ ਯੋਜਨਾ ਵੀ ਅੱਗੇ ਨਾ ਵਧ ਸਕੀ।

ਸਟ ?ਰੀਮਿੰਗ ਪੁਰਾਣੇ ਰੋਕਤੰਤਰਾਂ ਤੋਂ ਬਚਣ ਦਾ ਰਾਹ ਲੱਗਦੀ ਸੀ। ਜੀ45 ਅਜਿਹੀ ਫ਼ਿਲਮ ਦਿਖਾ ਸਕਦਾ ਸੀ ਜੋ ਸਿਨੇਮਾ ਘਰਾਂ ਅਤੇ ਸੈਂਸਰਾਂ ਨੇ ਥੰਮ ?ਹਾ ਰੱਖੀ ਸੀ, ਅਤੇ 3 ਜੁਲਾਈ ਨੂੰ ਉਸ ਨੇ ਇਹ ਕੀਤਾ ਵੀ, ਕਿਹਾ ਜਾਂਦਾ ਹੈ ਕਿ ਅਣਕੱਟ ਸੰਸਕਰਨ ਨਾਲ। ਪਰ ਓਟੀਟੀ ਨੇ ਰਾਜਨੀਤੀ ਨੂੰ ਕਹਾਣੀ ਤੋਂ ਬਾਹਰ ਨਹੀਂ ਕੀਤਾ। ਇਸ ਨੇ ਲੜਾਈ ਨੂੰ ਇੱਕ ਨਵੇਂ ਮੈਦਾਨ ਵਿੱਚ ਭੇਜ ਦਿੱਤਾ, ਜਿੱਥੇ ਪਹੁੰਚ ਇੱਕ ਪਲ ਵਿੱਚ ਦਿੱਤੀ ਵੀ ਜਾ ਸਕਦੀ ਹੈ ਅਤੇ ਅਗਲੇ ਪਲ ਰੋਕੀ ਵੀ ਜਾ ਸਕਦੀ ਹੈ। ਜੀ5 ਨੇ ਕਿਹਾ ਕਿ ਭਾਰਤ ਵਿੱਚ ਫ਼ਿਲਮ ਮਜੂਦਾ ਵਿਕਾਸ ਦੇ ਚਲਦਿਆਂ ਉਪਲਬਧ ਨਹੀਂ ਰਹੀ ਕਿਉਂਕਿ ਸਰਕਾਰ ਨੇ ਦਖ਼ਲ ਦੇ ਕੇ ਚਿੰਤਾ ਜਤਾਈ ਕਿ ਕੁਝ ਹਿੱਸਿਆਂ ਦੀ ਗਲਤ ਵਰਤੋਂ ਭਾਰਤ ਵਿਰੋਧੀ ਤੱਤ ਕਰ ਸਕਦੇ ਹਨ। ਇਸ ਦਾ ਅਸਰ ਸ਼ਾਂਤੀ ਨਹੀਂ, ਹੋਰ ਚੁਭਣ ਸੀ। ਕਿਉਂਕਿ ਫ਼ਿਲਮ ਜੀ5 ਦੁਨੀਆਂ ਭਰ 'ਚ ਮੌਜੂਦ ਰਹੀ, ਭਾਰਤ ਤੋਂ ਬਾਹਰ ਦੇ ਦਰਸ਼ਕ ਉਸਨੂੰ ਦੇਖ ਸਕਦੇ ਸਨ। ਉੱਧਰ ਭਾਰਤ ਦੇ ਦਰਸ਼ਕਾਂ ਸਾਹਮਣੇ ਇਹ ਤਿੱਖੀ ਹਕੀਕਤ ਆਈ ਕਿ ਰਾਜਕੀ ਦਬਾਅ ਬਾਰੇ ਬਣੀ ਇੱਕ ਫ਼ਿਲਮ ਨੂੰ ਰਾਜ ਦੀ ਮੰਗ ਉੱਤੇ ਹਟਾ ਦਿੱਤਾ ਗਿਆ।

ਫ਼ਿਲਮ ਹੁਣ ਇੱਕ ਹੀ ਥਾਂ ਤੇ ਨਹੀਂ ਜੀਉਂਦੀ। ਉਹ ਨਾ ਸਿਰਫ਼ ਕਿਸੇ ਇੱਕ ਸਿਨੇਮਾ ਚੇਨ, ਇੱਕ ਸੈਟਲਾਈਟ ਫੀਡ ਜਾਂ ਇੱਕ ਸਟ ?ਰੀਮਿੰਗ ਐਪ ਉੱਤੇ ਨਿਰਭਰ ਕਰਦੀ ਹੈ। ਜਿਵੇਂ ਹੀ ਕੋਈ ਟਾਈਟਲ ਚਲਨ ਵਿੱਚ ਆਉਂਦਾ ਹੈ, ਚਾਹੇ ਥੋੜ੍ਹੇ ਸਮੇਂ ਲਈ ਹੀ ਕਿਉਂ ਨਾ ਹੋਵੇ, ਕਾਬੂ ਅਧੂਰਾ ਹੋ ਜਾਂਦਾ ਹੈ। ÷ਸਤਲੁਜ÷ ਨੇ ਇਹ ਗੱਲ ਸਾਫ਼ ਕਰ ਦਿੱਤੀ ਹੈ ਕਿ ਅੱਜ ਸੈਂਸਰਸ਼ਿਪ ਹੜ੍ਹ ਆਉਣ ਤੋਂ ਬਾਅਦ ਬਣਾਈ ਗਈ ਬੰਨ੍ਹ ਵਾਂਗ ਕੰਮ ਕਰਦੀ ਹੈ। ਇਹ ਇੱਕ ਰਸਤੇ ਦੀ ਰਫ਼ਤਾਰ ਘਟਾ ਸਕਦੀ ਹੈ, ਪਰ ਖੇਤ ਵਿੱਚ ਪੈ ਚੁੱਕਾ ਪਾਣੀ ਵਾਪਸ ਨਹੀਂ ਮੋੜ ਸਕਦੀ।

ਬੰਦ ਕੀਤੀਆਂ ਜਾਂ ਰੋਕੀਆਂ ਫ਼ਿਲਮਾਂ ਆਮ ਤੌਰ ਤੇ ਗਾਇਬ ਨਹੀਂ ਹੁੰਦੀਆਂ। ਉਹ ਇਕ ਥਾਂ ਤੋਂ ਦੂਜੀ ਥਾਂ ਚਲੀ ਜਾਂਦੀਆਂ ਹਨ। ਮਿਰਰ ਲੰ ?ਕ ਆਉਂਦੇ ਹਨ, ਨਿੱਜੀ ਗਰੁੱਪ ਫ਼ਾਈਲਾਂ ਵੰਡਦੇ ਹਨ, ਛੋਟੇ ਕਲਿਪ ਸੋਸ਼ਲ ਮੀਡੀਆ ਉੱਤੇ ਘੁੰਮਦੇ ਹਨ, ਅਤੇ ਸਕ੍ਰੀਨਸ਼ਾਟ ਆਪ ਵਿੱਚ ਦਲੀਲ ਬਣ ਜਾਂਦੇ ਹਨ। ਜਿਨ੍ਹਾਂ ਲੋਕਾਂ ਨੇ ਪੂਰੀ ਫ਼ਿਲਮ ਨਹੀਂ ਵੀ ਦੇਖੀ, ਉਹ ਵੀ ਉਸ ਦੀ ਤਸਵੀਰ, ਉਸ ਦੇ ਵਿਸ਼ੇ ਅਤੇ ਉਸ ਦੇ ਆਲੇ ਦੁਆਲੇ ਦੇ ਝਗੜੇ ਨਾਲ ਵਾਕਫ਼ ਹੋ ਜਾਂਦੇ ਹਨ। ਇਹ ਗੱਲ ਇਸ ਲਈ ਵੀ ਮਹੱਤਵਪੂਰਨ ਹੈ ਕਿ ਅੱਜ ਪਹੁੰਚ ਸਿਰਫ਼ ਤਕਨੀਕੀ ਨਹੀਂ, ਸਮਾਜਿਕ ਵੀ ਹੈ। ਕਿਸੇ ਦਰਸ਼ਕ ਨੂੰ ਕਿਸੇ ਟਾਈਟਲ ਦੀ ਸਰਕਾਰੀ ਪ੍ਰੀਮੀਅਰ ਦੀ ਲੋੜ ਨਹੀਂ ਰਹੀ, ਜਦ ਉਹ ਖੁਦ ਜਨਤਕ ਵਿਵਾਦ ਬਣ ਚੁੱਕਾ ਹੋਵੇ। ਮੂੰਹ-ਜ਼ਬਾਨੀ ਗੱਲ, ਇਨਕ੍ਰਿਪਟਡ ਚੈਟ, ਫੈਨ ਪੇਜ ਅਤੇ ਗ਼ੈਰ-ਸਰਕਾਰੀ ਸਕ੍ਰੀਨਿੰਗਾਂ ਇੱਕ ਦੂਜੀ ਜ਼ਿੰਦਗੀ ਬਣਾਉਂਦੀਆਂ ਹਨ, ਜਿਸ ਨੂੰ ਪਲੇਟਫਾਰਮ ਪੂਰੀ ਤਰ੍ਹਾਂ ਨਹੀਂ ਰੋਕ ਸਕਦੇ।

÷ਸਤਲੁਜ÷ ਇਸ ਪੈਟਰਨ ਵਿੱਚ ਅਜਿਹੀ ਸਫ਼ਾਈ ਨਾਲ ਫਿੱਟ ਬੈਠਦੀ ਹੈ, ਜੋ ਘੱਟ ਹੀ ਮਿਲਦੀ ਹੈ। ਭਾਰਤ ਵਿੱਚ ਇਸ ਦੀ ਹਟਾਈ ਉਸ ਵੇਲੇ ਹੋਈ ਜਦੋਂ ਇਹ ਪਹਿਲਾਂ ਹੀ ਜਨਤਕ ਚਰਚਾ ਵਿੱਚ ਦਾਖ਼ਲ ਹੋ ਚੁੱਕੀ ਸੀ। ਇਸ ਲਈ ਪਾਬੰਦੀ ਨੇ ਕਾਨੂੰਨੀ ਪਹੁੰਚ ਨੂੰ ਰੋਕਿਆ, ਪਰ ਮੰਗ ਨੂੰ ਮਿਟਾ ਨਹੀਂ ਸਕੀ, ਨਾ ਹੀ ਗੱਲਬਾਤ ਨੂੰ ਰੋਕਿਆ। ਹਕੀਕਤ ਵਿੱਚ, ਇਸ ਨੇ ਇੱਕ ਔਖੀ ਫ਼ਿਲਮ ਨੂੰ ਮਨਾਹੀਸ਼ੁਦਾ ਬਣਾ ਦਿੱਤਾ, ਅਤੇ ਮਨਾਹੀਸ਼ੁਦਾ ਚੀਜ਼ਾਂ ਅਕਸਰ ਹੋਰ ਦੂਰ ਤੱਕ ਜਾਂਦੀਆਂ ਹਨ। ਦਰਸ਼ਕ ਵਧਦੀ ਗਿਣਤੀ ਵਿੱਚ ਸੈਂਸਰਸ਼ਿਪ ਨੂੰ ਇਸ ਸੰਕੇਤ ਵਜੋਂ ਲੈਂਦੇ ਹਨ ਕਿ ਕੁਝ ਮਹੱਤਵਪੂਰਨ ਲੁਕਾਇਆ ਜਾ ਰਿਹਾ ਹੈ। ਇਸ ਦਾ ਅਰਥ ਇਹ ਨਹੀਂ ਕਿ ਹਰ ਰੋਕੀ ਫ਼ਿਲਮ ਮਹਾਨ ਕਲਾ ਬਣ ਜਾਂਦੀ ਹੈ। ਪਰ ਇਹ ਜ਼ਰੂਰ ਹੈ ਕਿ ਦਬਾਉਣ ਦੀ ਕਾਰਵਾਈ ਉਸ ਨੂੰ ਨੈਤਿਕ ਭਾਰ ਦੇ ਦਿੰਦੀ ਹੈ।

ਸਤਲੁਜ ਉੱਤੇ ਪ੍ਰਤੀਕ੍ਰਿਆ ਇਸੇ ਬਦਲਾਅ ਨੂੰ ਦਿਖਾਉਂਦੀ ਹੈ। ਸਿੱਖ ਜਥੇਬੰਦੀਆਂ, ਸ਼ ?ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਅਕਾਲੀ ਦਲ ਨੇ ਇਸ ਹਟਾਉਣ ਨੂੰ ਸੈਂਸਰਸ਼ਿਪ ਅਤੇ ਪੰਜਾਬ ਦੇ ਇਤਿਹਾਸ ਉੱਤੇ ਹਮਲਾ ਕਰਾਰ ਦਿੱਤਾ। ਸੋਸ਼ਲ ਮੀਡੀਆ ਉੱਤੇ ਬਹਿਸ ਫ਼ਿਲਮ ਦੀ ਆਲੋਚਨਾ ਤੋਂ ਹਟ ਕੇ ਰਾਜ-ਸੱਤਾ, ਯਾਦ ਅਤੇ ਚੁਣਿੰਦੀ ਚੁੱਪ ਵੱਲ ਮੁੜ ਗਈ। ਇਥੇ ਭਰੋਸਾ ਸਭ ਤੋਂ ਵੱਡੀ ਗੱਲ ਹੈ। ਜਦੋਂ ਅਧਿਕਾਰੀ ਕਿਸੇ ਫ਼ਿਲਮ ਦੇ ਦਾਅਵਿਆਂ ਦਾ ਜਵਾਬ ਦੇਣ ਦੀ ਬਜਾਏ ਉਸਨੂੰ ਹਟਾ ਦੇਂਦੇ ਹਨ, ਕਈ ਦਰਸ਼ਕ ਇਹ ਨਤੀਜਾ ਕੱਢਦੇ ਹਨ ਕਿ ਰਾਜ ਸੱਚਾਈ ਨਾਲੋਂ ਕਹਾਣੀ ਉੱਤੇ ਕਾਬੂ ਚਾਹੁੰਦਾ ਹੈ। ਇਹ ਸ਼ੱਕ ਆਸਾਨੀ ਨਾਲ ਦੂਰ ਨਹੀਂ ਹੁੰਦਾ, ਕਿਉਂਕਿ ਪਾਬੰਦੀ ਖੁਦ ਲੋਕਾਂ ਦੇ ਮਨ ਵਿੱਚ ਸਬੂਤ ਬਣ ਜਾਂਦੀ ਹੈ।

ਸਤਲੁਜ÷ ਨੂੰ ਵੱਖਰੀ ਤਾਕਤ ਇਸ ਲਈ ਮਿਲਦੀ ਹੈ, ਕਿਉਂਕਿ ਇਸ ਦਾ ਵਿਸ਼ਾ ਨਾ ਅਫ਼ਵਾਹ ਹੈ, ਨਾ ਕੋਈ ਕਲਪਿਤ ਗਿਲਾ, ਨਾ ਹੀ ਸਿਰਫ਼ ਪ੍ਰਤੀਕਾਤਮਕ ਰੋਸ। ਖਾਲੜਾ ਦੇ ਕੰਮ ਵਿੱਚ ਗ਼ੈਰਕਾਨੂੰਨੀ ਹੱਤਿਆਵਾਂ, ਫ਼ਰਜ਼ੀ ਮੁਕਾਬਲਿਆਂ ਅਤੇ ਪੰਜਾਬ ਦੇ ਹਿੰਸਕ ਸਾਲਾਂ ਦੌਰਾਨ ਗੁਪਤ ਸਸਕਾਰਾਂ ਦੇ ਦਸਤਾਵੇਜ਼ੀ ਦੋਸ਼ ਸਨ। ਉਹ ਅੰਮ੍ਰਿਤਸਰ ਦੇ ਇੱਕ ਬੈਂਕ ਡਾਇਰੈਕਟਰ ਸਨ, ਜਿਨ੍ਹਾਂ ਨੇ ਮਨੁੱਖੀ ਅਧਿਕਾਰਾਂ ਲਈ ਕੰਮ ਸ਼ੁਰੂ ਕੀਤਾ ਅਤੇ ਐਸੇ ਰਿਕਾਰਡ ਸਾਹਮਣੇ ਲਿਆਂਦੇ ਜਿਨ੍ਹਾਂ ਵਿੱਚ ਹਜ਼ਾਰਾਂ ਗ਼ੈਰਕਾਨੂੰਨੀ ਸਸਕਾਰਾਂ ਦੇ ਨਿਸ਼ਾਨ ਮਿਲਦੇ ਸਨ। ਫ਼ਿਲਮ ਦੀ ਮੌਜੂਦਾ ਬਹਿਸ ਨਾਲ ਜੋੜੀਆਂ ਰਿਪੋਰਟਾਂ ਉਨ੍ਹਾਂ ਦੇ ਨਤੀਜਿਆਂ ਨੂੰ 25,000 ਗ਼ੈਰਕਾਨੂੰਨੀ ਹੱਤਿਆਵਾਂ ਅਤੇ ਗੁਪਤ ਸਸਕਾਰਾਂ ਦੇ ਸਬੂਤ ਵਜੋਂ ਦਰਸਾਉਂਦੀਆਂ ਹਨ। ਉਹ ਸਤੰਬਰ 1995 ਵਿੱਚ ਗਾਇਬ ਹੋਏ ਸਨ, ਅਤੇ ਬਾਅਦ ਵਿੱਚ ਅਦਾਲਤਾਂ ਨੇ ਉਨ੍ਹਾਂ ਦੇ ਅਗਵਾ ਅਤੇ ਕਤਲ ਲਈ ਪੰਜਾਬ ਪੁਲਿਸ ਦੇ ਛੇ ਅਧਿਕਾਰੀਆਂ ਨੂੰ ਦੋਸ਼ੀ ਠਹਿਰਾਇਆ। ਇੱਕ ਲੋਕਤੰਤਰ ਆਪਣੇ ਸਭ ਤੋਂ ਕਾਲੇ ਅਧਿਆਇਆਂ ਨੂੰ ਮਿਟਾ ਕੇ ਮਜ਼ਬੂਤ ਨਹੀਂ ਹੁੰਦਾ। ਅਸਹਿਜਤਾ ਖ਼ਤਰਾ ਨਹੀਂ ਹੁੰਦੀ, ਅਤੇ ਜਵਾਬਦੇਹੀ ਉੱਤੇ ਬਣੀ ਫ਼ਿਲਮ ਸਿਰਫ਼ ਇਸ ਲਈ ਖ਼ਤਰਾ ਨਹੀਂ ਬਣ ਜਾਂਦੀ ਕਿ ਉਹ ਸੰਸਥਾਵਾਂ ਨੂੰ ਬੇਨਕਾਬ ਕਰਦੀ ਹੈ। ਸਤਲੁਜ÷ 1984 ਤੋਂ 1994 ਤੱਕ ਦੇ ਪੰਜਾਬੀ ਦੌਰ ਨਾਲ ਜੁੜੀ ਹੈ, ਉਹ ਸਮਾਂ ਜੋ ਅਜੇ ਵੀ ਕਾਨੂੰਨ, ਰਾਜਨੀਤੀ ਅਤੇ ਪਰਿਵਾਰਕ ਯਾਦਾਂ ਵਿੱਚ ਚਰਚਾ ਦਾ ਵਿਸ਼ਾ ਹੈ। ਇਹ ਇਤਿਹਾਸ ਦਰਦਨਾਕ ਹੈ ਕਿਉਂਕਿ ਇਸ ਵਿੱਚ ਅਸਲ ਲਾਸ਼ਾਂ, ਅਸਲ ਰਿਕਾਰਡ ਅਤੇ ਅਸਲ ਅਧਿਕਾਰਕ ਤਾਕਤ ਸ਼ਾਮਲ ਸੀ। ਅਜਿਹੀ ਸਮੱਗਰੀ ਨੂੰ ਛੁਪਾਉਣ ਦੀ ਕੋਸ਼ਿਸ਼ ਜਨਤਕ ਸੁਰੱਖਿਆ ਨਾਲੋਂ ਵੱਧ ਸੰਸਥਾਗਤ ਬਚਾਅ ਵਰਗੀ ਲੱਗਦੀ ਹੈ।

ਇਸੇ ਲਈ ਇਹ ਮਾਮਲਾ ਇੰਨਾ ਤਿੱਖਾ ਹੋਇਆ ਹੈ। ਮੁੱਦਾ ਸਿਰਫ਼ ਕਲਾ ਦੀ ਆਜ਼ਾਦੀ ਦਾ ਨਹੀਂ। ਮੁੱਦਾ ਇਹ ਹੈ ਕਿ ਕੀ ਇੱਕ ਰਾਜ ਗ਼ਲਤੀਆਂ ਨੂੰ ਮੰਨ ਸਕਦਾ ਹੈ, ਜਾਂ ਯਾਦਾਂ ਨੂੰ ਵੀ ਬੇਵਫ਼ਾਈ ਸਮਝਦਾ ਰਹੇਗਾ। ਸੈਂਸਰਸ਼ਿਪ ਹਮੇਸ਼ਾ ਇੱਕ ਹੋਰ ਸਵਾਲ ਪੈਦਾ ਕਰਦੀ ਹੈ, ਇਹੀ ਕਿਉਂ, ਹੋਰ ਕਿਉਂ ਨਹੀਂ। ਜਿਵੇਂ ਹੀ ਇਹ ਸਵਾਲ ਕਮਰੇ ਵਿੱਚ ਆਉਂਦਾ ਹੈ, ਨਿਰਪੱਖ ਨਿਯਮਾਂ ਦਾ ਦਾਅਵਾ ਕਮਜ਼ੋਰ ਪੈ ਜਾਂਦਾ ਹੈ। ਭਾਰਤੀ ਸਕ੍ਰੀਨਾਂ ਅਤੇ ਸਟ ?ਰੀਮਿੰਗ ਸੇਵਾਵਾਂ ਪਹਿਲਾਂ ਹੀ ਬਗਾਵਤ, ਜੰਗ, ਧਾਰਮਿਕ ਟਕਰਾਅ ਅਤੇ ਰਾਜੀ ਹਿੰਸਾ ਵਾਲੀਆਂ ਕਹਾਣੀਆਂ ਦਿਖਾ ਰਹੀਆਂ ਹਨ। ਕੁਝ ਉੱਤੇ ਵਾਦ ਹੁੰਦਾ ਹੈ, ਕੁਝ ਨੂੰ ਸਰਕਾਰੀ ਸਲਾਹ ਮਿਲਦੀ ਹੈ, ਕੁਝ ਰੋਕ ਦਾ ਸਾਹਮਣਾ ਕਰਦੀਆਂ ਹਨ। ਜਦੋਂ ਖਾਲੜਾ ਦੇ ਰਿਕਾਰਡ ਉੱਤੇ ਬਣੀ ਫ਼ਿਲਮ ਸਾਲਾਂ ਦੀ ਰੁਕਾਵਟ ਵਿਚ ਫਸਦੀ ਹੈ, ਤਾਂ ਇਹ ਰੁਝਾਨ ਰਾਜਨੀਤਕ ਹੀ ਦਿਸਦਾ ਹੈ, ਕਿਉਂਕਿ ਵਿਸ਼ਾ ਆਪ ਵਿੱਚ ਰਾਜਨੀਤਕ ਹੈ। ਇਹ ਹਰ ਫ਼ੈਸਲਾ ਬਦਨਿਯਤੀ ਨਾਲ ਹੀ ਹੋਇਆ, ਇਹ ਸਾਬਤ ਨਹੀਂ ਹੁੰਦਾ। ਪਰ ਚੁਣਿੰਦੀ ਰੋਕ ਇਸ ਦੀ ਭਰੋਸੇਯੋਗਤਾ ਨੂੰ ਨੁਕਸਾਨ ਪਹੁੰਚਾਉਂਦੀ ਹੈ। ਸੈਂਸਰ ਕਿਸੇ ਟਾਈਟਲ ਨੂੰ ਰੋਕ ਸਕਦਾ ਹੈ, ਪਰ ਇਹ ਸਮਝਾਉਣਾ ਔਖਾ ਰਹਿੰਦਾ ਹੈ ਕਿ ਇੱਕ ਦਰਦਨਾਕ ਇਤਿਹਾਸ ਬੋਲਣਯੋਗ ਕਿਉਂ ਹੈ ਅਤੇ ਦੂਜਾ ਕਿਉਂ ਨਹੀਂ?

ਸਤਲੁਜ ਨੇ ਇੱਕ ਗੱਲ ਬੜੀ ਸਾਫ਼ ਕਰ ਦਿੱਤੀ ਹੈ, ਆਨਲਾਈਨ ਫ਼ਿਲਮ ਨੂੰ ਦਬਾਉਣਾ ਅਸੰਭਵ ਤਾਂ ਨਹੀਂ, ਪਰ ਬਹੁਤ ਹੀ ਨੁਕਸਾਨਦਾਇਕ ਹੈ। ਰਾਜ ਰਿਲੀਜ਼ ਨੂੰ ਦੇਰੀ ਕਰ ਸਕਦਾ ਹੈ, ਨਾਮ ਬਦਲਵਾ ਸਕਦਾ ਹੈ, ਅਤੇ ਇੱਕ ਦੇਸ਼ ਵਿੱਚ ਪਹੁੰਚ ਰੋਕਣ ਲਈ ਪਲੇਟਫਾਰਮ ਉੱਤੇ ਦਬਾਅ ਪਾ ਸਕਦਾ ਹੈ। ਪਰ ਜਦੋਂ ਫ਼ਿਲਮ ਜਨਤਕ ਚਰਚਾ ਵਿੱਚ ਦਾਖ਼ਲ ਹੋ ਜਾਵੇ, ਉਸ ਨੂੰ ਮੁੜ ਅਣਜਾਣ ਨਹੀਂ ਬਣਾਇਆ ਜਾ ਸਕਦਾ।

ਅਸਲੀ ਸਮੱਸਿਆ ਤਕਨੀਕੀ ਨਹੀਂ, ਲੋਕਤੰਤਰੀ ਹੈ। ਜਦੋਂ ਜਸਵੰਤ ਸਿੰਘ ਖਾਲੜਾ ਉੱਤੇ ਬਣੀ ਫ਼ਿਲਮ ਦਾ ਜਵਾਬ ਦੇਣਾ ਔਖਾ ਹੋਵੇ ਅਤੇ ਉਸਨੂੰ ਹਟਾਉਣਾ ਆਸਾਨ, ਤਾਂ ਸੈਂਸਰਸ਼ਿਪ ਕੰਟਰੋਲ ਨਹੀਂ ਲੱਗਦੀ, ਡਰ ਲੱਗਦੀ ਹੈ।

# ਪ੍ਰੀਤ ਫੁਲਵਾੜੀ

## ਚਿੱਟੇ ਦਾ ਸ਼ਿਕਾਰ

ਪਹਿਲਾਂ ਸੋਕਿਆਂ ਨੇ ਝਾੜ ਸੁਕਾਇਆ ਸੀ,
ਤੇ ਹੁਣ ਹੜ੍ਹਾਂ ਨੇ ਵੀ ਕਹਿਰ ਮਚਾਇਆ ਸੀ।
ਜਦੋਂ ਰੱਬ ਨੇ ਹੀ ਫੜੀ ਨਹੀਂਓਂ ਬਾਂਹ, ਕਿ ਮਨਾਂ ਉਤੇ ਭਾਰ ਹੋ ਗਿਆ।
ਚਿੱਟੇ ਨਰਮੇ ਦੀ ਖੇਤੀ ਸੀ ਉਹ ਕਰਦਾ, ਕਿ ਚਿੱਟੇ ਦਾ ਸ਼ਿਕਾਰ ਹੋ ਗਿਆ।
ਜਾਂਦੀ ਉਮਰ ਸੀ ਨੌਕਰੀ ਦੀ ਲੰਘਦੀ,
ਜ਼ਿੰਮੇਵਾਰੀ ਜਿੰਦ ਸੂਲੀ ਉੱਤੇ ਟੰਗਦੀ।
ਪੜ੍ਹ ਲਿਖ ਕੇ ਵੀ ਦੇਖੋ ਮੁੰਡਾ ਜੱਟਾਂ ਦਾ, ਕਿ ਬੇਰੁਜਗਾਰ ਹੋ ਗਿਆ।
ਚਿੱਟੇ ਨਰਮੇ ਦੀ ਖੇਤੀ ਸੀ ਉਹ ਕਰਦਾ, ਕਿ ਚਿੱਟੇ ਦਾ ਸ਼ਿਕਾਰ ਹੋ ਗਿਆ।
ਕਦੇ ਟੁੱਟੀ ਨਹੀਂ ਸੀ ਕਰੀਜ਼, ਚਿੱਟੇ ਕੁੜਤੇ ਪਜਾਮੇ ਦੀ।
ਬੈਂਕ ਵਾਲੇ ਲੈ ਗਏ ਅੱਜ, ਚਾਬੀ ਉਹਦੇ ਯਾਹਮੇ ਦੀ।
ਗਿਆ ਕਰਜੇ ਦੇ ਭਾਰ ਹੇਠਾਂ ਦੱਬਦਾ, ਕਿ ਜ਼ਿੰਦਗੀ ਤੋਂ ਹਾਰ ਹੋ ਗਿਆ।
ਚਿੱਟੇ ਨਰਮੇ ਦੀ ਖੇਤੀ ਸੀ ਉਹ ਕਰਦਾ, ਕਿ ਚਿੱਟੇ ਦਾ ਸ਼ਿਕਾਰ ਹੋ ਗਿਆ।
ਇੱਕ ਦਿਨ ਉਹ ਵੀ ਮਾਰ ਗਈ ਉਡਾਰੀ ਸੀ,
ਜੀਹਨੂੰ ਚੜ੍ਹੀ ਰਹਿੰਦੀ ਸਦਾ ਇਸ਼ਕ ਖੁਮਾਰੀ ਸੀ।
ਸ਼ਰੀਕਾਂ ਨੇ ਜੋ ਪਿੱਠ ਪਿੱਛੇ ਕੀਤਾ ਸੀ, ਕਿ ਉੱਪਰੋਂ ਉਹ ਵਾਰ ਹੋ ਗਿਆ।
ਚਿੱਟੇ ਨਰਮੇ ਦੀ ਖੇਤੀ ਸੀ ਉਹ ਕਰਦਾ, ਕਿ ਚਿੱਟੇ ਦਾ ਸ਼ਿਕਾਰ ਹੋ ਗਿਆ।
ਕੁਆਰੀ ਭੈਣ ਦੇ ਸੀ ਧੌਲੇ ਹੁਣ ਆ ਗਏ,
ਲਿਸਟ ਦਾਜ ਵਾਲੀ ਸਹੁਰੇ ਸੀ ਫੜਾ ਗਏ।
ਬਚੀ ਕਿਰਨ ਉਮੀਦ ਵਾਲੀ ਕੋਈ ਨਾ, ਕਿ ਮੌਤ ਦਾ ਵਪਾਰ ਹੋ ਗਿਆ,
ਚਿੱਟੇ ਨਰਮੇ ਦੀ ਖੇਤੀ ਸੀ ਉਹ ਕਰਦਾ, ਕਿ ਚਿੱਟੇ ਦਾ ਸ਼ਿਕਾਰ ਹੋ ਗਿਆ।
ਨਿੱਤ ਹੋਈ ਜਾਂਦਾ ਆਪਣੇ ਤੋਂ ਦੂਰ ਸੀ,
ਬੁੱਢੇ ਮਾਂ ਬਾਪ ਬੈਠੇ ਮਜਬੂਰ ਸੀ।
ਆਖਿਰ ਚੁੱਕ ਲਿਆ ਸਟੈਪ ਉਹਨੇ ਆਖਰੀ, ਕਿ ਖੁਦ ਕਿੱਸਾਕਾਰ ਹੋ ਗਿਆ।
ਚਿੱਟੇ ਨਰਮੇ ਦੀ ਖੇਤੀ ਸੀ ਉਹ ਕਰਦਾ, ਕਿ ਚਿੱਟੇ ਦਾ ਸ਼ਿਕਾਰ ਹੋ ਗਿਆ।
ਚਿੱਟੇ ਨਰਮੇ ਦੀ ਖੇਤੀ ਸੀ ਉਹ ਕਰਦਾ, ਕਿ ਚਿੱਟੇ ਦਾ ਸ਼ਿਕਾਰ ਹੋ ਗਿਆ।

**ਅਮਰਬੀਰ ਸਿੰਘ ਚੀਮਾ**
ਮੋਬਾਈਲ ਨੰ: 9888940211

## ਕਵਿਤਾ

ਸਮੇਂ ਦੇ ਹਾਕਮ ਦੇ ਹੁਕਮ ਤੇ
ਬੀਬੀ ਭਾਨੀ ਦੇ ਚੰਨ ਨੂੰ
ਸਖ਼ਤ ਗਰਮੀ ਦੇ ਮੌਸਮ ਵਿੱਚ
ਬਿਠਾਇਆ ਗਿਆ
ਤੱਤੀ ਤਵੀ ਉੱਤੇ
ਤੇ ਪਾਈ ਗਈ
ਸੀਸ ਤੇ ਸੜਦੀ, ਬਲਦੀ ਰੇਤ।
ਉਸ ਨੂੰ ਕੀ ਪਤਾ ਸੀ
ਉਸ ਦੀ ਧਾਰਮਿਕ ਕੱਟੜਤਾ
ਤੇ ਤੰਗ ਦਿਲੀ
ਕੁੱਝ ਨਹੀਂ ਵਿਗਾੜ ਸਕਦੀ
ਬੀਬੀ ਭਾਨੀ ਦੇ ਚੰਨ ਦਾ
ਤੇ ਨਿਮਰਤਾ ਦੇ ਪੁੰਜ,
ਸ਼ਾਂਤੀ ਸਰੂਪ ਨੇ
ਇਹ ਅਸਹਿ ਸਰੀਰਕ ਕਸ਼ਟ
ਸਹਾਰ ਲੈਣੇ ਨੇ
÷ ਤੇਰਾ ਕੀਆ ਮੀਠਾ ਲਾਗੈ।
ਹਰਿ ਨਾਮੁ ਪਦਾਰਥੁ ਨਾਨਕੁ ਮਾਂਗੈ।÷ ਕਹਿ ਕੇ
ਤੇ ਉਸ ਦੀ ਸ਼ਹਾਦਤ ਨੇ
ਉਸ ਦੇ ਸਿੱਖਾਂ ਨੂੰ
ਜਬਰ, ਜ਼ੁਲਮ ਦੇ ਟਾਕਰੇ ਲਈ
ਸਦਾ ਤਿਆਰ ਰਹਿਣ ਦਾ ਪਾਠ
ਪੜ੍ਹਾ ਦੇਣਾ ਹੈ।

**ਮਹਿੰਦਰ ਸਿੰਘ ਮਾਨ**
ਫੋਨ 9915803554

## ਕਵਿਤਾ

ਤੂੰ ਮੇਰੇ ਲਈ ਐਵੇਂ ਸਮਾਂ ਬਰਬਾਦ ਨਾਂ ਕਰ,
ਭੁੱਲ ਜਾ ਮੈਨੂੰ ਸੁਪਨਾਂ ਸਮਝ ਕੇ,ਯਾਦ ਨਾਂ ਕਰ,
ਤੂੰ ਜ਼ਿੰਦਗੀ ਜਿਉਂ ਲੈ ਹੋਰ ਕਿਸੇ ਦੇ ਸੰਗ,
ਇਸਨੂੰ ਬੇਰੰਗ ਅਤੇ ਬੇਸੁਆਦ ਨਾਂ ਕਰ,
ਤੂੰ ਹਾਸੇ ਹੱਸ ਲੈ ਨਵੇਂ ਸੱਜਣ ਨੂੰ ਗਲ ? ਲਾ ਕੇ,
ਆਪਣੇਂ ਗ਼ਮਾਂ ਦੀ ਵੱਧ ਤਾਦਾਦ ਨਾਂ ਕਰ,
ਮੇਰੇ ਨਾਲ ? ਪਿਆਰ ਕਰਕੇ ਜੋ ਤੂੰ ਕੀਤੀ ਹੈ,
ਉਹ ਗ਼ਲਤੀ ਅੱਜ ਤੋਂ ਬਾਅਦ ਨਾਂ ਕਰ,
ਤੂੰ ਵਸਦਿਆਂ ਵਿੱਚ ਹੀ ਰਹੇਂ ਤਾਂ ਚੰਗਾ ਹੈ,
ਦਿਲ ਵਿੱਚ ਖਿੜੀ ਗੁਲਜ਼ਾਰ ਨੂੰ ਬੇਆਬਾਦ ਨਾਂ ਕਰ,
'ਦਿਲਸ਼ਾਨ' ਹਸਰਤ ਦਿਲ ਦੀ ਪੂਰੀ ਕਰ ਲੈ,
ਆਪਣੇਂ ਅਰਮਾਨਾਂ ਦੀ ਖ਼ਤਮ ਮਿਆਦ ਨਾਂ ਕਰ।

**ਦਿਲਸ਼ਾਨ, ਮੋਬਾਈਲ** - 9914304172

## ਮਾਮੇ ਵਾਲੀ ਮੇਰੀ ਛੱਤਰੀ

ਰੰਗ ਬਰੰਗੀ ਛੱਤਰੀ ਮੇਰੀ,
ਮਾਮਾ ਮੇਰਾ ਲਿਆਇਆ।
ਪਹਿਲਾਂ ਉਸ ਦੀ ਡੋਰੀ ਖੋਲ੍ਹੀ,
ਫੇਰ ਮੈਂ ਬਟਨ ਦਬਾਇਆ।
ਵਿੱਚ ਹਵਾ ਦੇ ਉੱਡ ਉੱਡ ਜਾਵੇ,
ਘੁੱਟ ਕੇ ਮੈਂ ਫੜ ਰੱਖੀ ?।
ਮਾਮੇ ਨੇ ਮੈਨੂੰ ਲਿਆ ਕੇ ਦਿੱਤੀ,
ਇਹ ਗੱਲ ਸਭ ਨੂੰ ਦੱਸੀ।
ਉੱਪਰ ਲੈ ਕੇ ਬਾਹਰ ਨਾ ਜਾਈਂ
ਮੰਮੀ ਮੈਨੂੰ ਰੋਕੇ ?।
ਬੇਟਾ ਬਾਹਰ ਹਨੇਰੀ ਵਗਦੀ,
ਅੰਦਰ ਰੱਖ ਲਕੋ ਕੇ।
ਚਾਂਦੀ ਰੰਗੀ ਡੰਡੀ ਉਸ ਦੀ,
ਖੂੰਡੀ ਗੋਲ ਬਣਾਈ ?।
ਕਦੇ ਖੋਲਦਾ, ਬੰਦ ਮੈਂ ਕਰਦਾ,
ਤੁਰਦਾ ਚਾਈਂ ਚਾਈਂ।
ਕਾਰਟੂਨ ਬਣਾਇਆ ਉੱਤੇ ਇੱਕ,
ਵੇਖ ਵੇਖ ਖੁਸ਼ ਹੋਵਾਂ ?।
ਜਦ ਉਸ ਨੂੰ ਹੱਥ ਕੋਈ ਲਾਵੇ
ਮੈਂ ਹੁਬਕੀ ਹੁਬਕੀ ਰੋਵਾਂ।
'ਪੱਤੋ' ਤੋਂ ਚਾਅ ਚੱਕਿਆ ਨਾ ਜਾਵੇ,
ਰਾਤੀ ਨੀਂਦ ਨਾ ਆਵੇ।
ਵਿੱਚ ਹਨੇਰੇ ਜਦ ਨਾ ਦਿਸਦੀ
ਝੱਟ ਉੱਠ ਬਲਬ ਜਗਾਵੇ।

**ਹਰਪ੍ਰੀਤ ਪਤੋ ਪਿੰਡ ਪੱਤੋ ਹੀਰਾ ਸਿੰਘ ਮੋਗਾ ਫੋਨ ਨੰਬਰ**
94658-21417

## ਕਵਿਤਾ

ਭੇਜ ਦਿੱਤੇ ਸੀ ਮਾਵਾਂ ਨੇ,
ਸਕੂਲ ਕਰਕੇ ਤਿਆਰ,,
ਆਉਂਦੇ ਹੋਣੇ ਰਾਹ ਚ,,
ਮਾਪੇ ਖੜੇ ਘਰੋਂ ਬਾਹਰ,,

ਕਿਸੇ ਦੇ ਦੋ ਸੀ ਲਾਡਲੇ,
ਕਿਸੇ ਦਾ ਇੱਕ ਸੀ ਨਿਆਣਾ,
ਭੁੱਖੇ ਪਿਆਸੇ ਖੌਰੇ ਕਿਵੇਂ ਹੋਣੇ,
ਅਚਾਨਕ ਵਾਪਰ ਗਿਆ ਭਾਣਾ,

ਪਲਾਂ ਚ ਹੀ ਇਹ ਖ਼ਬਰ ,
ਫੈਲ ਗਈ ਦੂਰ ਦੁਰਾਡੇ ,,
ਮਾਂ ਪਿਓ ਨੂੰ ਫਿਕਰ ਪਿਆ,
ਹਾਏ ਹੋਣੇ ਆ ਬੱਚੇ ਸਾਡੇ,,

ਅੱਖੀਓਂ ਨੀਰ ਵਗੇ ਰੁਕੇ ਨਾ,
ਖੁਸ਼ੀਆਂ ਨੂੰ ਲੱਗੇ ਠੱਗ,,
ਤੜਫ ਉੱਠੇ ਦਿਲ ਸੁਣਕੇ,
ਸਕੂਲ ਵੈਨ ਨੂੰ ਲੱਗੀ ਅੱਗ,,

ਕੀ ਬੀਤ ਦੀ ਮਾਂ ਤੇ ਹੋਣੀ,
ਰਿਹਾ ਜਿਗਰ ਦਾ ਟੋਟਾ ਨਾ,
ਮੱਖਣ ਸ਼ੇਰੋਂ ਉਜੜ ਸੰਸਾਰ ਗਿਆ,,
ਇਹ ਦੁੱਖ ਕੋਈ ਛੋਟਾ ਨਾ,

**ਮੱਖਣ ਸ਼ੇਰੋਂ ਵਾਲਾ**
**ਸੰਪਰਕ** 98787-98726

## ਮੈਂ ਪੰਜਾਬੀ ਬੋਲੀ

ਮੈਂ ਹਾਂ ਗੁਰੂਆਂ ਦੀ ਪਾਕ ਅਤੇ ਪਵਿੱਤਰ ਬੋਲੀ
ਅੱਖਰਾਂ ਤੇ ਮਾਤਰਾਵਾਂ ਨਾਲ ਮੇਰੀ ਭਰੀ ਝੋਲੀ।
ਦੇਸ਼ਾਂ ਵਿਦੇਸ਼ਾਂ ਵਿੱਚ ਬੋਲੀ ਮੇਰੀ ਦੇ ਝੂਲਣ ਨਿਸ਼ਾਨ
ਸੰਸਾਰੀ ਬੋਲੀਆਂ ਅਣਗਿਣਤ ਮੇਰੀ ਵਿਲੱਖਣ ਪਹਿਚਾਣ।।
ਅੱਖਰਾਂ ਸੰਗ ਹੀ ਸੋਹਦੇ ਹਨ ਬੋਲੀ ਦੇ ਜਜ਼ਬਾਤ
ਬੋਲੀ ਸੰਗ ਗੁਲਜ਼ਾਰ ਬਿਨੁ ਬੋਲੀ ਸਾਹਿਤ ਕਾਲੀ ਰਾਤ।
ਅਕਲਾਂ ਵਾਲਿਓ ! ਕਲਮਾਂ ਵਾਲਿਓ ! ਸੁਣੋ ਮੇਰੀ ਪੁਕਾਰ
ਮੇਰਾ ਅਮੀਰ ਵਿਰਸਾ ਨਾ ਭੁੱਲ ਜਾਇਓ, ਕਰੋ ਸਤਿਕਾਰ।।
ਗੁਰੂ ਸਾਹਿਬ ਨੇ ਮੈਨੂੰ ਆਪਣੇ ਹੱਥੀ ਮੁੱਢੋਂ ਰੁਸ਼ਨਾਇਆ
ਪੀਰਾਂ ਪੈਗੰਬਰਾਂ ਤੇ ਸੰਤਾਂ ਰੱਚ ਬਾਣੀ ਗਲ ਲਾਇਆ।
ਪੈਂਤੀ ਅੱਖਰਾਂ ਸੰਗ ਸੋਹੰਦਾ ਮੇਰੀ ਵਰਨਮਾਲਾ ਦਾ ਪਰਿਵਾਰ
ਅੱਖਰਾਂ ਰਲ ਜੋੜੇ ਮੁਕਤਾ ਅੱਖਰ ਮਾਤਰਾਵਾਂ ਉਪਜੇ ਸ਼ਬਦੀਂ ਭੰਡਾਰ।
ਮੁਕਤੇ ,ਕੰਨੇ , ਸਿਹਾਰੀਆਂ ਅਤੇ ਬਿਹਾਰੀਆਂ
ਅੱਖਰਾਂ ਸੰਗ ਫੱਬਣ ਮੇਰੀਆਂ ਸ਼ਬਦ ਕਿਆਰੀਆਂ।
ਔਂਕੜ ਸਮੇਤ ਦੁਲੈਂਕੜ ,ਲਾਵਾਂ ਅਤੇ ਦੁਲਾਵਾਂ
ਸ਼ਬਦੀ ਬਣਤਰ ਵਿੱਚ ਕਿਸ ਕਿਸ ਦਾ ਯੋਗਦਾਨ ਭੁਲਾਵਾਂ।
ਹੋੜੇ ਦੇ ਨਾਲ ਕਨੌੜੇ ਸਮੇਤ ਅੱਧਕ ਅਤੇ ਟਿੱਪੀਆਂ
ਸਾਹਿਤਿਕ ਫੁਲਕਾਰੀ ਦੀਆਂ ਸਭ ਨੇ ਅਨਮੋਲ ਸਿੱਪੀਆਂ।।
ਬੋਲ ਨੂੰ ਲਿਖਤ ਵਿੱਚ ਢਾਲਣ ਲਈ ਵਰਤੇ ਜਾਂਦੇ ਚਿੰਨ੍ਹ
ਕਹਿੰਦੇ ਇਹਨੂੰ ਲਿਪੀ ਤੇ ਹਰ ਭਾਸ਼ਾ ਦੇ ਹੁੰਦੇ ਭਿੰਨ।
ਲਿਪੀ ਹੀ ਹੁੰਦੀ ਹੈ ਹਰ ਬੋਲੀ ਦਾ ਹਾਰ-ਸ਼ਿੰਗਾਰ
ਲਿਪੀ ਬਖਸ਼ੇ ਪਿਆਰ ਤੇ ਮਨੁੱਖੀ ਭਾਵਾਂ ਨੂੰ ਦਿੰਦੀ ਨਿਖਾਰ।।
ਸ਼ਾਰਦਾ ਤੇ ਟਾਕਰੀ ਲਿਪੀ ਹਨ ਮੇਰੇ ਪੁਰਖੇ ਲਾਣੇ
ਪੁਰਾਤਨ ਇਤਿਹਾਸ ਚ ਦਰਜ ਲੰਡੇ ਆਖ ਵਰਤਦੇ ਸੀ ਸਿਆਣੇ।
ਗੁਰੂ ਨਾਨਕ ਸਾਹਿਬ ਨੇ ਪੱਟੀ ਬਾਣੀ ਵਿੱਚ ਅੱਖਰ ਉਚਾਰੇ
ਗੁਰੂ ਅੰਗਦ ਦੇਵ ਜੀ ਨੇ ਮੇਰੇ ਅੱਖਰ ਸਭ ਸਵਾਰੇ।।
ਸਵਰ ਤੇ ਵਿਅੰਜਨਾਂ ਵਿੱਚ ਵੰਡਿਆ ਅੱਖਰੀ ਪਰਿਵਾਰ
ਵਿਗਿਆਨਿਕ ਭਾਸ਼ਾ ਆਖ ਪੰਜਾਬੀ ਨੂੰ ਮਿਲਿਆ ਸਤਿਕਾਰ।
ਪੰਜਾਬ,ਪੰਜਾਬੀ ਤੇ ਪੰਜਾਬੀਅਤ ਲਈ ਸੁਰਿੰਦਰ ਜਾਨ ਵਾਰਦਾ
ਮਾਂ ਬੋਲੀ ਦੇ ਪੁੱਤ ,ਲੇਖੇ ਲਾਇਆ ਜੀਵਨ,ਵੇਖੋ ਮੁੱਲ ਤਾਰਦਾ।।

**ਸੁਰਿੰਦਰਪਾਲ ਸਿੰਘ**
**ਸ੍ਰੀ ਅੰਮ੍ਰਿਤਸਰ ਸਾਹਿਬ।**

## ਹਨ੍ਹੇਰੇ ਖ਼ਿਲਾਫ਼ ਜਗਦਾ ਦੀਵਾ

ਜਿੱਥੇ ਜ਼ੁਲਮ ਨੇ ਪਾਈਆਂ ਸੀ ਅੰਨ੍ਹੀਆਂ ਰਾਤਾਂ,
ਉਥੇ ਦੀਵਾ ਬਣ ਕੇ ਤੂੰ ਜਗਿਆ ਸੀ।
ਲਾਵਾਰਿਸ ਕਹਿ ਕੇ ਜਿਹੜੇ ਫੂਕ ਦਿੱਤੇ,
ਤੂੰ ਉਹਨਾਂ ਦਰਦਾਂ ਦਾ ਵਾਰਿਸ ਬਣਿਆ ਸੀ।
ਖਾਲੜਾ ਪਿੰਡ ਦਾ ਉਹ ਸੂਰਮਾ ਯੋਧਾ,
ਹਿੱਕ ਤਣ ਕੇ ਜਬਰ ਦੇ ਮੂਹਰੇ ਖੜ੍ਹ ਗਿਆ।
ਸਰਕਾਰੀ ਤਸ਼ੱਦਦ ਵੀ ਜਿਹਨੂੰ ਝੁਕਾ ਨਾ ਸਕਿਆ,
ਉਹ ਹੱਕ-ਸੱਚ ਦੀ ਐਸੀ ਲੜਾਈ ਲੜ ਗਿਆ।
ਰਜਿਸਟਰਾਂ ਦੇ ਪੰਨਿਆਂ ਵਿੱਚੋਂ ਲੱਭ ਕੇ ਨਾਮ,
ਤੂੰ ਰੋਂਦੇ ਹੋਏ ਮਾਪਿਆਂ ਨੂੰ ਆਵਾਜ਼ ਦਿੱਤੀ।
ਜਿਹਨਾਂ ਦੇ ਪੁੱਤ ਪਾਣੀਆਂ ਵਿੱਚ ਗੁੰਮ ਹੋ ਗਏ,
ਤੂੰ ਉਹਨਾਂ ਬੇਜ਼ੁਬਾਨਾਂ ਨੂੰ ਇੱਕ ਪਰਵਾਜ਼ ਦਿੱਤੀ।
"ਜੇ ਸੂਰਜ ਡੁੱਬਣ ਲੱਗਾ ਹੈ ਤਾਂ ਕੀ ਹੋਇਆ,
ਇੱਕ ਦੀਵਾ ਤਾਂ ਹਨ੍ਹੇਰੇ ਖਿਲਾਫ਼ ਬਾਲਣਾ ਏ"
ਇਹ ਕਹਿ ਕੇ ਤੂੰ ਖ਼ੁਦ ਨੂੰ ਬਾਲ ਦਿੱਤਾ,
ਤੂੰ ਗੁੰਮਰਾਹਾਂ ਦੇ ਰਾਹ ਦਾ ਚਾਨਣਾ ਏ।
ਤੈਨੂੰ ਖ਼ਤਮ ਕਰਨ ਵਾਲੇ ਤਾਂ ਮਿੱਟੀ ਹੋ ਗਏ,
ਪਰ ਤੇਰਾ ਨਾਮ ਸਾਡੇ ਦਿਲਾਂ 'ਚ ਉਲੀਕ ਹੋ ਗਿਆ।
ਲਿਖੇ ਨਰਿੰਦਰ, ਜਸਵੰਤ ਸਿੰਘ ਖਾਲੜਾ ਸਦਾ ਅਮਰ ਰਹੂ,
ਜੋ ਮਨੁੱਖੀ ਹੱਕਾਂ ਲਈ ਜੂਝਦਾ-ਜੂਝਦਾ ਸ਼ਹੀਦ ਹੋ ਗਿਆ।

**-ਨਰਿੰਦਰ ਸਿੰਘ ਸੰਧੂ-**
**ਪਿੰਡ ਰਾਮਪੁਰਾ, ਜ਼ਿਲ੍ਹਾ ਬਠਿੰਡਾ**
ਮੋ: 98766-37839

## ਬੋਲੀਆਂ

ਅਸੀਂ ਯਾਰ ਨੂੰ ਪੈਸੇ ਦਿੱਤੇ ਨਾ ਉਧਾਰੇ
ਯਾਰੀ ਤੋੜ ਕੇ ਬਹਿ ਗਿਆ ਚੰਦਰਾ।
ਬਾਹਰ ਜਾ ਕੇ ਸੁੱਕਾ ਨ੍ਹੀ ਮੁੜਦਾ
ਬੰਦੇ ਦਾ ਬਾਹਰ ਜਾਣਾ ਔਖਾ ਹੋ ਗਿਆ।
ਕੋਈ ਕਿਸੇ ਤੇ ਯਕੀਨ ਨ੍ਹੀ ਕਰਦਾ
ਬੜਾ ਭੈੜਾ ਸਮਾਂ ਆ ਗਿਆ।
ਮਾਂ ਨੂੰ ਬਿਰਧ ਆਸ਼ਰਮ ਛੱਡ ਕੇ
ਪੁੱਤ-ਨੂੰਹ ਦੇ ਚਿਹਰੇ ਖਿੜ ਗਏ।
ਜਿਦ੍ਹੇ ਘਰ ਬੈਠੀ ਦੇ ਗੋਡੇ ਦੁੱਖਦੇ
ਉਹ ਡੇਰੇ ਜਾ ਕੇ ਸੇਵਾ ਕਰਦੀ।
ਚੁਗਲਖੋਰ ਉਸ ਨੂੰ ਜਿਉਣ ਨਾ ਦਿੰਦੇ
ਕੋਈ ਨਾਰੀ ਨਾ ਹੋਵੇ ਵਿਧਵਾ।
ਪੁੱਤ ਉਸ ਦਾ ਲੱਗੇ ਨਾ ਨਸ਼ਿਆਂ ਨੂੰ
ਮਾਂ ਰੱਬ ਅੱਗੇ ਅਰਦਾਸਾਂ ਕਰਦੀ।
ਕੋਈ ਚੱਜ ਦੀ ਗੱਲ ਲਿਖੀਂ @ਮਾਨਾ@
ਜੇ ਕਰ ਲਿਖਣ ਬੈਠਾਂ ਤੂੰ ਬੋਲੀਆਂ।

**ਮਹਿੰਦਰ ਸਿੰਘ ਮਾਨ**
**ਫੋਨ** 9915803554

## ਚੁੱਪ ਦਾ ਤਾਲਾ / ਗ਼ਜ਼ਲ

ਲਾ ਬੱਲ੍ਹਾਂ ਤੇ ਚੁੱਪ ਦਾ ਤਾਲਾ,
ਦੱਸ ਤੂੰ ਫੇਰੇਂ ਕਿਹੜੀ ਮਾਲਾ ?
ਕਰ ਦੇਵੇ ਬੰਦੇ ਨੂੰ ਰੋਗੀ,
ਜਾਂਦਾ ਜਾਂਦਾ ਚੰਦਰਾ ਪਾਲਾ।
ਉਹ ਹਰ ਇਕ ਤੋਂ ਅੱਖ ਬਚਾਵੇ,
ਕਰਦਾ ਹੈ ਜੋ ਘਾਲਾ ਮਾਲਾ।
ਉਸ ਦਾ ਕੋਈ ਯਾਰ ਨਾ ਹੁੰਦਾ,
ਜਿਹੜਾ ਹੋਵੇ ਦਿਲ ਦਾ ਕਾਲਾ।
ਇਸ ਦਾ ਪਾਣੀ ਬਹੁਤੇ ਗੰਦਾ,
ਕੋਈ ਸਾਫ ਨਾ ਕਰਦਾ ਨਾਲਾ।
ਉਸ ਤੀਵੀਂ ਨੇ ਖੁਸ਼ ਕੀ ਰਹਿਣਾ ?
ਨਸ਼ਈ ਹੈ ਜਿਸ ਦੇ ਘਰ ਵਾਲਾ।
ਹੋ ਜਾਵੇ ਹੰਕਾਰੀ ਇੱਥੇ,
ਬੰਦਾ ਬਹੁਤੇ ਪੈਸੇ ਵਾਲਾ।

**ਮਹਿੰਦਰ ਸਿੰਘ ਮਾਨ 9915803554**

## ਗ਼ਜ਼ਲ

ਸੋਚ-ਸੋਚ ਕੇ ਹੈਰਾਨੀਂ ਹੋਈ,
ਲਾਭ ਨਹੀਂ ਕੋਈ ਹਾਨੀਂ ਹੋਈ,
ਜਿਸ ਨੂੰ ਆਪਣੀਂ ਸਮਝਿਆ ਸੀ,
ਅੱਜ ਉਹ ਚੰਦਰੀ ਬੇਗਾਨੀਂ ਹੋਈ,
ਚਾਅ ਤੇ ਸਧਰਾਂ ਮਰ ਮੁੱਕ ਗਏ,
ਦਿਲ ਦੇ ਵਿਹੜੇ ਵੀਰਾਨੀਂ ਹੋਈ,
ਅਖੀ ?ਰ ਆਸ਼ਕ ਨੂੰ ਗ਼ਮ ਹੀ ਮਿਲ ?ਦੇ,
ਉਹ ਹੀ ਗੀਤ ਪੁਰਾਣੀਂ ਹੋਈ,
ਹੰਝੂਆਂ ਨਾਲ ? ਅੱਖਾਂ ਭਰ ਗਈਆਂ,
ਇਹ ਸਭ ਉਸਦੀ ਮਿਹਰਬਾਨੀਂ ਹੋਈ,
ਪਿਆਰ ਦੇ ਸੱਚੇ ਸੌਦੇ ਵਿੱਚ,
ਉਸਦੇ ਵੱਲੋਂ ਧੋਖਾ ਤੇ ਬੇਈਮਾਨੀਂ ਹੋਈ,
'ਦਿਲਸ਼ਾਨ' ਨੂੰ ਆਸ ਸੀ ਖੁ ?ਸ਼ੀਆਂ ਦੀ,
ਸਾਬਤ ਦਰਦ ਭਰੀ ਕਹਾਣੀਂ ਹੋਈ।

**ਦਿਲਸ਼ਾਨ, ਮੋਬਾਈਲ**- 9914304172

## ਸੋਹਣਾ ਫੁੱਲ ਗੁਲਾਬ ਦਾ

ਮੇਰੇ ਪੰਜਾਬ ਦੀ ਸੋਹਣੀ ਧਰਤੀ ਸੋਹਣੇ ਬੜੇ ਨੇ ਲੋਕ
ਮਿੱਠੀ ਪਿਆਰੀ ਬੋਲੀ ਸਭ ਦੀ ਚੰਗੀ ਬੜੀ ਹੈ ਸੋਚ,
ਭੋਲੇ ਭਾਲੇ ਚਿਹਰੇ ਹੱਸਦੇ ਪਿਆਰ ਭਰੇ
ਸਭ ਨੇ ਇੱਥੇ ਦਿਲ ਦੇ ਸਾਫ ਬੜੇ।
ਫ਼ਸਲਾਂ ਨਾਲ ਹਰੇ ਭਰੇ ਖੇਤ ਨੇ ਸਾਰੇ
ਰੁੱਖ ਨੇ ਲੱਗਦੇ ਬਹੁਤ ਪਿਆਰੇ
ਠੰਡੀ ਤਾਜੀ ਹਵਾ ਮਨ ਨੂੰ ਭਾਵੇਂ
ਜਿਉਂ ਕੁਦਰਤ ਕੋਈ ਗੀਤ ਸੁਣਾਵੇ
ਗੁਰੂਆਂ ਸੱਚ ਦਾ ਰਾਹ ਦਿਖਾਇਆ
ਸੇਵਾ,ਸਿਮਰਨ,ਮਿਹਨਤ ਕਰਨੀ ਸਾਨੂੰ ਸਿਖਾਇਆ,
ਰਲ ਮਿਲ ਰਹਿਣਾ ਇੱਥੇ ਸਭ ਨੂੰ ਆਵੇ
ਇਹੀ ਗੱਲ ਸਾਡੀ ਸ਼ਾਨ ਵਧਾਵੇ ।
ਮੈਨੂੰ ਪੰਜਾਬ ਦੀ ਧਰਤੀ ਨਾਲ ਬਹੁਤ ਪਿਆਰ
ਸਾਰੀ ਉਮਰ ਕਰਦਾ ਰਹਾਂਗਾ ਮਾਣ ਤੇ ਸਤਿਕਾਰ,
ਨਾ ਉਚਾ ਰਹੇ ਸਦਾ ਮੇਰੇ ਪੰਜਾਬ ਦਾ
ਇਹ ਹੈ ਖਿੜਿਆ ਸੋਹਣਾ ਫੁੱਲ ਗੁਲਾਬ ਦਾ
ਸੋਹਣਾ ਫੁੱਲ ਗੁਲਾਬ ਦਾ
ਸੋਹਣਾ ਫੁੱਲ ਗੁਲਾਬ ਦਾ,,,,,,

**ਬਲਤੇਜ ਸੰਧੂ**
9465818158

# Preetnama

# ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 361

Website: www.preetnama.com Email preetnamausa@gmail.com

10 JULY TO 16 JULY, 2026



